ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 109| 7 to 13 Feb., 2024 | Ph.: (510) 240-5949 | Email: asrtimes@gmail.com

### ਕੈਨੇਡਾ ’ਚ ਵਿਦੇਸ਼ੀਆਂ ਦਾ ਘਰ ਖ਼ਰੀਦਣ ਦਾ ਸੁਫ਼ਨਾ ਨਹੀਂ ਹੋਵੇਗਾ ਪੂਰਾ

# ਸਰਕਾਰ ਨੇ ਵਿਦੇਸ਼ੀਆਂ ਦੇ ਘਰ ਖ਼ਰੀਦਣ ’ਤੇ ਪਾਬੰਦੀ ਦੋ ਸਾਲ ਹੋਰ ਵਧਾਈ

## ਘਰ ਲੋਕਾਂ ਲਈ ਹੁੰਦੇ ਹਨ, ਮੁਨਾਫ਼ਾਖ਼ੋਰਾਂ ਲਈ ਨਹੀਂ : ਕੈਨੇਡਾ ਸਰਕਾਰ

ਸਰੀ/ਏ.ਟੀ.ਨਿਊਜ਼ : ਕੈਨੇਡਾ ਵਿੱਚ ਘਰ ਖਰੀਦਣ ਦਾ ਸੁਫ਼ਨਾ ਦੇਖ ਰਹੇ ਵਿਦੇਸ਼ੀਆਂ ਨੂੰ ਝਟਕਾ ਲੱਗਾ ਹੈ। ਟਰੂਡੋ ਸਰਕਾਰ ਦੇ ਨਵੇਂ ਐਲਾਨ ਨੇ ਇਨ੍ਹਾਂ ਵਿਦੇਸ਼ੀਆਂ ਦੇ ਸੁਫ਼ਨੇ ’ਤੇ ਪਾਣੀ ਫੇਰ ਦਿੱਤਾ ਹੈ। ਕੈਨੇਡਾ ਨੇ ਕੈਨੇਡੀਅਨ ਹਾਊਸਿੰਗ ਦੀ ਵਿਦੇਸ਼ੀ ਮਾਲਕੀ ’ਤੇ ਪਾਬੰਦੀ ਨੂੰ ਦੋ ਸਾਲ ਲਈ ਵਧਾ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਦਾ ਮਕਸਦ ਕੈਨੇਡੀਅਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨਾ ਹੈ। ਲਗਾਤਾਰ ਵੱਧ ਰਹੀਆਂ ਕੀਮਤਾਂ ਕਾਰਨ ਇੱਥੋਂ ਦੇ ਨਾਗਰਿਕ ਮਕਾਨ ਬਣਾਉਣ ਦੇ ਸਮਰੱਥ ਨਹੀਂ ਹਨ।

ਕੈਨੇਡਾ ਵਿੱਚ ਰਿਹਾਇਸ਼ ਦੀ ਸਮੱਸਿਆ ਲਗਾਤਾਰ ਵਧਦੀ ਜਾ ਰਹੀ ਹੈ। ਇਸ ਲਈ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇਸ ਕਾਰਨ ਮਕਾਨਾਂ ਦੀ ਮੰਗ ਵਧ ਗਈ ਹੈ, ਜਦੋਂ ਕਿ ਮਹਿੰਗਾਈ ਵਧਣ ਕਾਰਨ ਉਸਾਰੀ ਦਾ ਕੰਮ ਹੌਲੀ ਹੋ ਗਿਆ ਹੈ। ਕੈਨੇਡੀਅਨ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਇੱਕ ਬਿਆਨ ਵਿੱਚ ਕਿਹਾ ਕਿ ਕੈਨੇਡੀਅਨਾਂ ਲਈ ਕਿਫਾਇਤੀ ਰਿਹਾਇਸ਼ ਮੁਹੱਈਆ ਕਰਵਾਉਣ ਲਈ ਸਾਰੇ ਯਤਨ ਕੀਤੇ ਜਾ ਰਹੇ ਹਨ। ਇਸ ਤਹਿਤ ਵਿਦੇਸ਼ੀਆਂ ’ਤੇ ਘਰ ਖਰੀਦਣ ’ਤੇ ਪਾਬੰਦੀ ਦੋ ਸਾਲ ਲਈ ਵਧਾ ਦਿੱਤੀ ਗਈ ਹੈ। ਪਹਿਲਾਂ ਇਹ



1 ਜਨਵਰੀ, 2025 ਨੂੰ ਖਤਮ ਹੋ ਰਿਹਾ ਸੀ, ਹੁਣ ਇਸਦੀ ਆਖਰੀ ਮਿਤੀ 1 ਜਨਵਰੀ, 2027 ਹੋਵੇਗੀ।

ਦੱਸ ਦਈਏ ਕਿ ਟਰੂਡੋ ਸਰਕਾਰ ਨੇ ਸਾਲ 2023 ’ਚ ਹੀ ਵਿਦੇਸ਼ੀਆਂ ’ਤੇ ਦੇਸ਼ ’ਚ ਜਾਇਦਾਦ ਖਰੀਦਣ ’ਤੇ ਪਾਬੰਦੀ ਲਗਾ ਦਿੱਤੀ ਸੀ। ਉਸ ਸਮੇਂ ਕਿਹਾ ਗਿਆ ਸੀ ਕਿ ਕੈਨੇਡਾ ਵਿੱਚ ਵਿਦੇਸ਼ੀਆਂ ਵੱਲੋਂ ਲਗਾਤਾਰ ਨਿਵੇਸ਼ ਕੀਤੇ ਜਾਣ ਕਾਰਨ ਕੀਮਤਾਂ ਅਸਮਾਨ ਨੂੰ ਛੂਹਣ ਲੱਗੀਆਂ ਹਨ। ਇਸ ਕਾਰਨ ਕੈਨੇਡੀਅਨ ਪ੍ਰਾਪਰਟੀ ਨਹੀਂ ਖਰੀਦ ਪਾ ਰਹੇ ਹਨ।

**ਪ੍ਰਧਾਨ ਮੰਤਰੀ ਟਰੂਡੋ ਨੇ ਚੋਣਾਂ ਦੌਰਾਨ ਕੀਤਾ ਸੀ ਵਾਅਦਾ**

ਤੁਹਾਨੂੰ ਦੱਸ ਦੇਈਏ ਕਿ ਕੈਨੇਡਾ ’ਚ ਘਰ ਦੀ ਕੀਮਤ ਵੱਡਾ ਮੁੱਦਾ ਹੈ। ਇਸ ਕਾਰਨ ਸਥਾਨਕ ਲੋਕ ਆਪਣੀਆਂ ਜਾਇਦਾਦਾਂ ਨਹੀਂ ਖਰੀਦ ਪਾ ਰਹੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2021 ਦੀਆਂ ਚੋਣਾਂ ਵਿੱਚ ਵਾਅਦਾ ਕੀਤਾ ਸੀ ਕਿ ਉਹ ਚੋਣਾਂ ਜਿੱਤਣ ਤੋਂ ਬਾਅਦ ਘਰ ਖਰੀਦਣ ਵਾਲੇ ਵਿਦੇਸ਼ੀਆਂ ’ਤੇ ਅਸਥਾਈ ਤੌਰ ’ਤੇ ਦੋ ਸਾਲ ਦੀ ਪਾਬੰਦੀ ਲਗਾਉਣਗੇ। ਚੋਣ ਪ੍ਰਚਾਰ ਦੌਰਾਨ ਟਰੂਡੋ ਦੀ ਲਿਬਰਲ ਪਾਰਟੀ ਨੇ ਇਹ ਵੀ ਕਿਹਾ ਸੀ ਕਿ ਉਨ੍ਹਾਂ ਦੇ ਦੇਸ਼ ਵਿੱਚ ਘਰਾਂ ਦੀ ਬਹੁਤ ਜ਼ਿਆਦਾ ਮੰਗ ਹੈ। ਇਸ ਨਾਲ ਮੁਨਾਫਾਖੋਰਾਂ ਅਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਵੱਡਾ ਲਾਭ ਹੋਇਆ ਹੈ। ਅੱਜਕੱਲ੍ਹ ਘਰਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਪੈਸਿਆਂ ਕਾਰਨ ਜ਼ਿਆਦਾਤਰ ਘਰ ਖਾਲੀ ਪਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਘਰ ਲੋਕਾਂ ਲਈ ਹੁੰਦੇ ਹਨ, ਮੁਨਾਫਾਖੋਰਾਂ ਲਈ ਨਹੀਂ।

ਕੈਨੇਡਾ ਵਿੱਚ ਘਰ ਖਰੀਦਣ ਦਾ ਨਿਯਮ ਲਾਗੂ ਕਰਨ ਤੋਂ ਬਾਅਦ ਨਵੀਂ ਨੀਤੀ ਦਾ ਅਸਰ ਨਜ਼ਰ ਆਉਣ ਲੱਗਾ ਹੈ। ਕਈ ਘਰਾਂ ਦੀਆਂ ਕੀਮਤਾਂ ਜ਼ਮੀਨੀ ਪੱਧਰ ਤੱਕ ਡਿੱਗ ਗਈਆਂ ਹਨ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਨੇ ਦੱਸਿਆ ਕਿ ਜਿਨ੍ਹਾਂ ਘਰਾਂ ਦੀ ਕੀਮਤ 2022 ਦੀ ਸ਼ੁਰੂਆਤ ਵਿੱਚ 5.9 ਲੱਖ ਅਮਰੀਕੀ ਡਾਲਰ ਤੋਂ ਵੱਧ ਸੀ, ਉਨ੍ਹਾਂ ਦੀ ਕੀਮਤ ਪਿਛਲੇ ਮਹੀਨੇ ਘਟ ਕੇ 4.65 ਲੱਖ ਅਮਰੀਕੀ ਡਾਲਰ ਰਹਿ ਗਈ।

## ਵੱਡੀ ਗਿਣਤੀ ’ਚ ਪ੍ਰਵਾਸੀ ਛੱਡ ਰਹੇ ਹਨ ਕੈਨੇਡਾ

**ਕੈਨੇਡਾ ਪਹੁੰਚਣ ਦੇ 3 ਤੋਂ 7 ਸਾਲਾਂ ਦੇ ਵਿਚਕਾਰ ਦੇਸ਼ ਛੱਡਣ ਦੀ ਸੰਭਾਵਨਾ ਵੱਧ**




ਟੋਰੰਟੋ/ਏ.ਟੀ.ਨਿਊਜ਼ : ਇੱਕ ਪਾਸੇ ਭਾਰਤ ਤੋਂ ਕੈਨੇਡਾ ’ਚ ਪ੍ਰਵਾਸੀਆਂ ਦੀ ਆਮਦ ’ਚ ਭਾਰੀ ਵਾਧਾ ਹੋਇਆ ਹੈ, ਉਥੇ ਹੀ ਹਾਲ ਹੀ ’ਚ ਬਹੁਤ ਸਾਰੇ ਭਾਰਤੀ ਆਪਣੇ ਵਤਨ ਪਰਤਣ ਜਾਂ ਦੂਜੇ ਦੇਸ਼ਾਂ ’ਚ ਜਾਣ ਦੀ ਚੋਣ ਕਰ ਰਹੇ ਹਨ। ਪੰਜਾਬ ਅਤੇ ਭਾਰਤ ਦੇ ਹੋਰ ਦੇਸ਼ਾਂ ’ਚ ਵੀ ਕੈਨੇਡਾ ਦਾ ਆਕਰਸ਼ਣ ਦੇਖਦੇ ਹੋਏ ਕੁੱਝ ਲੋਕਾਂ ਨੂੰ ਇਹ ਅਵਿਸ਼ਵਾਸ਼ਯੋਗ ਲੱਗ ਸਕਦਾ ਹੈ ਕਿ ਕੈਨੇਡਾ ਵਿੱਚ ਆਉਣ ਵਾਲਾ ਹਰ ਕੋਈ ਇੱਥੇ ਰਹਿਣ ਦੀ ਚੋਣ ਨਹੀਂ ਕਰਦਾ। ਅਸਲ ’ਚ ਸਟੈਟਿਕਸ ਕੈਨੇਡਾ ਦੇ ਇੱਕ ਨਵੇਂ ਅਧਿਐਨ ਅਨੁਸਾਰ, 1982 ਅਤੇ 2017 ਦੌਰਾਨ ਕੈਨੇਡਾ ਪਹੁੰਚੇ ਲਗਭਗ 17.5 ਫੀਸਦੀ ਪ੍ਰਵਾਸੀ, ਉਥੇ ਜਾਣ ਦੇ 20 ਸਾਲਾਂ ਦੇ ਅੰਦਰ ਦੇਸ਼ ਛੱਡ ਗਏ। ਅਧਿਐਨ ਵਿੱਚ ਪਾਇਆ ਗਿਆ ਹੈ ਕਿ ਪੁਰਾਣੇ ਸਮੂਹਾਂ ਦੇ ਪ੍ਰਵਾਸੀਆਂ ਨਾਲੋਂ ਹਾਲ ਹੀ ਦੇ ਪ੍ਰਵਾਸੀਆਂ ਵਿੱਚ ਪ੍ਰਵਾਸ ਕਰਨ ਦੀ ਜ਼ਿਆਦਾ ਸੰਭਾਵਨਾ ਹੈ।

ਅਧਿਐਨ ਵਿੱਚ ਕਿਹਾ ਗਿਆ ਹੈ ਕਿ ਪਹੁੰਚਣ ਦੇ 3 ਤੋਂ 7 ਸਾਲਾਂ ਦੇ ਵਿਚਕਾਰ ਕੈਨੇਡਾ ਛੱਡਣ ਦੀ ਸੰਭਾਵਨਾ ਜ਼ਿਆਦਾ ਸੀ। ਸਟੈਟਿਕਸ ਦੀ ਰਿਪੋਰਟ ਕਹਿੰਦੀ ਹੈ ਕਿ ਇਹ ਮਿਆਦ ਉਸ ਸਮੇਂ ਨੂੰ ਦਰਸਾ ਸਕਦੀ ਹੈ ਜੋ ਪ੍ਰਵਾਸੀ ਰੁਜ਼ਗਾਰ ਦੀ ਭਾਲ, ਰਹਿਣ ਲਈ ਜਗ੍ਹਾ ਲੱਭਣ ਅਤੇ ਕੈਨੇਡਾ ਵਿੱਚ ਜੀਵਨ ਦੇ (**ਬਾਕੀ ਸਫ਼ਾ 30 ’ਤੇ**)

# ਆਪਣੇ ਅਧਿਕਾਰਾਂ ਲਈ ਚੁੱਪ ਕਿਉਂ ਹੋ ਗਿਆ ਹੈ ਪੰਜਾਬ ?

## 1973 ’ਚ ਆਨੰਦਪੁਰ ਮਤੇ ਰਾਹੀਂ ਪੰਜਾਬ ਨੇ ਹੀ ਸ਼ੁਰੂ ਕੀਤੀ ਸੀ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ

ਪਟਿਆਲਾ/ਏ.ਟੀ.ਨਿਊਜ਼ :ਕਰਨਾਟਕ ਦੇ ਸਾਰੇ ਮੰਤਰੀ, ਵਿਧਾਇਕ ਦਿੱਲੀ ਦੇ ਜੰਤਰ ਮੰਤਰ ਵਿੱਚ ਰਾਜਾਂ ਦੇ ਵੱਧ ਅਧਿਕਾਰਾਂ ਦੇ ਮਸਲੇ ’ਤੇ ਰੋਸ ਕਰਨ ਦੇ ਲਈ ਪਹੁੰਚ ਗਏ ਹਨ। ‘ਕੇਂਦਰੀ ਲੀਡਰਸ਼ਿਪ ਵਿਰੁੱਧ ਚੱਲੋ ਦਿੱਲੀ’ ਦਾ ਸੱਦਾ ਦਿੱਤਾ ਗਿਆ ਸੀ, ਗੱਲ ਦੀ ਡੂੰਘਾਈ ਵੱਲ ਚੱਲੀਏ ਤਾਂ ਸਵਾਲ ਇਹ ਉੱਠਦਾ ਹੈ ਕਿ ਸਿੱਧਰਮੈਆਂ ਦੀ ਅਗਵਾਈ ਵਾਲੀ ਸਰਕਾਰ ਵਿਰੋਧ ਕਿਉਂ ਕਰ ਰਹੀ ਹੈ ? ਉਹ ਕਹਿ ਰਹੇ ਨੇ ਕਿ ਕੇਂਦਰ ਸਰਕਾਰ ਨੇ ਸਾਡੇ ਨਾਲ ਹਰ ਖਿੱਤੇ ਵਿੱਚ ਵਿਤਕਰਾ ਕੀਤਾ ਹੈ। ਟੈਕਸ ਵਿੱਚ ਕਮੀ, ਵਾਤਾਵਰਣ ਨਾਲ ਸਬੰਧਿਤ, ਜੀ.ਐਸ.ਟੀ. ਦੀਆਂ ਮੁਸ਼ਕਿਲਾਂ, ਟੈਕਸ ਅਤੇ ਸੋਕੇ ਨਾਲ ਸਬੰਧਿਤ ਕਈ ਤਰਾਂ ਦੀਆਂ ਸਮੱਸਿਆਵਾਂ ਹਨ। ਸਿੱਧਰਮੈਆਂ ਨੇ ਕੇਂਦਰ ਸਰਕਾਰ ਤੇ ਆਰਥਿਕ ਅਸਮਾਨਤਾਵਾਂ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਉਹਨਾਂ ਦੀ ਸਰਕਾਰ ਸਾਡੇ ਲਈ ਟੈਕਸ ਵੰਡ ਅਤੇ ਗਰਾਂਟਾਂ ਦੇ ਅਨੁਚਿਤ ਵਿਵਹਾਰ ਦੇ ਵਿਰੁੱਧ ਹੈ। ਕੁਝ ਇਸ ਤਰਾਂ ਦਾ ਹੀ ਦ੍ਰਿਸ਼ 1973 ਦੇ ਵਿੱਚ ਆਨੰਦਪੁਰ ਸਾਹਿਬ ਦੇ ਮਤੇ ਸਮੇਂ ਸਿਰਜਿਆ ਗਿਆ ਸੀ, ਅਕਾਲੀ ਦਲ ਨੇ ਉਸ ਸਮੇਂ ਸਟੈਂਡ ਲਿਆ ਸੀ ਕਿ ਰਾਜਾਂ ਨੂੰ ਵੱਧ ਵਿੱਤੀ ਅਧਿਕਾਰ ਦਿੱਤੇ ਜਾਣ। ਬਦਲੇ ਵਿੱਚ ਅਸੀਂ ਪੰਦਰਾਂ ਸਾਲ ਦਾ ਕਾਲਾ ਦੌਰ ਭੁਗਤਿਆ। ਸਾਨੂੰ ਧੱਕੇ ਨਾਲ ਹੀ ਅੱਤਵਾਦੀ ਤੇ ਵੱਖਵਾਦੀਆਂ ਦੇ ਟਿੱਕੇ ਲਗਾਏ ਗਏ। ਤੁਹਾਨੂੰ ਯਾਦ ਹੋਣੈ ਕਿ ਸਾਲ 2009 ਦੇ ਵਿੱਚ ਵੀ ਰਾਜਾਂ ਕੋਲ ਵੱਧ ਵਿੱਤੀ ਅਧਿਕਾਰ ਦਾ ਮਸਲਾ ਉਠਿਆ ਸੀ, ਉਸ ਸਮੇਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਅਤੇ ਉਹਨਾਂ ਨੇ ਵੀ ਇਹ ਮੰਗ ਦੀ ਹਾਮੀ ਭਰੀ ਸੀ। ਪੰਜਾਬ ਦੇ ਵਿੱਚ ਜਦੋਂ ਵੀ ਇਹ ਗੱਲ ਉਠਦੀ ਰਹੀ, ਪ੍ਰਕਾਸ਼ ਸਿੰਘ ਬਾਦਲ ਇਹੀ ਕਹਿੰਦੇ ਰਹੇ ਕਿ ਹੋਰ ਰਾਜ ਵੀ ਏਸ ਤਰਾਂ ਦੀ ਮੰਗ ਕਰਨ, ਸਾਡੇ ਇਕੱਲਿਆਂ ਦੇ ਕਹਿਣ ਤੇ ਕੁਝ ਨਹੀਂ ਬਣਨਾ।



ਪਰ ਹੁਣ ਤਾਂ ਕਰਨਾਟਕ ਸਾਡੇ ਪੰਜਾਬ ਦੀਆਂ ਬਰੂਹਾਂ ’ਤੇ ਭਾਵ ਜੰਤਰ ਮੰਤਰ ’ਤੇ ਆ ਬੈਠਾ ਹੈ। ਪੰਜਾਬ ਦੇ ਲੀਡਰਾਂ ਨੂੰ ਬਹੁਤਿਆਂ ਨੂੰ ਪਤਾ ਵੀ ਨਹੀਂ ਹੋਣਾ ਕਿ ਕਰਨਾਟਕ ਜੰਤਰ ਮੰਤਰ ਕਿਉਂ ਆਇਐ ? ਪਰ ਇਹਨਾਂ ਨੂੰ ਕਰਨਾਟਕ ਵਾਲਿਆਂ ਤੋਂ ਪਹਿਲਾਂ ਜੰਤਰ ਮੰਤਰ ਦੇ ਵਿੱਚ ਹੋਣਾ ਚਾਹੀਦਾ ਸੀ। ਇਹ ਮੌਕਾ ਹੈ, ਕਰਨਾਟਕ ਵਾਲਿਆਂ ਨਾਲ ਸਾਡੇ ਲੀਡਰ ਬੈਠਣ। ਉਮੀਦ ਕਰਾਂਗੇ ਕਿ ਪੰਜਾਬ ਦੇ ਲੀਡਰ ਅੱਗੇ ਵੱਧਣਗੇ। ਪੰਜਾਬ ਦੇ ਨੇਤਾ ਕਹਿੰਦੇ ਨੇ ਕਿ ਅਸੀਂ ਪੰਜਾਬ ਦੇ ਲਈ ਲੜ ਰਹੇ ਹਾਂ, ਲੜੋਗੇ ਤਾਂ ਹੀ ਮੀਡੀਆ ਦਿਖਾਏਗਾ। ਤੁਸੀਂ ਤਾਂ ਲੜਨਾ ਹੀ ਭੁੱਲ ਗਏ ਹੋ। ਪੰਜਾਬ ਦੀ ਲੜਾਈ ਇੱਕ ਬੰਦੇ ਦੀ ਲੜਾਈ ਨਹੀਂ। ਪੰਜਾਬ ਦੇ ਨੇਤਾਵਾਂ ਨੂੰ ਅਸੀ ਕਹਾਂਗੇ ਕਿ ਲੜਾਈ ਲੜਨੀ ਭੁੱਲ ਗਏ ਹੋ ਜਾਂ ਤੁਹਾਡੀਆਂ ਗਰਜ਼ਾਂ ਜਿਆਦਾ ਨੇ ? ਕਿਧਰੇ ਤੁਹਾਨੂੰ ਏਜੰਸੀਆਂ ਦਾ ਡਰ ਤਾਂ ਨਹੀਂ ? ਐਸ.ਵਾਈ.ਐਲ. ਦੇ ਮੁੱਦੇ ’ਤੇ ਸਾਡਾ ਇਕੱਲਾ ਇਕੱਲਾ ਨੇਤਾ ਬਿਆਨ ਦਿੰਦੈ ਪਰ ਏਸ ਮਸਲੇ ਤੇ ਇਕੱਠੇ ਕਦੇ ਵੀ ਨਹੀਂ ਹੁੰਦੇ। ਕਿਉਂ ਨਹੀਂ ਦਿੱਲੀ ਜਾ ਕੇ ਇਸ ਮਸਲੇ ’ਤੇ ਲੜਦੇ। ਇੱਕ ਗੱਲ ਹੋਰ, ਤੇਲੰਗਾਨਾ, ਝਾਰਖੰਡ ਆਦਿ ਨਵੇਂ ਰਾਜ ਬਣੇ ਨੇ, ਉਹਨਾਂ ਸਭ ਨੂੰ ਰਾਜਧਾਨੀ ਮਿਲੀ ਹੈ, ਪੰਜਾਬ ਨੂੰ ਕਿਉਂ ਨਹੀਂ ਰਾਜਧਾਨੀ ਮਿਲੀ। ਪੰਜਾਬ ਨੇ ਸਭ ਤੋਂ ਵੱਧ ਕਸ਼ਟ ਭੋਗੇ ਨੇ। ਆਜ਼ਾਦੀ ਸਮੇਂ ਦੋ ਹਿੱਸਿਆ ਵਿੱਚ ਵੰਡਿਆ ਗਿਆ, ਫਿਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਸਵਾਲ ਹੈ ਨੇਤਾਵਾਂ ਨੂੰ ਤੁਸੀਂ ਰਾਜਧਾਨੀ ਦੇ ਮਸਲੇ ਤੇ ਇੱਕਮੁੱਠ ਕਿਉਂ ਨਹੀਂ ਹੁੰਦੇ। ਕੀ ਪਰਿਵਾਰਾਂ ਲਈ ਸਿਆਸਤ ਕਰਦੇ ਹੋ ? ਜਾਂ ਜੇਲ੍ਹਾਂ ਤੋਂ ਡਰਦੇ ਹੋ ? ਤੁਸੀਂ ਆਪ ਚੁਣਿਐ ਕਿ ਅਸੀਂ ਲੋਕਾਂ ਦੀ ਸੇਵਾ ਕਰਨੀ ਹੈ, ਫ਼ਿਰ ਜੇ ਸੇਵਾ ਲਈ ਤੁਹਾਨੂੰ ਜੇਲ੍ਹਾਂ ਦੇ ਵਿੱਚ ਜਾਣਾ ਪਵੇ ਤਾਂ ਕਿਉਂ ਹਿਚਕਚਾਉਂਦੇ ਹੋ ? ਪੰਜਾਬ ਦੇ ਨੇਤਾਵਾਂ ਨੂੰ ਸਵਾਲ ਹੈ ਕਿ ਤੁਸੀਂ ਲੜਾਈ ਲੜਦੇ ਹੋ ਤਾਂ ਜਿੱਤਦੇ ਕਿਉਂ ਨਹੀਂ ? ਕੀ ਤੁਸੀਂ ਲੜਾਈ ਹਾਰਨ ਲਈ ਲੜਦੇ ਹੋ ? ਪੰਜਾਬ ਦੇ ਨੇਤਾਵਾਂ ਦੇ ਕੋਲ ਬਹੁਤ ਮੌਕੇ ਆਏ ਸਨ, ਪਰ ਅਸਲ ਦੇ ਵਿੱਚ ਹੱਲ ਕਰਵਾਉਣ ਦੀ ਨੀਯਤ ਹੀ ਨਹੀਂ ਸੀ। ਦੁੱਖ ਹੁੰਦੈ ਸਮੇਤ ਚੰਨੀ ਸਰਕਾਰ ਦੇ, ਇਹ ਚੌਥੀ ਸਰਕਾਰ ਹੈ ਪਰ ਬਹਿਬਲ ਕਲਾਂ ਵਾਲੀ ਘਟਨਾਂ ਬਾਰੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਨ ਵਿੱਚ ਅਸਫ਼ਲ ਨੇ। ਬੇਬੱਸ ਨੇ ਸਰਕਾਰਾਂ ਆਪਣੇ ਨਿੱਜੀ ਮੁਫ਼ਾਦਾਂ ਪਿੱਛੇ।

# ਭਾਈ ਨਿੱਝਰ ਦੇ ਕਰੀਬੀ ਦੋਸਤ ਸਿਮਰਨਜੀਤ ਸਿੰਘ ਦੇ ਘਰ ’ਤੇ ਕੀਤੀ ਗਈ ਗੋਲੀਬਾਰੀ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-ਵਿਦੇਸ਼ਾਂ ਅੰਦਰ ਹੋ ਰਹੇ ਸਿੱਖਾਂ ਦੇ ਕਤਲਾਂ ਦੇ ਮਾਮਲੇ ਵਿੱਚ ਹਿੰਦੁਸਤਾਨ ਹੋਣ ਦੇ ਦੋਸ਼ਾਂ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ’ਚ 18 ਜੂਨ ਨੂੰ ਕਤਲ ਕੀਤੇ ਗਏ ਖ਼ਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਇੱਕ ਕਰੀਬੀ ਸਾਥੀ ਸਿਮਰਨਜੀਤ ਸਿੰਘ ਦੇ ਘਰ ’ਤੇ ਕਈ ਰਾਊਂਡ ਗੋਲੀਆਂ ਚਲਾਈਆਂ ਗਈਆਂ ਹਨ। ਘਟਨਾ ਵੀਰਵਾਰ ਤੜਕੇ ਵਾਪਰੀ। ਗਵਾਹਾਂ ਨੇ ਦੱਸਿਆ ਕਿ ਘਰ ਦੇ ਨਾਲ-ਨਾਲ ਘਰ ਵਿੱਚ ਖੜ੍ਹੀ ਇੱਕ ਕਾਰ ਨੂੰ ਵੀ ਗੋਲੀਆਂ ਲੱਗੀਆਂ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਸਰੀ ਡਿਟੈਚਮੈਂਟ ਨੇ ਦੱਖਣੀ ਸਰੀ ਵਿੱਚ ਇੱਕ ਰਿਹਾਇਸ਼ ’ਤੇ ਗੋਲੀਬਾਰੀ ਦੀ ਪੁਸ਼ਟੀ ਕੀਤੀ ਹੈ। ਸਰੀ ਆਰ.ਸੀ.ਐਮ.ਪੀ. ਨੇ ਕਿਹਾ ਕਿ 1 ਫਰਵਰੀ ਨੂੰ, ਲਗਭਗ ਰਾਤ ਦੇ 1:21 ਵਜੇ, ਉਸਨੂੰ ਇੱਕ ਰਿਹਾਇਸ਼ ’ਤੇ ਗੋਲੀ ਚੱਲਣ ਦੀ ਰਿਪੋਰਟ ਮਿਲੀ ਅਤੇ ਫਰੰਟਲਾਈਨ ਅਧਿਕਾਰੀ ਘਟਨਾ ਸਥਲ ’ਤੇ ਗਏ ਅਤੇ ਗੋਲੀਬਾਰੀ ਨਾਲ ਸਬੰਧਿਤ ਸਬੂਤ ਲੱਭੇ। ਆਰ.ਸੀ.ਐਮ.ਪੀ. ਦਾ ਮੇਜਰ ਕ੍ਰਾਈਮ ਸੈਕਸ਼ਨ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਇੱਕ ਅਲੱਗ ਤਰ੍ਹਾਂ ਦੀ ਘਟਨਾ ਹੈ, ਅਸੀਂ ਘਟਨਾ ਦੇ ਉਦੇਸ਼ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਾਂ। ਖ਼ਾਲਿਸਤਾਨ ਸਮਰਥਕ ਸਮੂਹ ਪਹਿਲਾਂ ਹੀ ਦੋਸ਼ ਲਗਾ ਰਹੇ ਹਨ ਕਿ ਹਮਲੇ ਪਿੱਛੇ ਹਿੰਦੁਸਤਾਨ ਦਾ ਹੱਥ ਸੀ ਕਿਉਂਕਿ ਸਿਮਰਨਜੀਤ ਸਿੰਘ ਨੇ 26 ਜਨਵਰੀ ਨੂੰ ਵੈਨਕੂਵਰ ਵਿੱਚ ਹਿੰਦੁਸਤਾਨੀ ਕੌਂਸਲੇਟ ਦੇ ਬਾਹਰ ਇੱਕ ਵਿਰੋਧ ਪ੍ਰਦਰਸ਼ਨ ਕਰਨ ਵਿੱਚ ਮਦਦ ਕੀਤੀ ਸੀ।



ਵੱਖ- ਵੱਖ ਦੇਸ਼ਾਂ ਅੰਦਰ ਰਹਿ ਰਹੇ ਆਜ਼ਾਦੀ ਪਸੰਦ ਸਿੱਖਾਂ ਨੇ ਮਾਮਲੇ ਦੀ ਕੜੀ ਨਿੰਦਾ ਕਰਦਿਆਂ ਕੈਨੇਡਾ ਸਰਕਾਰ ਨੂੰ ਇਸ ਦੀ ਬਰੀਕੀ ਨਾਲ ਜਾਂਚ ਕਰਨ ਦੀ ਅਪੀਲ ਕੀਤੀ ਹੈ ।

ਜ਼ਿਕਰਯੋਗ ਹੈ ਕਿ ਬੀਤੇ ਦੋ ਤਿੰਨ ਦਿਨ ਪਹਿਲਾਂ ਯੂਕੇ ਦੇ ਐਮਪੀਜ ਨੇ ਵੀ ਬ੍ਰਿਟਿਸ਼ ਸੁਰੱਖਿਆ ਮੰਤਰੀ ਨਾਲ ਕੁਝ ਬ੍ਰਿਟਿਸ਼ ਸਿੱਖਾਂ ਦੀ ਜਾਣ ਨੂੰ ਖਤਰਾ ਹੋਣ ਕਰਕੇ ਉਸ ਨਾਲ ਮੁਲਾਕਾਤ ਕਰਕੇ ਸਿੱਖਾਂ ਦੀ ਸੁਰੱਖਿਆ ਲਈ ਗੰਭੀਰਤਾ ਨਾਲ ਕਦਮ ਚੁੱਕਣ ਲਈ ਕਿਹਾ ਹੈ।

### ਬਾਈਡੇਨ ਅਤੇ ਮਸਕ ਨੂੰ ਮਾਰਨ ਦੀ ਧਮਕੀ ਦੇਣ ਦਾ ਮਾਮਲਾ

## ਟੇਸਲਾ ਦਾ ਇੱਕ ਕਰਮਚਾਰੀ ਟੈਕਸਾਸ ਵਿੱਚ ਗ੍ਰਿਫ਼ਤਾਰ

ਸਾਨ ਫ੍ਰਾਂਸਿਸਕੋ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਤਕਨੀਕੀ ਅਰਬਪਤੀ ਐਲਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਟੇਸਲਾ ਦੇ ਇੱਕ ਕਰਮਚਾਰੀ ਨੂੰ ਟੈਕਸਾਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ 31 ਸਾਲਾ ਜਸਟਿਨ ਮੈਕਕੌਲੀ ਨੇ ਇਹ ਧਮਕੀ ਬੀਤੇ ਦਿਨੀਂ ਐਕਸ ਪੋਸਟ ਵਿੱਚ ਦਿੱਤੀ, ਜਿਸ ਵਿੱਚ ਲਿਖਿਆ ਗਿਆ ਸੀ, ਬਾਈਡੇਨ, ਮਸਕ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹਾਂ। ਮੈਕਕੌਲੀ ਨੇ ਇੱਕ ਹੋਰ ਪੋਸਟ ਵਿੱਚ ਲਿਖਿਆ, ‘ਮੈਂ ਟੈਕਸਾਸ ਪਹੁੰਚਾਂਗਾ, ਜਿੱਥੇ ਕਈ ਮੋਰਚਿਆਂ ’ਤੇ ਜੰਗ ਸ਼ੁਰੂ ਹੋ ਚੁੱਕੀ ਹੈ।’

**ਮੁਲਜ਼ਮ ਦੀ ਪਤਨੀ ਨੇ ਪੁਲਿਸ ਨਾਲ ਕੀਤਾ ਸੰਪਰਕ**

ਦੋਸ਼ਾਂ ਅਨੁਸਾਰ ਮੈਕਕੌਲੀ ਦੀ ਪਤਨੀ ਨੇ ਰੋਜਰਜ਼ ਪੁਲਿਸ ਨਾਲ ਸੰਪਰਕ ਕੀਤਾ ਜਦੋਂ ਉਸਨੇ ਉਸਨੂੰ ਦੱਸਿਆ ਕਿ ਉਹ ਟੈਕਸਾਸ ਜਾ ਰਿਹਾ ਹੈ ਅਤੇ ਕਦੇ ਵਾਪਸ ਨਹੀਂ ਆਵੇਗਾ।



ਉਸਨੇ ਪੁਲਿਸ ਨੂੰ ਇਹ ਵੀ ਦੱਸਿਆ ਕਿ ਮੈਕਕੌਲੀ ਨੇ ਆਪਣਾ ਫ਼ੋਨ ਘਰ ਛੱਡ ਦਿੱਤਾ ਸੀ, ਜਿਸ ਨਾਲ ਉਸਨੂੰ ਲੱਭਣਾ ਅਸੰਭਵ ਹੋ ਗਿਆ ਸੀ। ਦੋਸ਼ਾਂ ਅਨੁਸਾਰ ਮੈਕਕੌਲੀ ਨੂੰ 26 ਜਨਵਰੀ ਨੂੰ ਓਕਲਾਹੋਮਾ ਵਿੱਚ ਪੁਲਿਸ ਨੇ ਰਾਜ ਵਿੱਚ ਯਾਤਰਾ ਕਰਦੇ ਸਮੇਂ ਰੋਕਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਕਿ ਮੈਕਕੌਲੀ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਨਾਲ ਗੱਲ ਕਰਨਾ ਚਾਹੁੰਦਾ ਹੈ। ਜਦੋਂ ਉਸ ਨੂੰ ਕਾਰਨ ਪੁੱਛਿਆ ਗਿਆ ਤਾਂ ਉਸਨੇ ਕਥਿਤ ਤੌਰ ’ਤੇ ਜਵਾਬ ਦਿੱਤਾ ਕਿ ਜੇਕਰ ਤੁਹਾਨੂੰ ਪਤਾ ਹੁੰਦਾ ਕਿ ਤੁਸੀਂ ਕੱਲ੍ਹ ਮਰਨ ਜਾ ਰਹੇ ਹੋ ਤਾਂ ਕੀ ਤੁਸੀਂ ਰਾਸ਼ਟਰਪਤੀ ਨਾਲ ਗੱਲ ਨਹੀਂ ਕਰਨਾ ਚਾਹੋਗੇ ?

**ਟੇਸਲਾ ਦੀ ਗੀਗਾ ਫੈਕਟਰੀ ਵਿੱਚ ਕੀਤੀ ਕਾਲ**

ਅਗਲੀ ਸਵੇਰ ਅਧਿਕਾਰੀਆਂ ਨੂੰ ਔਸਟਿਨ ਵਿੱਚ ਟੇਸਲਾ ਗੀਗਾਫੈਕਟਰੀ ਵਿੱਚ ਇੱਕ ਧਮਕੀ ਭਰੀ ਕਾਲ ਬਾਰੇ ਸੂਚਿਤ ਕੀਤਾ ਗਿਆ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਕਾਲ 31 ਸਾਲਾ ਕਰਮਚਾਰੀ ਨੇ ਕੀਤੀ ਸੀ ਜਾਂ ਨਹੀਂ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਔਸਟਿਨ ਵਿੱਚ ਮੈਕਕੌਲੀ ਨੂੰ ਰੋਕ ਦਿੱਤਾ। ਉਸਨੇ ਕਥਿਤ ਤੌਰ ’ਤੇ ਅਧਿਕਾਰੀਆਂ ਨੂੰ ਦੱਸਿਆ ਕਿ ਉਸਨੇ ਮਸਕ ਨਾਲ ਗੱਲ ਕਰਨ ਲਈ ਟੇਸਲਾ ਗੀਗਾ ਫੈਕਟਰੀ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ। ਇਸ ਤੋਂ ਬਾਅਦ ਮੈਕਕੌਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਸਕ ਨੇ ਘੋਸ਼ਣਾ ਕੀਤੀ ਹੈ ਕਿ ਟੇਸਲਾ ਆਪਣੇ ਦਫਤਰ ਨੂੰ ਡੇਲਾਵੇਅਰ ਤੋਂ ਟੈਕਸਾਸ ਤੱਕ ਲਿਜਾਣ ਲਈ ਸ਼ੇਅਰਹੋਲਡਰ ਵੋਟ ਕਰਵਾਉਣ ਲਈ ਤੁਰੰਤ ਕਦਮ ਚੁੱਕੇਗੀ। ਇਹ ਬਿਆਨ ਡੇਲਾਵੇਅਰ ਵਿੱਚ ਇੱਕ ਜੱਜ ਦੇ ਫ਼ੈਸਲੇ ਤੋਂ ਬਾਅਦ ਆਇਆ ਹੈ ਕਿ ਮਸਕ ਦਾ 56 ਬਿਲੀਅਨ ਡਾਲਰ ਤਨਖਾਹ ਪੈਕੇਜ ਅਨੁਚਿਤ ਹੈ ਅਤੇ ਟੇਸਲਾ ਬੋਰਡ ਨੂੰ ਇੱਕ ਨਵੇਂ ਤਨਖਾਹ ਪ੍ਰਸਤਾਵ ਨਾਲ ਆਉਣ ਦੀ ਜ਼ਰੂਰਤ ਹੋਵੇਗੀ।

## ਅਮਰੀਕਾ ਨੇ ਵੀਜ਼ਾ ਫ਼ੀਸਾਂ ’ਚ ਕੀਤਾ ਭਾਰੀ ਵਾਧਾ

### ਨਵੀਆਂ ਦਰਾਂ ਪਹਿਲੀ ਅਪ੍ਰੈਲ ਤੋਂ ਹੋਣਗੀਆਂ ਲਾਗੂ



ਵਾਸ਼ਿੰਗਟਨ/ ਏ.ਟੀ.ਨਿਊਜ਼ : ਅਮਰੀਕਾ ਨੇ ਭਾਰਤੀਆਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਐੱਚ-1ਬੀ, ਐੱਲ-1 ਅਤੇ ਈਬੀ-5 ਵਰਗੇ ਗੈਰ-ਪਰਵਾਸੀ ਵੀਜ਼ਾ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫੀਸਾਂ ਵਿੱਚ ਭਾਰੀ ਵਾਧੇ ਦਾ ਐਲਾਨ ਕੀਤਾ ਹੈ। 2016 ਤੋਂ ਬਾਅਦ ਪਹਿਲੀ ਵਾਰ ਫੀਸਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ, ਜੋ 1 ਅਪਰੈਲ ਤੋਂ ਲਾਗੂ ਹੋਵੇਗਾ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਸਰਕਾਰ ਨੇ 1990 ਵਿੱਚ ਈਬੀ-5 ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਵਿਦੇਸ਼ੀ ਨਿਵੇਸ਼ਕਾਂ ਨੂੰ ਅਮਰੀਕੀ ਕਾਰੋਬਾਰ ਵਿੱਚ ਘੱਟੋ ਘੱਟ 500,000 ਡਾਲਰ ਦਾ ਨਿਵੇਸ਼ ਕਰਕੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ। ਈਬੀ-5 ਪ੍ਰੋਗਰਾਮ 10 ਅਮਰੀਕੀ ਕਾਮਿਆਂ ਨੂੰ ਨੌਕਰੀਆਂ ਪ੍ਰਦਾਨ ਕਰਨ ਵਿੱਚ ਮਦਦ ਕਰਦਾ ਹੈ। ਐੱਚ-1ਬੀ ਐਪਲੀਕੇਸ਼ਨ ਵੀਜ਼ਾ ਫੀਸ 460 ਤੋਂ ਵਧਾ ਕੇ 780 ਡਾਲਰ ਕਰ ਦਿੱਤੀ ਗਈ ਹੈ। ਅਗਲੇ ਸਾਲ ਤੋਂ ਐੱਚ-1ਬੀ ਰਜਿਸਟ੍ਰੇਸ਼ਨ ਫੀਸ 10 ਡਾਲਰ ਤੋਂ ਵਧਾ ਕੇ 215 ਡਾਲਰ ਤੱਕ ਵਧ ਜਾਵੇਗੀ। ਐੱਲ-1 ਵੀਜ਼ਾ ਲਈ ਫੀਸ 460 ਤੋਂ 1,385 ਡਾਲਰ ਅਤੇ ਈਬੀ-5 ਵੀਜ਼ਾ ਫੀਸ, ਜੋ ਨਿਵੇਸ਼ਕ ਵੀਜ਼ਾ ਵਜੋਂ ਮਸ਼ਹੂਰ ਹੈ, ਦੀ ਫੀਸ 3,675 ਤੋਂ 11,160 ਡਾਲਰ ਗਈ ਹੈ।

## ਅਮਰੀਕਾ ਦੀ ਫ਼ੌਜ ’ਚ ਪਹਿਲੇ ਦਸਤਾਰਧਾਰੀ ਸਿੱਖ ਲੈਫ਼ਟੀਨੈਂਟ ਕਰਨਲ ਤੇਜਦੀਪ ਸਿੰਘ ਲੜਨਗੇ ਸਿਟੀ ਕੌਂਸਲ ਚੋਣਾਂ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਦੀ ਫੌਜ ਵਿੱਚ ਭਰਤੀ ਪਹਿਲੇ ਸਾਬਤ ਸੂਰਤ ਦਸਤਾਰਧਾਰੀ ਸਿੱਖ ਲੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਨੇ ਚੋਣ ਲੜਨ ਦਾ ਐਲਾਨ ਕੀਤਾ ਹੈ। ਤੇਜਦੀਪ ਸਿੰਘ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਮਾਊਨਟੇਨ ਹਾਊਸ ਦੀਆਂ ਅਗਾਮੀ ਮਾਰਚ 2024 ਵਾਲੀਆਂ ਸਿਟੀ ਕੌਂਸਲ ਚੋਣਾਂ ਵਿੱਚ ਕੌਂਸਲ ਮੈਂਬਰ ਵੱਜੋਂ ਚੋਣ ਲੜਨਗੇ। ਇੱਥੇ ਦੱਸ ਦਈਏ ਕਿ ਤੇਜਦੀਪ ਸਿੰਘ ਨੇ ਕੈਲੀਫੋਰਨੀਆ ਦੇ ਮਾਊਨਟੇਨ ਹਾਊਸ ਵਿੱਚ ਸਾਲ 2009 ਵਿੱਚ ਆਪਣੇ ਸਿੱਖੀ ਸਰੂਪ ਨਾਲ ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਲਈ ਆਗਿਆ ਪ੍ਰਾਪਤ ਕੀਤੀ ਸੀ।



ਕੌਂਸਲ ਦੇ 4 ਮੈਂਬਰਾਂ ਨੂੰ ਚੁਨਣ ਲਈ ਕੁੱਲ 8 ਉਮੀਦਵਾਰ ਮੈਦਾਨ ਵਿੱਚ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ਼ ਤੇਜਦੀਪ ਸਿੰਘ ਰਤਨ, ਜੋ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੇ ਮੈਦਾਨ ਵਿੱਚ ਹਨ। ਇਸ ਚੋਣ ਲਈ ਸ਼ਹਿਰ ਵਾਸੀ 5 ਫਰਵਰੀ ਤੋਂ ਲੈ ਕੇ 5 ਮਾਰਚ 2024 ਤੱਕ ਵੋਟਾਂ ਪਾ ਸਕਦੇ ਹਨ। ਡਾ. ਰਤਨ ਨੇ ਸਾਲ 2015 ਵਿੱਚ ਆਪਣੀ ਕੁੱਲ-ਵਕਤੀ ਫੌਜੀ ਸੇਵਾ ਦੀ ਸਮਾਪਤੀ ਤੋਂ ਬਾਅਦ ਮਾਊਨਟੇਨ ਹਾਊਸ ਸ਼ਹਿਰ ਵਿਖੇ ਆਪਣਾ ਘਰ ਖਰੀਦਿਆ ਜਿੱਥੇ ਉਹ ਆਪਣੀ ਪਤਨੀ ਜਸਜੀਤ ਕੌਰ ਅਤੇ ਦੋ ਬੱਚਿਆਂ ਦੇ ਨਾਲ ਰਹਿੰਦੇ ਹਨ। ਉਹ ਕਿੱਤੇ ਵੱਜੋਂ ਦੰਦਾਂ ਦੇ ਇੱਕ ਡਾਕਟਰ ਹੋਣ ਦੇ ਨਾਲ ਫੌਜ ਦੀ ਰਿਜ਼ਰਵ ਬਟਾਲੀਅਨ ਵਿੱਚ ਵੀ ਆਪਣੀ ਸੇਵਾ ਨਿਭਾ ਰਹੇ ਹਨ। ਹਾਲ ਹੀ ਵਿੱਚ ਉਨ੍ਹਾਂ ਨੂੰ ਨਵੰਬਰ 2024 ਵਿੱਚ ਸ਼ੁਰੂ ਹੋਣ ਵਾਲੇ ਆਰਮੀ ਰਿਜ਼ਰਵ ਦੇ ਅਗਲੇ ਸੈਸ਼ਨ ਲਈ ਬਟਾਲੀਅਨ ਕਮਾਂਡ ਵਾਸਤੇ ਚੁਣਿਆ ਗਿਆ ਹੈ।

ਆਪਣੇ ਸਾਥੀਆਂ ਵਿੱਚ ਟੀ. ਜੇ. ਦੇ ਨਾਮ ਨਾਲ ਜਾਣੇ ਜਾਂਦੇ ਰਤਨ ਦਾ ਕਹਿਣਾ ਹੈ, ਫੌਜ ਵਿੱਚ ਨਿਰਸਵਾਰਥ ਸੇਵਾ ਦੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ, ਅਮਰੀਕਾ ਦੇ ਸਭ ਤੋਂ ਨਵੇਂ ਸ਼ਹਿਰ ਵਜੋਂ ਮਾਨਤਾ ਪ੍ਰਾਪਤ ਮਾਊਨਟੇਨ ਹਾਊਸ ਦੀ ਸੁਰੱਖਿਆ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਅਤੇ ਭਾਈਚਾਰੇ ਨੂੰ ਵਿਕਸਤ ਕਰਨਾ ਮੇਰਾ ਮੁੱਖ ਮਕਸਦ ਹੈ। ਸਿਟੀ ਕੌਂਸਲ ਲਈ ਚੋਣ ਲੜਨ ਦਾ ਮੇਰਾ ਫ਼ੈਸਲਾ ਜਨਤਕ ਸੇਵਾ ਅਤੇ ਭਾਈਚਾਰਕ ਭਲਾਈ ਲਈ ਮੇਰੇ ਸਮਰਪਣ ਦਾ ਪ੍ਰਮਾਣ ਹੈ। ਯੂ.ਐਸ. ਆਰਮਡ ਫੋਰਸਿਜ਼ ਵਿੱਚ ਮੇਰੀ ਭੂਮਿਕਾ ਅਤੇ ਵਿਲੱਖਣ ਤਜ਼ਰਬਾ ਮੈਨੂੰ ਸਿਟੀ ਕੌਂਸਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਮਰਥਨ ਦੀ ਮਹੱਤਤਾ ਨੂੰ ਪਛਾਣਦੇ ਹੋਏ, ਮੈਂ ਕਮਿਊਨਿਟੀ ਨੂੰ ਇੱਕ ਸਿਹਤਮੰਦ ਤੇ ਸੰਗਠਿਤ ਬਨਾਉਣ ਲਈ ਸੱਦਾ ਦਿੱਤਾ ਹੈ।

## ਟਰੰਪ ਦੀ ਕਾਰ ਨਿਲਾਮੀ ਦੌਰਾਨ 9.14 ਕਰੋੜ ਰੁਪਏ ’ਚ ਵਿਕੀ



ਨਿਊਯਾਰਕ/ ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਵਰਤੀ ਗਈ ਕਾਰ ਨੂੰ ਹਾਲ ਹੀ ਵਿੱਚ ਬੈਰੇਟ ਜੈਕਸਨ ਦੁਆਰਾ ਆਯੋਜਿਤ ਇੱਕ ਨਿਲਾਮੀ ਵਿੱਚ 1.1 ਮਿਲੀਅਨ ਡਾਲਰ ਵਿੱਚ ਵੇਚਿਆ ਗਿਆ। ਇਸ ਨੇ ਹੁਣ ਤੱਕ ਵਿਕਣ ਵਾਲੀ ਸਭ ਤੋਂ ਮਹਿੰਗੀ ਡਾਇਬਲੋ ਕਾਰ ਵਜੋਂ ਇੱਕ ਨਵਾਂ ਰਿਕਾਰਡ ਬਣਾਇਆ ਹੈ। ਡੋਨਾਲਡ ਟਰੰਪ ਦੁਆਰਾ 1997 ਵਿੱਚ ਖਰੀਦੀ ਗਈ ਲੈਂਬੋਰਗਿਨੀ ਕੰਪਨੀ ਦੀ ‘ਡਿਆਬਲੋ ਵੀਟੀ’ ਵਿਸ਼ਵ ਬਾਜ਼ਾਰ ਵਿੱਚ ਸਭ ਤੋਂ ਮਹਿੰਗੀ ਅਤੇ ਪ੍ਰਸਿੱਧ ਕਾਰ ਹੈ। ਇਸ ਕਾਰ ਨੂੰ ਟਰੰਪ ਨੇ ਖਾਸ ਤੌਰ ’ਤੇ ਆਪਣੇ ਲਈ ਕਸਟਮਾਈਜ਼ ਕੀਤਾ ਸੀ।

ਬਲੂ ਲੇ ਮਾਨਸ ਨਾਮਕ ਇੱਕ ਵਿਸ਼ੇਸ਼ ਰੰਗ ਦੇ ਸ਼ੇਡ ਵਿੱਚ ਦਿਖਾਈ ਦੇਣ ਵਾਲੀ, ਇਹ ਕਾਰ ਅਮਰੀਕਾ ਵਿੱਚ ਵਿਕਣ ਵਾਲੀਆਂ ਸਿਰਫ 132 ਕਾਰਾਂ ਵਿੱਚੋਂ ਇੱਕ ਸੀ। ਟਰੰਪ ਦੇ ਕਹਿਣ ’ਤੇ ਕੰਪਨੀ ਨੇ ਕਾਰ ਦੇ ਦਰਵਾਜ਼ੇ ’ਤੇ ਨੇਮ ਪਲੇਟ ਟਰੰਪ 1997 ਡਾਇਬਲੋ ਵੀ ਚਿਪਕਾਈ ਸੀ। ਇੱਥੇ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਇਸ ਨੂੰ ਡਿਊਲ-ਟੋਨ ਕਰੀਮ/ਬਲੈਕ ਫਿਨਿਸ਼ ਮਿਲਦੀ ਹੈ। ਟਰੰਪ ਨੇ ਇਹ ਕਾਰ 2002 ਵਿੱਚ ਵੇਚੀ ਸੀ। ਕਾਰ ਬਾਅਦ ਵਿੱਚ 2016 ਵਿੱਚ ਈਬੇ ’ਤੇ ਵਿਕਰੀ ਲਈ ਦਿਖਾਈ ਦਿੱਤੀ। ਇਹ ਸਪੱਸ਼ਟ ਨਹੀਂ ਹੈ ਕਿ ਉਸ ਤੋਂ ਬਾਅਦ ਕਿੰਨੇ ਲੋਕਾਂ ਨੇ ਇਸ ਕਾਰ ਤੇ ਹੱਥ ਬਦਲੇ ਹਨ। (**ਬਾਕੀ ਸਫ਼ਾ 30 ’ਤੇ**)

# ਪੰਜਾਬੀਆਂ ਨੇ ਧਰਨਿਆਂ ’ਚੋਂ ਪੈਦਾ ਹੋਈ ‘ਆਪ’ ਪਾਰਟੀ ਨੂੰ ‘ਧਰਨੇ’ ਦੇ ਕੇ ਵੰਗਾਰਿਆ

**➢ਪੰਜਾਬ ’ਚ ਕਿੰਨਾ ਕੁ ਸਫ਼ਲ ਰਿਹਾ ਹੈ ਤੀਜਾ ਸਿਆਸੀ ਬਦਲ ? ➢ ਲੋਕ ਸਭਾ ਚੋਣਾਂ ਵਿੱਚ ਹੋ ਸਕਦਾ ਹੈ ਆਮ ਆਦਮੀ ਪਾਰਟੀ ਨੂੰ ਨੁਕਸਾਨ**





ਪਟਿਆਲਾ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ ਨੂੰ ਧਰਨਿਆਂ ’ਚੋਂ ਪੈਦਾ ਹੋਈ ਸਿਆਸੀ ਪਾਰਟੀ ਮੰਨਿਆ ਜਾਂਦਾ ਹੈ, ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਦੌਰਾਨ ਪੰਜਾਬ ਵਿੱਚ ਚੱਲ ਰਹੇ ਅਨੇਕਾਂ ਧਰਨਿਆਂ ਵਿੱਚ ‘ਆਪ’ ਸੁਪਰੀਮੋ ਕੇਜਰੀਵਾਲ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ਾਮਲ ਹੁੰਦੇ ਰਹੇ ਅਤੇ ਧਰਨਾਕਾਰੀਆਂ ਨੂੰ ਉਹਨਾਂ ਦੀ ਪਾਰਟੀ ਨੂੰ ਇੱਕ ਮੌਕਾ ਦੇਣ ਲਈ ਅਪੀਲਾਂ ਕਰਦੇ ਰਹੇ। ਪੰਜਾਬੀਆਂ ਨੇ ਵੀ ਆਮ ਆਦਮੀ ਪਾਰਟੀ ਤੇ ਭਰੋਸਾ ਕਰਦਿਆਂ ਉਹਨਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਬਹੁਮਤ ਨਾਲ ਜਿਤਾ ਦਿੱਤਾ ਅਤੇ ਪੰਜਾਬ ਵਿੱਚ ਤੀਜਾ ਸਿਆਸੀ ਬਦਲ ਹੋਂਦ ਵਿੱਚ ਆ ਗਿਆ।

ਪਰ ਹੁਣ ਸਵਾਲ ਇਹ ਪੈਦਾ ਹੋ ਗਿਆ ਹੈ ਕਿ ਧਰਨਿਆਂ ’ਚੋਂ ਹੀ ਪੈਦਾ ਹੀ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਵੱਖ- ਵੱਖ ਥਾਵਾਂ ’ਤੇ ਲੋਕ ਧਰਨੇ ਦੇਣ ਲਈ ਕਿਉਂ ਮਜਬੂਰ ਹਨ ? ਪੰਜਾਬ ਵਿੱਚ ਸਰਕਾਰੀ ਅਤੇ ਪੁਲਿਸ ਦੀਆਂ ਰੋਕਾਂ ਦੇ ਬਾਵਜੂਦ ਪੰਜਾਬੀਆਂ ਨੇ ਭਾਨਾ ਸਿੱਧੂ ਦੀ ਰਿਹਾਈ ਲਈ ਵੱਡਾ ਧਰਨਾ ਲਗਾਇਆ,ਜਦੋਂਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਵੱਲੋਂ ਲਗਾਏ ਗਏ ਧਰਨੇ ’ਚ ਪੰਜਾਬੀਆਂ ਦੀ ਗਿਣਤੀ ਬਹੁਤ ਘੱਟ



ਰਹੀ। ਇਸੇ ਦੌਰਾਨ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਰਾਹੀਂ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਇਹਨਾਂ ਧਰਨਿਆਂ ਦਾ ਨੁਕਸਾਨ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਉਠਾਉਣਾ ਪੈ ਸਕਦਾ ਹੈ। ਪੰਜਾਬੀਆਂ ਨੇ ਬਹੁਤ ਭਰੋਸਾ ਕਰਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੌਂਪੀ ਸੀ ਪਰ ਵਿਰੋਧੀ ਆਗੂ ਕਹਿ ਰਹੇ ਹਨ ਕਿ ਪੰਜਾਬ ਦੀ ਆਪ ਸਰਕਾਰ ਹਰ ਫਰੰਟ ’ਤੇ ਫ਼ੇਲ ਹੋ ਗਈ ਹੈ।

**ਅੰਤਰਰਾਸ਼ਟਰੀ ਪੱਧਰ ’ਤੇ ਛਾਏ ਧਰਨੇ**

ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ ਸਮੇਤ ਅੰਤਰਰਾਸ਼ਟਰੀ ਪੱਧਰ ’ਤੇ ਵੀ ਕਿਸਾਨਾਂ ਅਤੇ ਹੋਰ ਵਰਗਾਂ ਵੱਲੋਂ ਦਿਤੇ ਜਾ ਰਹੇ ਧਰਨੇ ਅੰਤਰਰਾਸ਼ਟਰੀ ਸੁਰਖ਼ੀਆਂ ਬਣੇ ਹੋਏ ਹਨ। ਫਰਾਂਸ ਦੀ ਰਾਜਧਾਨੀ ਪੇਰਿਸ ਵਿੱਚ ਵੀ ਫਰਾਂਸ ਦੇ ਕਿਸਾਨਾਂ ਵੱਲੋਂ ਆਪਣੇ ਟ੍ਰੈਕਟਰਾਂ ਸਮੇਤ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਨੇ ਫਰਾਂਸ ਦੀ ਸਰਕਾਰ ਨੂੰ ਚਿੰਤਾ ਵਿੱਚ ਪਾਇਆ ਹੋਇਆ ਹੈ। ਇਸ ਤੋਂ ਇਲਾਵਾ ਦੁਨੀਆਂ ਦੇ ਹੋਰ ਮੁਲਕਾਂ ਵਿੱਚ ਅਨੇਕਾਂ ਧਰਨੇ ਚੱਲ ਰਹੇ ਹਨ। ਫਰਾਂਸ ਦੇ ਕਿਸਾਨਾਂ ਦੇ ਧਰਨੇ ਨੂੰ ਭਾਰਤ ਦੇ ਕਿਸਾਨਾਂ ਦੇ ਧਰਨੇ ਤੋਂ ਪ੍ਰੇਰਿਤ ਦੱਸਿਆ ਜਾ ਰਿਹਾ ਹੈ, ਜਿਸ ਕਾਰਨ ਅੰਤਰਰਾਸ਼ਟਰੀ ਪੱਧਰ ’ਤੇ ਨਵੀਆਂ ਕਿਆਸ ਅਰਾਈਆਂ ਪੈਦਾ ਹੋ ਰਹੀਆਂ ਹਨ।

## ਧਰਨੇ ਬਨਾਮ ਘੜੰਮ ਚੌਧਰੀ

# ਕਿਤੇ ਲੋਕਾਂ ਨੂੰ ਉਲਝਾਉਣ ਲਈ ਹੀ ਤਾਂ ਸਰਕਾਰ ਲਗਵਾ ਰਹੀ ਧਰਨੇ ?

## ਧਰਨਿਆਂ ਦੇ ਵਿੱਚ ਲੀਡਰ ਆਪਣੇ ਵੱਲੋਂ ਹੀ ਭੇਜਦੇ ਨੇ ‘ਕਿਰਾਏ ਦੀ ਭੀੜ’

ਅੱਜ ਦੇ ਸਮੇਂ ਦੇ ਵਿੱਚ ਪੂਰੇ ਸੰਸਾਰ ਵਿੱਚ ਧਰਨੇ ਤੇ ਵਿਰੋਧ ਪ੍ਰਦਰਸ਼ਨ ਵੱਖੋ- ਵੱਖਰੇ ਤਰੀਕੇ ਨਾਲ ਹੋ ਰਹੇ ਹਨ, ਪਰ ਇਹਨਾਂ ਵਿੱਚੋਂ ਕਿਸਾਨ ਧਰਨੇ ਉੱਭਰ ਕੇ ਸਾਹਮਣੇ ਆ ਰਹੇ ਹਨ, ਜੋ ਸਰਕਾਰਾਂ ਤੋਂ ਨਿਰਾਸ਼ ਨੇ ਤੇ ਆਪਣੀਆਂ ਮੰਗਾਂ ਦੇ ਲਈ ਅਡਿੱਗ ਹਨ। ਜੇ ਪੰਜਾਬ ਤੇ ਹਰਿਆਣਾ ਦੀ ਗੱਲ ਕਰੀਏ ਤਾਂ ਕਿਸਾਨ ਵੀਰਾਂ ਨੇ 13 ਫ਼ਰਵਰੀ ਨੂੰ ਦਿੱਲੀ ਨੂੰ ਵਹੀਰਾਂ ਘੱਤਣ ਦੇ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸਿੱਧਾ ਦਿੱਲੀ ਦੇ ਨਾਲ ਇਹ ਕਿਸਾਨ ਦੂਜੀ ਵਾਰ ਮੱਥਾ ਲਗਾ ਰਹੇ ਹਨ, ਤੁਹਾਨੂੰ ਯਾਦ ਹੋਣੈ ਕਿ ਸਾਲ 2020 ਦੇ ਵਿੱਚ ਕਿਸਾਨਾਂ ਨੇ ਦਿੱਲੀ ਧਰਨਾ ਲਗਾਇਆ ਸੀ, ਜੋ ਕਿ ਇਤਿਹਾਸ ਸਿਰਜ ਗਿਆ। ਕਿਸਾਨ ਵੀਰਾਂ ਨੇ ਸਾਬਤ ਕਰ ਦਿੱਤਾ ਕਿ ਉਹ ਅਨਪੜ੍ਹ ਹੋਣ ਦੇ ਬਾਵਜੂਦ ਵੀ ਆਪਣੇ ਹੱਕਾਂ ਦੇ ਲਈ ਜਾਗਰੂਕ ਨੇ। ਸਾਡੇ ਕਿਸਾਨ ਆਗੂਆਂ ਦੇ ਤਰਕ ਤੇ ਦਲੀਲ ਦੇ ਨਾਲ ਕੀਤੀਆਂ ਗੱਲਾਂ ਨੇ ਲੀਡਰਾਂ ਤੇ ਸਰਕਾਰੀ ਬੁੱਧੀਜੀਵੀਆਂ ਨੂੰ ਸ਼ਸ਼ੋਪੰਜ ਵਿੱਚ ਪਾ ਕੇ ਰੱਖਿਆ। ਇਸ ਵਾਰ ਕਿਸਾਨ ਫਿਰ ਇੱਕ ਝੰਡੇ ਥੱਲੇ ਇਕੱਠੇ ਹੋ ਰਹੇ ਨੇ ਤੇ ਦੁਆ ਕਰਦੇ ਹਾਂ ਕਿ ਉਹ ਜਿੱਤ ਝੋਲੀ ਪਵਾ ਕੇ ਮੁੜਨ।

ਪੰਜਾਬ ਦੇ ਧਰਨਿਆਂ ਦੀ ਗੱਲ ਕਰੀਏ ਸਮੇਤ ਸਰਕਾਰ ਹੀ ਕੁਝ ਸਮੇਂ ਤੋਂ ਧਰਨਿਓ ਧਰਨਾ ਹੋ ਰਹੇ ਨੇ ਜਾਂ ਇਸ ਤਰਾਂ ਕਹਿ ਲਓ ਕਿ ਕੁਝ ਧਰਨੇ ਸਰਕਾਰ ਲੋਕਾਂ ਨੂੰ ਉਲਝਾਉਣ ਦੇ ਲਈ ਵੀ ਕਰਵਾ ਰਹੀ ਹੈ। ਕੋਈ ਸਮਾਂ ਹੁੰਦਾ ਸੀ ਕਿ ਜਦੋਂ ਲੀਡਰ ਸ਼ਿਰਕਤ ਕਰਦੇ ਹੁੰਦੇ ਸੀ ਤੇ ਘੜੰਮ ਚੌਧਰੀ ਲੋਕਾਂ ਦੀ ਭੀੜ ਇਕੱਠੀ ਕਰਦੇ ਹੁੰਦੇ ਸੀ। ਫ਼ਿਰ ਸਮਾਂ ਬਦਲਿਆ ਜਦੋਂ ਨੇਤਾਵਾਂ ਨੇ ਇਹਨਾਂ ਚੌਧਰੀਆਂ ਦੇ ਨਾਲ ਗੰਢਤੁਪ ਕਰਕੇ ਭੁਲੇਖੇ ਦਾ ਕੱਦ ਬੁੱਤ ਉਸਾਰ ਦਿੱਤਾ ਪਰ ਕਦੋਂ ਇਹਨਾਂ ਨੂੰ ਡੇਗਣਾ ਅਤੇ ਕਦੋਂ ਉੱਪਰ ਚੁੱਕਣਾ, ਇਹ ਵਾਲੀ ਰੱਸੀ ਲੀਡਰਾਂ ਨੇ ਆਪਣੇ ਹੱਥਾਂ ਵਿੱਚ ਰੱਖੀ। ਸੋ ਅੱਜ ਦੇ ਸਮੇਂ ਵਿੱਚ ਘੜੰਮ ਚੌਧਰੀ ਵੀ ਆਪਣੀਆਂ ਭੀੜਾਂ ਦਿਖਾਉਣ ਲੱਗ ਪਏ ਹਨ ਤੇ ਬੇਸ ਹੈ ਸੋਸ਼ਲ ਮੀਡੀਆ। ਭੀੜ ਦਾ ਕਾਰਨ ਫ਼ਸਲ ਦਾ ਸੀਜਨ ਨਾ ਹੋਣਾ, ਚੌਧਰੀਆਂ ਦਾ ਭੁਲੇਖਾ ਕਿ ਅਸੀਂ ਲੋਕਾਂ ਦੇ ਦਿਮਾਗ ਹਾਈਜੈਕ ਕਰ ਲਏ ਨੇ ਪਰ ਇਹ ਵੀ ਵੱਡਾ ਭੁਲੇਖਾ ਹੈ। ਪੰਜਾਬ ਦੇ ਲੋਕ ਹਮੇਸ਼ਾ ਮੌਜ ਮਸਤੀ ਵਾਲੀ ਜ਼ਿੰਦਗੀ, ਹਾਸੇ ਮਖੌਲ ਵਾਲਾ ਵਾਤਾਵਰਣ, ਤੇ ਖੁੱਲਦਿਲੀ ਵਾਲਾ



ਜੀਵਨ ਜਿਉਂਦੇ ਹਨ। ਉਹਨਾਂ ਨੂੰ ਹਰ ਗੱਲ ਦੇ ਵਿੱਚ ਹਾਸਾ ਠੱਠਾ ਚਾਹੀਦਾ ਪਰ ਕੰਮ ਉਹਨਾਂ ਦੇ ਲਈ ਸਭ ਤੋਂ ਪਹਿਲਾਂ ਹੈ। ਸੋ ਘੜੰਮ ਚੌਧਰੀਆਂ ਦੀ ਭੀੜ ਦੀ ਵਜ੍ਹਾ ਏਹ ਹੈ ਕਿ ਹਾਲੇ ਕਣਕ ਨਹੀਂ ਪੱਕੀ। ਕਣਕ ਪੱਕ ਲੈਣ ਦਿਓ, ਲੋਕਾਂ ਨੇ ਇਹਨਾਂ ਨੂੰ ਬੇਰਾਂ ਵੱਟੇ ਵੀ ਨਹੀਂ ਪੁੱਛਣੈ। ਤੁਸੀਂ ਕਦੇ ਸੋਚਿਆ ਕਿ ਧਰਨਿਆਂ ਵਿੱਚ ਵੀ ਭੀੜ, ਲੀਡਰਾਂ ਦੀ ਰੈਲੀ ਵਿੱਚ ਵੀ ਭੀੜ, ਆਮ ਬਾਜ਼ਾਰਾਂ ਵਿੱਚ ਵੀ ਭੀੜ, ਆਖ਼ਰ ਇਹ ਭੀੜ ਆਉਂਦੀ ਕਿਥੋਂ ਹੈ ? ਕਹਿਣ ਵਾਲੇ ਤਾਂ ਕਹਿੰਦੇ ਨੇ ਕਿ ਧਰਨਿਆਂ ਦੇ ਵਿੱਚ ਲੀਡਰ ਆਪਣੇ ਵੱਲੋਂ ਹੀ ‘ਕਿਰਾਏ ਦੀ ਭੀੜ’ ਭੇਜਦੇ ਨੇ। ਅੰਗਰੇਜ਼ਾਂ ਨੇ ਗੌਲ਼ਫ਼ ਖੇਡਣੀ ਸ਼ੁਰੂ ਕੀਤੀ ਸੀ, ਉਹ ਖੇਡਦੇ ਖੇਡਦੇ ਆਪਣੀ ਰਣਨੀਤੀ ਬਣਾਉਂਦੇ ਸੀ। ਸੀਕ੍ਰੇਟ ਗੱਲਾਂ ਤੈਅ ਕਰਦੇ ਸੀ, ਤੁਸੀਂ ਕੀ ਸੋਚਦੇ ਹੋ ਕਿ ਤੁਹਾਡੇ ਲੀਡਰ ਵੀ ਗੌਲ਼ਫ਼ ਖੇਡਦੇ ਧਰਨਿਆਂ ਦੀ ਰਣਨੀਤੀ ਬਣਾਉਂਦੇ ਹੋਣਗੇ ? ਨਹੀਂ, ਤੁਸੀਂ ਗਲਤ ਸੋਚ ਰਹੇ ਹੋ, ਤੁਹਾਡੇ ਲੀਡਰ ਆਪਣੀਆਂ ਰਣਨੀਤੀਆਂ ਤੈਅ ਕਰਦੇ ਨੇ ਜੇਲ੍ਹਾਂ ਵਿੱਚ, ਭੋਗਾਂ ’ਤੇ, ਮੰਦਿਰਾਂ ਦੇ ਉਦਘਾਟਨ ਸਮੇਂ। ਸੋ ਅੱਜ ਦੇ ਸਮੇਂ ਦੇ ਵਿੱਚ ਪੰਜਾਬ ਵਿੱਚ ਪਹਿਲਾਂ ਤੈਅ ਕੀਤੀ ਹੋਈ ਗੇਮ ਹੀ ਖੇਡੀ ਜਾ ਰਹੀ ਹੈ ਕਿਉਂਕਿ ਕੁਝ ਲੀਡਰ ਸੋਚਦੇ ਨੇ ਕਿ ਜੇ ਉਹ ਅਖ਼ਬਾਰਾਂ ਵਿੱਚ ਨਾ ਆਏ ਤਾਂ ਸਮਝੋ ਉਹਨਾਂ ਦੇ ਸਿਆਸੀ ਕੈਰੀਅਰ ਦੀ ਮੌਤ ਹੋ ਜਾਵੇਗੀ। ਤੇ ਜਦੋਂ ਕੋਈ ਸਿਆਸੀ ਮੁੱਦਾ ਨਹੀਂ ਹੁੰਦਾ ਤਾਂ ਦੂਜੇ ਦੇ ਵਿਆਹ ਦੇ ਵਿੱਚ ਇਹ ਨੇਤਾ ਲੋਕ ਭੰਗੜਾ ਪਾ ਲੈਂਦੇ ਨੇ, ਭਾਵ ਇਹ ਧਰਨਿਆਂ ਵਿੱਚ ਸ਼ਿਰਕਤ ਕਰ ਲੈਂਦੇ ਨੇ। ਜਿਥੋਂ ਤਕ ਭਾਨੇ ਸਿੱਧੂ ਦੀ ਗੱਲ ਹੈ ਕਿ ਪੰਜਾਬ ਉਸ ਦੇ ਹੱਕ ਵਿੱਚ ਖੜਾ, ਤਾਂ ਐਂਵੇ ਵਾਧੂ ਪਾਣੀ ਵਿੱਚ ਮਧਾਣੀ ਵਾਲੀ ਗੱਲ ਹੈ। ਫੇਸਬੁੱਕ ਜੀਵੀਆਂ ਦੇ ਲਈ ਭਾਨਾ ਸਿੱਧੂ ਹੋਏਗਾ, ਪਰ ਆਮ ਲੋਕਾਂ ਦੇ ਲਈ ਨਹੀਂ। ਜਿਹੜੇ ਸਾਰਾ ਦਿਨ ਮਿਹਨਤ ਕਰਕੇ ਸ਼ਾਮ ਨੂੰ ਇਮਾਨਦਾਰੀ ਦੀ ਬੁਰਕੀ ਖਾਂਦੇ ਨੇ।

ਸਿਮਰਨਜੀਤ ਸਿੰਘ ਮਾਨ ਕੁਝ ਕੁ ਸਿੱਖ ਸਫ਼ਾਂ ਦੇ ਵਿੱਚ ਮੰਨਿਆ ਚਿਹਰਾ ਹੈ, ਭਾਵੇਂ ਕਿ ਉਹਨਾਂ ਨੇ ਸਿੱਖੀ ਲਈ ਵਧੇਰੇ ਪੁਖ਼ਤਾ ਕੰਮ ਨਹੀਂ ਕੀਤੇ, ਸਿਰਫ਼ ਛੇੜੇ ਛੇੜੇ ਨੇ, ਨੇਪਰੇ ਕੋਈ ਵੀ ਨਹੀਂ ਚਾੜ੍ਹਿਆ। ਜੇ ਹੁਣ ਦੀ ਗੱਲ ਕਰੀਏ ਤਾਂ ਸਿਮਰਨਜੀਤ ਸਿੰਘ ਮਾਨ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ, ਕਾਰਨ ਇਹ ਕਿ ਉਹ ਭਾਨਾ ਸਿੱਧੂ ਦੇ ਹੱਕ ਵਿੱਚ ਧਰਨਾ ਲਗਾਉਣਗੇ। ਸਵਾਲ ਇਹ ਉੱਠਦਾ ਹੈ ਕਿ ਅੰਮ੍ਰਿਤਪਾਲ ਸਿੰਘ ਦੇ ਸਮੇਂ ਸਿਮਰਨਜੀਤ ਸਿੰਘ ਮਾਨ ਨੇ ਇਹ ਪੁਖ਼ਤਾ ਕਦਮ ਕਿਉਂ ਨਹੀਂ ਚੁੱਕਿਆ ? ਸਾਨੂੰ ਨਹੀਂ ਪਤਾ ਕਿ ਅੰਮ੍ਰਿਤਪਾਲ ਸਿੰਘ ਚੰਗਾ ਹੈ ਜਾਂ ਮਾੜਾ ਪਰ ਉਹ ਕੰਮ ਵਧੀਆ ਕਰ ਰਿਹਾ ਸੀ, ਲੋਕਾਂ ਨੂੰ ਸਿੱਖੀ ਨਾਲ ਜੋੜ ਰਿਹਾ ਸੀ, ਨਸ਼ਿਆਂ ਵਿਰੁੱਧ ਬੋਲ ਰਿਹਾ ਸੀ ਪਰ ਭਾਨੇ ਸਿੱਧੂ ਦੇ ਲਈ ਸਿਮਰਨਜੀਤ ਸਿੰਘ ਮਾਨ ਦਾ ਇਹ ਸਟੈਂਡ ਲੋਕਾਂ ਨੂੰ ਨਹੀਂ ਜਚਿਆ, ਹੋ ਸਕਦਾ ਹੈ ਕਿ ਉਹਨਾਂ ਨੂੰ ਨਿੱਜੀ ਫ਼ਾਇਦਾ ਦੇ ਸਕਦਾ ਹੋਵੇ। ਕਹਿਣ ਨੂੰ ਤਾਂ ਲੋਕ ਇਹ ਵੀ ਕਹਿੰਦੇ ਨੇ ਕਿ ਘਰ ਵਿੱਚ ਨਜ਼ਰਬੰਦ ਕਰਕੇ ਛੋਟੇ ਮਾਨ ਨੇ ਵੱਡੇ ਮਾਨ ਦਾ ਕੱਦ ਵੱਡਾ ਕਰ ਦਿੱਤਾ ਹੈ। ਸੋ ਮੁੱਕਦੀ ਗੱਲ ਬਦਲਾਵ ਸਰਕਾਰਾਂ ਨੇ ਨਹੀਂ, ਤੁਸੀਂ ਆਪਣੀ ਸੋਚ ਵਿੱਚ ਬਦਲਾਓ ਲਿਆਓ। ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਸਮਝੋ। ਸੋ ਵਟਸਐਪ ਯੂਨੀਵਰਸਿਟੀ ਦੇ ਸਟੂਡੈਂਟਾਂ ਦਾ ਸਾਥ ਘੱਟ ਮਾਣੋ, ਕਿਉਂਕਿ ਇਹ ਹੀ ਤੁਹਾਡਾ ਬਰੇਨ ਵਾਸ਼ ਕਰ ਰਹੇ ਨੇ। ਅੱਧੇ ਪੰਜਾਬ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਭਾਨਾ ਸਿੱਧੂ ਕੀ ਬਲਾ ਹੈ, ਤੇ ਲੱਖਾ ਸਿਧਾਣਾ ਕਿਹੜਾ ਜੀਵੀ ਹੈ?

## ਗੁਰਪਤਵੰਤ ਪੰਨੂੰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਥੇ. ਗੁਰਦੇਵ ਸਿੰਘ ਕਾਉਂਕੇ ਨੂੰ 'ਸ਼ਹੀਦ' ਐਲਾਨਣ ਦੀ ਕੀਤੀ ਅਪੀਲ

ਸੈਕਰਾਮੈਂਟੋ/ਏ.ਟੀ.ਨਿਊਜ਼: ਵਿਦੇਸ਼ਾਂ ਵਿੱਚ ਭਾਰਤ ਤੋਂ ਵੱਖ ਦੇਸ਼ ਖਾਲਿਸਤਾਨ ਬਣਾਉਣ ਲਈ ਚੱਲ ਰਹੀ ਪੰਜਾਬ ਰੈਫਰੈਂਡਮ ਦੀ ਮੁਹਿੰਮ ਤਹਿਤ ਦੂਜੇ ਪੜਾਅ ਦੀਆਂ ਵੋਟਾਂ ਦੇ 31 ਮਾਰਚ ਨੂੰ ਸੈਕਰਾਮੈਂਟੋ (ਕੈਲੀਫੋਰਨੀਆ) ਵਿੱਚ ਪੈਣ ਦੇ ਕੀਤੇ ਐਲਾਨ ਤੋਂ ਬਾਅਦ ਐੱਸ. ਐੱਫ. ਜੇ. ਦੇ ਅਟਾਰਨੀ ਜਨਰਲ ਗੁਰਪਤਵੰਤ ਸਿੰਘ ਪੰਨੂੰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਯੁਕਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੂੰ ਸ਼ਹੀਦੀ ਸਮਾਗਮ ਦੀ ਅਗਵਾਈ



ਕਰਨ ਅਤੇ ਅਰਦਾਸ ਕਰਨ ਲਈ ਸੱਦਾ ਦਿੱਤਾ ਹੈ। ਪੰਨੂੰ ਨੇ ਕਿਹਾ ਕਿ ਇਹ ਵੋਟਾਂ ਪੰਜਾਬ ਪੁਲਿਸ ਵੱਲੋਂ ਸ਼ਹੀਦ ਕੀਤੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਸਮਰਪਿਤ ਹੋਣਗੀਆਂ ਅਤੇ ਇਸ ਦਿਨ ਨੂੰ ਖ਼ਾਲਿਸਤਾਨ ਰੈਫਰੈਂਡਮ ਦੀਆਂ ਵੋਟਾਂ ਦਾ ਸੈਂਟਰ ਸ਼ਹੀਦ ਜੱਥੇਦਾਰ ਕਾਉਂਕੇ ਨੂੰ ਸਮਰਪਿਤ ਕੀਤਾ ਗਿਆ ਹੈ। ਪੰਨੂੰ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਕੌਮ ਦਾ ਸ਼ਹੀਦ ਐਲਾਨਣ ਦੀ ਅਪੀਲ ਕੀਤੀ ਹੈ।

## ਇੰਗਲੈਂਡ ਦੇ ਕਿੰਗ ਚਾਰਲਸ ਨੂੰ ਹੋਇਆ ਕੈਂਸਰ, ਬਕਿੰਘਮ ਪੈਲੇਸ ਨੇ ਸਾਂਝੀ ਕੀਤੀ ਜਾਣਕਾਰੀ

ਲੰਡਨ/ਏ.ਟੀ.ਨਿਊਜ਼: ਇੰਗਲੈਂਡ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਬਕਿੰਘਮ ਪੈਲੇਸ ਨੇ ਕਿੰਗ ਚਾਰਲਸ ਬਾਰੇ ਵੱਡੀ ਜਾਣਕਾਰੀ ਸਾਂਝੀ ਕੀਤੀ ਹੈ। ਪੈਲੇਸ ਵੱਲੋਂ ਦਿੱਤੀ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਕਿੰਗ ਚਾਰਲਸ ਦਾ ਡਾਇਗਨੌਸਿਸ ਕਰਵਾਇਆ ਗਿਆ ਹੈ, ਜਿਸ 'ਚ ਉਨ੍ਹਾਂ ਨੂੰ ਕੈਂਸਰ ਹੋਣ ਦਾ ਪਤਾ ਲੱਗਾ ਹੈ। ਹਸਪਤਾਲ 'ਚ ਪ੍ਰੋਸਟੇਟ ਦਾ ਚੈੱਕਅੱਪ ਕਰਵਾਉਣ ਗਏ ਕਿੰਗ ਨੂੰ ਇਸ ਬਿਮਾਰੀ ਬਾਰੇ ਪਤਾ ਲੱਗਿਆ ਸੀ। ਇਸ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਸਮੇਂ ਸਿਰ ਇਲਾਜ ਅਤੇ ਰੋਜ਼ਾਨਾ ਚੈਕਅੱਪ ਲਈ ਸਲਾਹ ਦਿੰਦੇ ਹੋਏ ਲੋਕਾਂ ਨੂੰ ਮਿਲਣ ਵਾਲੇ ਪ੍ਰੋਗਰਾਮਾਂ ਨੂੰ ਟਾਲਣ ਦਾ ਕਿਹਾ ਹੈ। ਇਸ ਦੌਰਾਨ ਉਹ ਕਾਗਜ਼ੀ ਕੰਮ ਰੋਜ਼ਾਨਾਂ ਵਾਂਗ ਕਰਦੇ ਰਹਿਣਗੇ। ਪੈਲੇਸ ਵੱਲੋਂ ਜਾਰੀ



ਕੀਤੇ ਗਏ ਬਿਆਨ 'ਚ ਕਿਹਾ ਗਿਆ ਹੈ ਕਿ ਕਿੰਗ ਚਾਰਲਸ ਨੇ ਆਪਣੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਹੈ। ਉਹ ਆਪਣੇ ਇਲਾਜ ਬਾਰੇ ਕਾਫ਼ੀ ਸਕਾਰਾਤਮਕ ਰਵੱਈਆ ਅਪਣਾ ਰਹੇ ਹਨ ਤੇ ਪੂਰੀ ਤਰ੍ਹਾਂ ਠੀਕ ਹੋ ਕੇ ਵਾਪਸ ਆਉਣ ਬਾਰੇ ਸੋਚ ਰਹੇ ਹਨ।

ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਕਿੰਗ ਨੇ ਆਪਣੀ ਬਿਮਾਰੀ ਦੀ ਜਾਣਕਾਰੀ ਜਨਤਕ ਕਰਨ ਦਾ ਫੈਸਲਾ ਇਸ ਕਾਰਨ ਕੀਤਾ ਹੈ ਤਾਂ ਜੋ ਉਹ ਉਨ੍ਹਾਂ ਲੋਕਾਂ ਨੂੰ ਕੈਂਸਰ ਨੂੰ ਸਮਝਣ 'ਚ ਮਦਦ ਕਰ ਸਕਣ ਜੋ ਕੈਂਸਰ ਤੋਂ ਪਹਿਲਾਂ ਤੋਂ ਪੀੜਤ ਹਨ।

## ਯੂ.ਕੇ. 'ਚ ਕੈਂਸਰ ਦੀ ਵੈਕਸੀਨ ਦਾ ਟ੍ਰਾਇਲ ਸ਼ੁਰੂ

### 81 ਸਾਲ ਦੇ ਮਰੀਜ਼ ਨੂੰ ਦਿੱਤੀ ਗਈ ਪਹਿਲੀ ਖ਼ੁਰਾਕ

ਲੰਡਨ/ਏ.ਟੀ.ਨਿਊਜ਼: ਯੂਨਾਈਟਿਡ ਕਿੰਗਡਮ ਵਿੱਚ ਕੈਂਸਰ ਵੈਕਸੀਨ ਦਾ ਫਰੀ ਟਰਾਇਲ ਸ਼ੁਰੂ ਹੋ ਗਿਆ ਹੈ। ਰਿਪੋਰਟਾਂ ਅਨੁਸਾਰ ਸਰੀ ਦੇ ਇੱਕ 81 ਸਾਲਾ ਵਿਅਕਤੀ ਨੂੰ ਐੱਮ.ਆਰ.ਐੱਨ.ਏ.-4359 ਨਾਮਕ ਵੈਕਸੀਨ ਦੀ ਪਹਿਲੀ ਖੁਰਾਕ ਦਿੱਤੀ ਗਈ ਹੈ। ਉਹ ਪਿਛਲੇ ਅਕਤੂਬਰ ਤੋਂ ਚਮੜੀ ਦੇ ਕੈਂਸਰ ਤੋਂ ਪੀੜਤ ਹੈ। ਜਦੋਂ ਉਸਨੂੰ ਹੋਰ ਇਲਾਜਾਂ ਵਿੱਚ ਕੋਈ ਸਫਲਤਾ ਨਹੀਂ ਮਿਲੀ, ਤਾਂ ਉਸਨੇ ਟਰਾਇਲ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ। ਸਿਹਤ ਸਕੱਤਰ ਵਿਕਟੋਰੀਆ ਐਟਕਿੰਸ ਨੇ ਕਿਹਾ ਕਿ ਵੈਕਸੀਨ ਵਿੱਚ ਹੋਰ ਜਾਨਾਂ ਬਚਾਉਣ ਦੀ ਸਮਰੱਥਾ ਹੈ। ਇਸਦਾ ਟੀਚਾ ਇਮਿਊਨ ਸਿਸਟਮ ਨੂੰ ਇਸ ਤਰੀਕੇ ਨਾਲ ਸਿਖਲਾਈ ਦੇਣਾ ਹੈ ਕਿ ਇਹ ਕੈਂਸਰ ਸੈੱਲਾਂ ਨੂੰ ਪਛਾਣ ਸਕੇ ਅਤੇ ਲੜ ਸਕੇ। ਇਸਦਾ ਕੰਮ ਸੰਭਾਵੀ ਤੌਰ 'ਤੇ ਉਨ੍ਹਾਂ ਸੈੱਲਾਂ ਨੂੰ ਨਸ਼ਟ ਕਰਨਾ ਹੈ ਜੋ ਇਮਿਊਨ ਪ੍ਰਤੀਕ੍ਰਿਆ ਨੂੰ ਦਬਾ ਸਕਦੇ ਹਨ। ਇੰਪੀਰੀਅਲ ਕਾਲਜ ਦੀ ਵੈੱਬਸਾਈਟ ਦੇ ਅਨੁਸਾਰ, ਫਾਰਮਾਸਿਊਟੀਕਲ ਕੰਪਨੀ ਮੋਡਰਨਾ ਵੱਲੋਂ ਸਪਾਂਸਰ ਕੀਤਾ ਗਿਆ ਅਧਿਐਨ, ਮੇਲਾਨੋਮਾ, ਫੇਫੜਿਆਂ ਦੇ ਕੈਂਸਰ ਅਤੇ ਹੋਰ ਠੋਸ ਟਿਊਮਰ ਕੈਂਸਰਾਂ ਦੇ ਇਲਾਜ ਵਿੱਚ ਥੈਰੇਪੀ ਦੀ ਸੁਰੱਖਿਆ ਅਤੇ ਸੰਭਾਵੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰੇਗਾ। ਪਹਿਲੇ ਪੜਾਅ ਵਿੱਚ ਧਿਆਨ ਐੱਮ. ਆਰ. ਐੱਨ. ਏ. ਥੈਰੇਪੀ ਦੀ ਸੁਰੱਖਿਆ ਅਤੇ ਸਹਿਣਸ਼ੀਲਤਾ ਦਾ ਮੁਲਾਂਕਣ ਕਰਨ 'ਤੇ ਹੋਵੇਗਾ। ਇਸ ਦਾ ਇਕੱਲੇ ਜਾਂ ਮੌਜੂਦਾ ਕੈਂਸਰ ਡਰੱਗ ਪੇਮਬਰੋਲਿਜ਼ੁਮਬ ਨਾਲ ਟਰਾਇਲ ਹੋ ਸਕਦਾ ਹੈ। ਖੋਜਕਰਤਾ ਇਸ ਗੱਲ ਦੀ ਖੋਜ ਕਰ ਰਹੇ ਹਨ ਕਿ ਕੀ ਇਹ ਸੁਮੇਲ ਫੇਫੜਿਆਂ ਅਤੇ ਚਮੜੀ ਦੇ ਕੈਂਸਰ ਦੇ ਮਰੀਜ਼ਾਂ ਵਿੱਚ ਟਿਊਮਰ ਨੂੰ ਘੱਟ ਕਰ ਸਕਦਾ ਹੈ ਜਾਂ ਨਹੀਂ।

## ਐੱਚ-1ਬੀ ਵੀਜ਼ਾ ਹੋਲਡਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲੇਗੀ ਅਮਰੀਕਾ 'ਚ ਕੰਮ ਕਰਨ ਦੀ ਇਜਾਜ਼ਤ

ਵਾਸ਼ਿੰਗਟਨ/ਏ.ਟੀ.ਨਿਊਜ਼: ਐੱਚ-1ਬੀ ਵੀਜ਼ਾ ਹੋਲਡਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਵ੍ਹਾਈਟ ਹਾਊਸ-ਸਮਰਥਨ ਵਾਲਾ ਦੋ-ਪੱਖੀ ਸਮਝੌਤਾ ਪੇਸ਼ ਕੀਤਾ ਗਿਆ, ਜਿਸ ਦੇ ਤਹਿਤ ਲਗਭਗ 1,00,000 ਉਨ੍ਹਾਂ ਐੱਚ-4 ਵੀਜ਼ਾ ਹੋਲਡਰਾਂ ਨੂੰ ਆਪਣੇ-ਆਪ ਕੰਮ ਕਰਨ ਦੀ ਮਨਜ਼ੂਰੀ ਮਿਲੇਗੀ, ਜੋ ਕੁਝ ਸ਼੍ਰੇਣੀ ਦੇ ਐੱਚ-1ਬੀ ਵੀਜ਼ਾ ਹੋਲਡਰਾਂ ਦੇ ਜੀਵਨਸਾਥੀ ਅਤੇ ਬੱਚੇ ਹਨ।




ਅਮਰੀਕੀ ਸੀਨੇਟ 'ਚ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਲੀਡਰਸ਼ਿਪ ਦਰਮਿਆਨ ਲੰਬੀ ਚਰਚਾ ਤੋਂ ਬਾਅਦ ਐਲਾਨੇ ਰਾਸ਼ਟਰੀ ਸੁਰੱਖਿਆ ਸਮਝੌਤਾ ਐੱਚ-1ਬੀ ਵੀਜ਼ਾ ਹੋਲਡਰਾਂ ਦੇ ਲਗਭਗ 2,50,000 ਬੱਚਿਆਂ ਦੇ ਲਈ ਵੀ ਹੱਲ ਪ੍ਰਦਾਨ ਕਰਦਾ ਹੈ। ਇਹ ਕਦਮ ਉਨ੍ਹਾਂ ਹਜ਼ਾਰਾਂ ਭਾਰਤੀ ਤਕਨਾਲੋਜੀ ਪੇਸ਼ੇਵਰਾਂ ਲਈ ਚੰਗੀ ਖ਼ਬਰ ਹੈ ਜੋ ਗ੍ਰੀਨ ਕਾਰਡ ਲਈ ਲੰਬੀ ਉਡੀਕ ਕਰ ਰਹੇ ਹਨ, ਜਿਸ ਦੀ ਅਣਹੋਂਦ ਵਿੱਚ ਉਨ੍ਹਾਂ ਦੇ ਪਤੀ ਜਾਂ ਪਤਨੀ ਕੰਮ ਨਹੀਂ ਕਰ ਸਕਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜੇ ਜਾਣ ਦਾ ਖ਼ਤਰਾ ਹੈ।

ਭਾਰਤੀ ਅਮਰੀਕੀ ਪ੍ਰਵਾਸੀਆਂ ਲਈ ਇੱਕ ਹੋਰ ਚੰਗੀ ਖ਼ਬਰ ਇਹ ਹੈ ਕਿ ਇਹ ਬਿੱਲ ਲੰਬੇ ਸਮੇਂ ਲਈ ਐੱਚ-1ਬੀ ਵੀਜ਼ਾ ਹੋਲਡਰਾਂ ਦੀ ਨੌਜਵਾਨ ਔਲਾਦ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ, ਬਸ਼ਰਤੇ ਉਨ੍ਹਾਂ ਬੱਚਿਆਂ ਨੇ 8 ਸਾਲਾਂ ਤੱਕ ਐੱਚ-4 ਦਰਜਾ ਬਰਕਰਾਰ ਰੱਖਿਆ ਹੋਵੇ।

ਇਹ ਦੇਸ਼-ਆਧਾਰਿਤ ਹੱਦ ਦੇ ਨਾਲ ਅਗਲੇ 5 ਸਾਲਾਂ ਲਈ ਸਾਲਾਨਾ 18,000 ਤੋਂ ਵੱਧ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਪ੍ਰਦਾਨ ਕਰਦਾ ਹੈ। ਇਸ ਦਾ ਮਤਲਬ ਹੈ ਕਿ ਅਗਲੇ 5 ਸਾਲਾਂ ਵਿੱਚ ਅਮਰੀਕਾ ਹਰ ਸਾਲ 1,58,000 ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਜਾਰੀ ਕਰੇਗਾ। ਯੂ. ਐੱਸ. ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਬਹੁਤ ਲੰਬੇ ਸਮੇਂ ਤੋਂ, ਦਹਾਕਿਆਂ ਤੋਂ, ਇਮੀਗ੍ਰੇਸ਼ਨ ਪ੍ਰਣਾਲੀ ਟੁੱਟ ਗਈ ਹੈ। ਇਸ ਨੂੰ ਠੀਕ ਕਰਨ ਦਾ ਸਮਾਂ ਆ ਗਿਆ ਹੈ, ਇਹ ਸਾਡੇ ਦੇਸ਼ ਨੂੰ ਸੁਰੱਖਿਅਤ ਬਣਾਏਗਾ, ਸਾਡੀ ਸਰਹੱਦ ਨੂੰ ਹੋਰ ਸੁਰੱਖਿਅਤ ਬਣਾਏਗਾ, ਕਾਨੂੰਨੀ ਇਮੀਗ੍ਰੇਸ਼ਨ ਨੂੰ ਸੁਰੱਖਿਅਤ ਕਰਦੇ ਹੋਏ ਇੱਕ ਰਾਸ਼ਟਰ ਵਜੋਂ ਸਾਡੇ ਮੁੱਲਾਂ ਮੁਤਾਬਕ ਲੋਕਾਂ ਨਾਲ ਨਿਰਪੱਖ ਅਤੇ ਮਨੁੱਖਤਾ ਵਾਲਾ ਵਿਵਹਾਰ ਕਰੇਗਾ।

## ਅਮਰੀਕਾ 'ਚ 23 ਸਾਲਾ ਇੱਕ ਹੋਰ ਭਾਰਤੀ ਵਿਦਿਆਰਥੀ ਦੀ ਮੌਤ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ 23 ਸਾਲਾ ਭਾਰਤੀ ਵਿਦਿਆਰਥੀ ਦੀ ਮੌਤ ਹੋ ਗਈ, ਜੋ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ 'ਚ ਅਜਿਹਾ ਪੰਜਵਾਂ ਮਾਮਲਾ ਹੈ। ਵਾਰਨ ਕਾਉਂਟੀ ਕੋਰੋਨਰ ਦੇ ਦਫ਼ਤਰ ਨੇ ਦੱਸਿਆ ਕਿ ਭਾਰਤੀ ਮੂਲ ਦਾ ਇੱਕ ਵਿਦਿਆਰਥੀ, ਜੋ ਪਰਡਿਊ ਯੂਨੀਵਰਸਿਟੀ ਤੋਂ ਮਕੈਨੀਕਲ ਇੰਜਨੀਅਰਿੰਗ ਵਿੱਚ ਆਪਣੀ ਡਾਕਟਰੇਟ ਦੀ ਪੜ੍ਹਾਈ ਪੂਰੀ ਕਰ ਰਿਹਾ ਸੀ, ਸੋਮਵਾਰ (5 ਫਰਵਰੀ) ਸ਼ਾਮ ਨੂੰ ਨੇਚਰ ਪ੍ਰੀਜ਼ਰਵ ਖੇਤਰ ਵਿੱਚ ਮ੍ਰਿਤਕ ਪਾਇਆ ਗਿਆ। ਕੋਰੋਨਰ ਦੇ ਦਫ਼ਤਰ ਨੇ ਪੁਸ਼ਟੀ ਕੀਤੀ ਕਿ 23 ਸਾਲਾ ਵਿਦਿਆਰਥੀ, ਜਿਸ ਦੀ ਪਛਾਣ ਸਮੀਰ ਕਾਮਥ ਵਜੋਂ ਹੋਈ ਹੈ, ਕੋਲ ਅਮਰੀਕੀ ਨਾਗਰਿਕਤਾ ਸੀ ਅਤੇ ਉਸਨੇ ਅਗਸਤ 2023 ਵਿੱਚ ਪਰਡਿਊ ਯੂਨੀਵਰਸਿਟੀ ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਆਪਣੀ ਮਾਸਟਰ ਡਿਗਰੀ ਪੂਰੀ ਕੀਤੀ ਸੀ। ਕਾਮਥ ਦੀ ਲਾਸ਼ ਸੋਮਵਾਰ ਨੂੰ ਸ਼ਾਮ 5 ਵਜੇ (ਸਥਾਨਕ ਸਮੇਂ ਅਨੁਸਾਰ) ਕ੍ਰੋਜ਼ ਗਰੋਵ ਨੇਚਰ ਪ੍ਰੀਜ਼ਰਵ ਤੋਂ ਮਿਲੀ। ਕ੍ਰੋਜ਼ ਗਰੋਵ ਨੇਚਰ ਪ੍ਰੀਜ਼ਰਵ ਨਿਕੇਸ ਲੈਂਡ ਟਰੱਸਟ ਦਾ ਹਿੱਸਾ ਹੈ ਜੋ ਵਿਲੀਅਮਸਪੋਰਟ ਵਿੱਚ 3300 ਉੱਤਰੀ ਵਾਰਨ ਕਾਉਂਟੀਰੋਡ 50 ਵੈਸਟ ਵਿਖੇ ਸਥਿਤ ਹੈ।

## ਕੈਲੀ.ਫੋਰਨੀਆ 'ਚ ਤੂ.ਫਾਨ ਕਾਰਨ ਤਬਾਹੀ

### ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਕਰੋੜਾਂ ਲੋਕਾਂ ਦਾ ਜਨਜੀਵਨ ਪ੍ਰਭਾਵਿਤ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਕੈਲੀਫ਼ੋਰਨੀਆ ਵਿੱਚ ਮੌਸਮ ਦਾ ਰੂਪ ਬਦਲ ਗਿਆ ਹੈ। ਤੂਫਾਨ ਕਾਰਨ ਸੂਬੇ 'ਚ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਚੱਲੀਆਂ। ਸੂਬੇ 'ਚ ਭਾਰੀ ਅਤੇ ਤੂਫਾਨੀ ਬਾਰਿਸ਼ ਕਾਰਨ ਕਾਫੀ ਨੁਕਸਾਨ ਹੋਇਆ ਹੈ। ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਪੱਛਮੀ ਤੱਟ ਨਾਲ ਟਕਰਾਉਣ ਵਾਲਾ ਦੂਜਾ ਪਾਈਨਐਪਲ ਐਕਸਪ੍ਰੈਸ ਤੂਫਾਨ ਸੋਮਵਾਰ ਨੂੰ ਦੱਖਣੀ ਕੈਲੀਫੋਰਨੀਆ ਵਿੱਚ ਟਕਰਾਇਆ। ਤੂਫਾਨ ਕਾਰਨ ਪੂਰੇ ਖੇਤਰ ਵਿੱਚ ਭਾਰੀ ਬਾਰਸ਼ ਹੋਈ, ਨਤੀਜੇ ਵਜੋਂ ਹੜ੍ਹ ਆ ਗਿਆ ਅਤੇ ਸੜਕ 'ਤੇ ਢਿੱਗਾਂ ਡਿੱਗ ਗਈਆਂ।



ਕੁਝ ਦਿਨ ਪਹਿਲਾਂ, ਦੱਖਣੀ ਕੈਲੀਫੋਰਨੀਆ ਵਿੱਚ ਵਾਯੂਮੰਡਲ ਨਦੀ ਕਾਰਨ ਭਾਰੀ ਮੀਂਹ ਪਿਆ ਸੀ। ਮੀਂਹ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਅਤੇ ਇਸ ਤੋਂ ਬਾਅਦ ਤੂਫਾਨ 'ਪਾਈਨੇਪਲ ਐਕਸਪ੍ਰੈਸ' ਨੇ ਸੂਬੇ 'ਚ ਤਬਾਹੀ ਮਚਾਈ ਹੈ।

ਲੋਕਾਂ ਨੂੰ ਡਰਾਈਵਿੰਗ ਸੀਮਤ ਕਰਨ ਦੀ ਕੀਤੀ ਅਪੀਲ

ਸੋਮਵਾਰ ਨੂੰ ਕੈਲੀਫੋਰਨੀਆ ਅਤੇ ਦੱਖਣ-ਪੱਛਮੀ ਐਰੀਜ਼ੋਨਾ ਦੇ ਕੁਝ ਹਿੱਸਿਆਂ ਵਿੱਚ ਹੜ੍ਹਾਂ ਅਤੇ ਤੇਜ਼ ਹਵਾਵਾਂ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਖੇਤਰ ਵਿੱਚ 3 ਕਰੋੜ ਤੋਂ ਵੱਧ ਲੋਕ ਰਹਿੰਦੇ ਹਨ। ਇਸ ਖੇਤਰ ਵਿੱਚ ਹੜ੍ਹ, ਤੇਜ਼ ਹਵਾ ਅਤੇ ਸਰਦੀ ਤੂਫ਼ਾਨ ਦੀ ਸਥਿਤੀ ਦੇ ਮੱਦੇਨਜ਼ਰ ਲੋਕਾਂ ਨੂੰ ਅਲਰਟ ਸੰਦੇਸ਼ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਵਸਨੀਕਾਂ ਨੂੰ ਵੱਧ ਤੋਂ ਵੱਧ ਬਾਹਰ ਜਾਣ ਅਤੇ ਡਰਾਈਵਿੰਗ ਨੂੰ ਸੀਮਤ ਕਰਨ ਦੀ ਅਪੀਲ ਕੀਤੀ ਸੀ।

ਰਾਸ਼ਟਰੀ ਮੌਸਮ ਸੇਵਾ ਨੇ ਹੜ੍ਹ ਵਧਣ ਦੀ ਉਮੀਦ ਜਤਾਈ

ਨੈਸ਼ਨਲ ਵੈਦਰ ਸਰਵਿਸ ਦੇ ਅਨੁਸਾਰ, ਐਤਵਾਰ ਤੋਂ ਲਾਸ ਏਂਜਲਸ ਵਿੱਚ 10 ਇੰਚ (25.4 ਸੈਂਟੀਮੀਟਰ) ਤੋਂ ਵੱਧ ਮੀਂਹ ਪਿਆ। ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਦਾ ਘਰ ਰਹਿਣ ਵਾਲੇ ਇਸ ਖੇਤਰ ਵਿੱਚ ਪੂਰੇ ਹਫ਼ਤੇ ਮੀਂਹ ਪੈਣ ਦੀ ਸੰਭਾਵਨਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

# ਕੈਨੇਡਾ 'ਚ ਵਸਦੇ ਸਿੱਖਾਂ ਵੱਲੋਂ ਕੰਮ ਵਾਲੀ ਥਾਂ 'ਤੇ ਹੈਲਮੇਟ ਤੋਂ ਛੋਟ ਦੇਣ ਦੀ ਮੰਗ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡੀਅਨ ਸਿੱਖਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇੱਕ ਚਿੱਠੀ ਲਿਖੀ ਹੈ, ਜਿਸ ਵਿੱਚ ਉਨ੍ਹਾਂ ਨੇ ਹੈਲਮੇਟ ਤੋਂ ਛੋਟ ਲਈ ਬੇਨਤੀ ਕੀਤੀ ਹੈ। ਸਿੱਖ ਸਦਭਾਵਨਾ ਦਲ (ਐੱਸ.ਐੱਸ.ਡੀ.) ਦੇ ਮੁਖੀ ਬਲਦੇਵ ਸਿੰਘ ਵਡਾਲਾ ਨੇ ਕਿਹਾ ਕਿ ਅਸੀਂ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਲਿਖਿਆ ਹੈ ਕਿ ਵੱਡੀ ਗਿਣਤੀ ਵਿੱਚ ਸਿੱਖ ਆਬਾਦੀ ਦੇਸ਼ ਦੀਆਂ ਬੰਦਰਗਾਹਾਂ, ਇੰਜਨੀਅਰਿੰਗ ਅਤੇ ਉਸਾਰੀ ਵਾਲੀਆਂ ਥਾਵਾਂ 'ਤੇ ਕੰਮ ਕਰਦੀ ਹੈ, ਜਿੱਥੇ ਸੁਰੱਖਿਆ ਕਾਨੂੰਨ ਉਨ੍ਹਾਂ ਨੂੰ ਹੈਲਮੇਟ ਪਹਿਨਣ ਲਈ ਮਜਬੂਰ ਕਰਦੇ ਹਨ, ਹਾਲਾਂਕਿ ਇਹ ਨਿਯਮ ਦਸਤਾਰ ਪਹਿਨਣ ਦੇ ਉਨ੍ਹਾਂ ਦੇ ਧਾਰਮਿਕ ਨਿਯਮਾਂ ਦੇ ਵਿਰੁੱਧ ਹੈ।



ਉਨ੍ਹਾਂ ਦਾਅਵਾ ਕੀਤਾ ਹੈ ਕਿ ਕੈਨੇਡਾ ਵਿੱਚ ਹੈਲਮੇਟ ਨਿਯਮ ਸਿੱਖ ਵਰਕਰਾਂ ਨੂੰ ਆਪਣੀ ਆਸਥਾ ਅਤੇ ਨੌਕਰੀ ਵਿੱਚੋਂ ਇੱਕ ਨੂੰ ਚੁਣਨ ਲਈ ਮਜਬੂਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਧਾਰਮਿਕ ਆਜ਼ਾਦੀ ਵਿੱਚ ਅੰਤਰ ਪੈਦਾ ਹੁੰਦਾ ਹੈ। ਵਡਾਲਾ ਨੇ ਕਿਹਾ ਕਿ ਉਨ੍ਹਾਂ ਨੇ ਕੰਮ ਵਾਲੀਆਂ ਥਾਵਾਂ 'ਤੇ ਸਿੱਖਾਂ ਨੂੰ ਆਪਣੀ ਦਸਤਾਰ ਦੇ ਉੱਪਰੋਂ ਹੈਲਮੇਟ ਪਾਉਣ ਲਈ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ ਪਰ ਅਦਾਲਤ ਵਿੱਚ ਸਾਡੀ ਕਾਨੂੰਨੀ ਚੁਣੌਤੀ ਨੂੰ ਖਾਰਜ ਕਰ ਦਿੱਤਾ ਗਿਆ।

ਕੁਝ ਸਿੱਖ ਸੰਸਥਾਵਾਂ ਨੇ ਤਾਂ ਹੈਲਮੇਟ ਨਿਯਮ ਦੀ ਸ਼ਲਾਘਾ ਵੀ ਕੀਤੀ, ਜੋ ਕਿ ਸਾਡੇ ਮਾਮਲੇ ਲਈ ਮੰਦਭਾਗਾ ਅਤੇ ਘਾਤਕ ਸੀ। ਇਸ ਲਈ ਹੁਣ ਅਸੀਂ ਟਰੂਡੋ ਨੂੰ ਸਿੱਖ ਭਾਵਨਾਵਾਂ 'ਤੇ ਵਿਚਾਰ ਕਰਨ ਅਤੇ ਸਿੱਖਾਂ ਲਈ ਹਰ ਕਿਸਮ ਦੇ ਹੈਲਮੇਟਾਂ ਦੇ ਨਿਰਮਾਣ ਅਤੇ ਵਿਕਰੀ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਦੇ ਹਾਂ।

## ਨਿਊ ਜਰਸੀ 'ਚ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ ਸਿੱਖ ਆਗੂ ਨੇ ਚੌਥੀ ਤਿਮਾਹੀ ਦੌਰਾਨ 9 ਲੱਖ ਡਾਲਰ ਤੋਂ ਵਧ ਫੰਡ ਜੁਟਾਇਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਨਿਊਜਰਸੀ ਦੀ 8ਵੀਂ ਕਾਂਗਰਸ ਡਿਸਟ੍ਰਿਕਟ ਸੀਟ ਤੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਲੜ ਰਹੇ ਸਿੱਖ ਆਗੂ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਨੇ ਐਲਾਨ ਕੀਤਾ ਹੈ ਕਿ ਚੌਥੀ ਤਿਮਾਹੀ ਦੌਰਾਨ ਉਸ ਨੇ ਨਿੱਜੀ ਦਾਨੀਆਂ ਤੋਂ 9,74,000 ਡਾਲਰ ਫੰਡ ਜੁਟਾਇਆ ਹੈ ਤੇ ਚੌਥੀ ਤਿਮਾਹੀ ਦੇ ਅੰਤ ਵਿੱਚ ਉਸ ਕੋਲ ਕੁਲ ਨਕਦੀ 9,14,000 ਡਾਲਰ ਦੀ ਹੈ। ਪ੍ਰਾਇਮਰੀ ਚੋਣ ਵਿੱਚ ਉਹ ਨਿਊ ਜਰਸੀ ਦੇ ਮੌਜੂਦਾ ਪ੍ਰਤੀਨਿੱਧ ਰਾਬ ਮੈਨਨਡੇਜ਼ ਜੂਨੀਅਰ ਵਿਰੁੱਧ ਚੋਣ ਮੈਦਾਨ ਵਿੱਚ ਹਨ। ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਜਾਣੇ ਪਛਾਣੇ ਰਾਜਸੀ ਆਗੂ ਹਨ ਤੇ ਉਹ ਮਨੁੱਖੀ (ਬਾਕੀ ਸਫ਼ਾ 30 'ਤੇ)



## ਹੁਣ ਭਾਰਤੀਆਂ ਨੂੰ ਇਰਾਨ ਜਾਣ ਲਈ ਵੀਜ਼ੇ ਦੀ ਲੋੜ ਨਹੀਂ

### ਇਰਾਨ ਵੱਲੋਂ ਭਾਰਤੀ ਨਾਗਰਿਕਾਂ ਲਈ ਚਾਰ ਸ਼ਰਤਾਂ ਤਹਿਤ ਵੀਜ਼ਾ-ਮੁਕਤ ਦਾਖਲੇ ਦੀ ਸਹੂਲਤ ਸ਼ੁਰੂ

ਨਵੀਂ ਦਿੱਲੀ/ਏ.ਟੀ.ਨਿਊਜ਼: ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀਆਂ ਦੇ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਇਰਾਨ ਨੇ ਭਾਰਤ ਤੋਂ ਆਉਣ ਵਾਲੇ ਲੋਕਾਂ ਲਈ ਵੀਜ਼ਾ ਮੁਕਤ ਪ੍ਰੋਗਰਾਮ ਨੂੰ ਮਨਜ਼ੂਰੀ ਦਿੱਤੀ ਹੈ। ਹਾਲਾਂਕਿ ਇਸ ਤਹਿਤ ਆਉਣ ਵਾਲੇ ਸੈਲਾਨੀ ਜ਼ਿਆਦਾ ਤੋਂ ਜ਼ਿਆਦਾ 15 ਦਿਨ ਹੀ ਉੱਥੇ ਰਹਿ ਸਕਣਗੇ।



ਇਰਾਨੀ ਦੂਤਘਰ ਨੇ ਕਿਹਾ ਕਿ ਭਾਰਤੀ ਨਾਗਰਿਕਾਂ ਲਈ ਚਾਰ ਸ਼ਰਤਾਂ ਤਹਿਤ 4 ਫਰਵਰੀ ਤੋਂ ਵੀਜ਼ਾ-ਮੁਕਤ ਦਾਖਲੇ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ। ਦਸੰਬਰ ਵਿੱਚ, ਇਰਾਨ ਨੇ ਭਾਰਤ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਇੰਡੋਨੇਸ਼ੀਆ, ਜਾਪਾਨ, ਸਿੰਗਾਪੁਰ ਅਤੇ ਮਲੇਸ਼ੀਆ ਸਮੇਤ 32 ਹੋਰ ਦੇਸ਼ਾਂ ਲਈ ਵੀਜ਼ਾ ਮੁਕਤ ਪ੍ਰੋਗਰਾਮ ਨੂੰ ਮਨਜ਼ੂਰੀ ਦਿੱਤੀ ਸੀ। ਇਰਾਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਾਧਾਰਨ ਪਾਸਪੋਰਟ ਰੱਖਣ ਵਾਲੇ ਲੋਕਾਂ ਨੂੰ ਹਰ 6 ਮਹੀਨਿਆਂ ਵਿੱਚ ਇਕ ਵਾਰ ਬਿਨਾਂ ਵੀਜ਼ੇ ਦੇ ਵੱਧ ਤੋਂ ਵੱਧ 15 ਦਿਨ ਤੱਕ ਦੇਸ਼ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਬਿਆਨ ਵਿੱਚ ਕਿਹਾ ਗਿਆ ਹੈ, 'ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ 15 ਦਿਨਾਂ ਦੀ ਮਿਆਦ ਵਧਾਈ ਨਹੀਂ ਜਾ ਸਕਦੀ।'

## ਪੰਨੂ ਦੇ ਸਾਜਿਸ਼ਕਰਤਾ ਨਿਖਿਲ ਗੁਪਤਾ ਮਾਮਲੇ 'ਚ ਅਮਰੀਕਾ ਨੂੰ ਝਟਕਾ

# ਸੁਪਰੀਮ ਕੋਰਟ ਨੇ ਕੇਸ ਦੀ ਸੁਣਵਾਈ ਤੱਕ ਨਿਖਿਲ ਗੁਪਤਾ ਦੀ ਹਵਾਲਗੀ 'ਤੇ ਲੱਗਾਈ ਰੋਕ

ਵਸ਼ਿੰਗਟਨ/ਏ.ਟੀ.ਨਿਊਜ਼ : ਸਿੱਖ ਫ਼ਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਦੇ ਮਾਮਲੇ ਵਿੱਚ ਅਮਰੀਕਾ ਨੂੰ ਚੈੱਕ ਰਿਪਬਲਿਕ ਦੀ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਿਆ ਹੈ । ਨਿਖਿਲ ਗੁਪਤਾ ਦੇ ਵਕੀਲਾਂ ਨੇ ਹਵਾਲਗੀ ਦੇ ਮਾਮਲੇ ਵਿੱਚ ਚੈੱਕ ਰਿਪਬਲਿਕ ਦੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਸੀ ਜਿਸ ਤੋਂ ਬਾਅਦ ਅਦਾਲਤ ਨੇ ਕੇਸ ਦੀ ਸੁਣਵਾਈ ਤੱਕ ਨਿਖਿਲ ਗੁਪਤਾ ਦੀ ਹਵਾਲਗੀ 'ਤੇ ਰੋਕ ਲੱਗਾ ਦਿੱਤੀ ਹੈ।

ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਨਿਖਿਲ ਗੁਪਤਾ ਦੀ ਹਵਾਲਗੀ ਨੂੰ ਹਰੀ ਝੰਡੀ ਦਿੱਤੀ ਸੀ। ਹਾਲਾਂਕਿ ਅਮਰੀਕਾ ਅਤੇ ਚੈੱਕ ਰਿਪਬਲਿਕ ਵਿੱਚ ਸਪੁਰਦਗੀ ਦੇ ਮਾਮਲੇ ਵਿੱਚ ਪਹਿਲਾਂ ਤੋਂ ਸਮਝੌਤਾ ਹੈ। ਇਸ ਤੋਂ ਪਹਿਲਾਂ ਨਿਖਿਲ ਗੁਪਤਾ ਦੇ ਵਕੀਲਾਂ ਨੇ ਨਿਊਯਾਰਕ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਨਿਖਿਲ ਗੁਪਤਾ ਖ਼ਿਲਾਫ਼ ਏਜੰਸੀ ਤੋਂ ਸਬੂਤ ਮੰਗੇ ਸਨ ਪਰ ਅਦਾਲਤ ਵਿੱਚ ਏਜੰਸੀ ਨੇ ਅਮਰੀਕਾ ਦੇ ਕਾਨੂੰਨ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਤੱਕ ਮੁਲਜ਼ਮ ਨਿਖਿਲ ਗੁਪਤਾ ਸਾਡੀ ਗਿਰਫਤ ਵਿੱਚ ਨਹੀਂ ਆਉਂਦਾ ਹੈ ਅਸੀਂ ਸਬੂਤ ਨਹੀਂ ਦੇ ਸਕਦੇ ਹਾਂ। ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਸੀ ਅਤੇ ਨਿਖਿਲ ਗੁਪਤਾ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਭਾਰਤ ਸਰਕਾਰ ਵੱਲੋਂ ਨਿਖਿਲ ਗੁਪਤਾ ਨੂੰ ਲਗਾਤਾਰ ਕਾਨੂੰਨੀ ਮਦਦ ਦਿੱਤੀ ਜਾ ਰਹੀ ਹੈ।



ਪਿਛਲੇ ਸਾਲ ਨਿਖਿਲ ਗੁਪਤਾ ਨੂੰ ਅਮਰੀਕਾ ਦੇ ਏਜੰਟ ਦੀ ਜਾਣਕਾਰੀ ਦੇ ਤਹਿਤ ਕਾਰਵਾਈ ਕੀਤੀ ਗਈ ਸੀ। ਦਰਅਸਲ ਇਲਜ਼ਾਮ ਹਨ ਕਿ ਨਿਖਿਲ ਗੁਪਤਾ ਨੂੰ ਇੱਕ ਭਾਰਤੀ ਏਜੰਟ ਨੇ ਸਿੱਖ ਫ਼ਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਜਿਸ ਤੋਂ ਬਾਅਦ ਨਿਖਿਲ ਗੁਪਤਾ ਨੇ ਜਿਸ ਸ਼ਖਸ ਨੂੰ ਪੰਨੂ ਨੂੰ ਮਾਰਨ ਦੀ ਜ਼ਿੰਮੇਵਾਰੀ ਦਿੱਤੀ ਸੀ ਉਹ ਅਮਰੀਕੀ ਖ਼ੁਫ਼ੀਆ ਵਿਭਾਗ ਦਾ ਏਜੰਟ ਨਿਕਲਿਆ ਸੀ। ਜਿਸ ਤੋਂ ਬਾਅਦ ਚੈੱਕ ਰਿਪਬਲਿਕ ਦੀ ਪੁਲਿਸ ਨੇ ਅਮਰੀਕਾ ਦੇ ਕਹਿਣ 'ਤੇ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਵਿੱਚ ਅਮਰੀਕਾ ਨੇ ਭਾਰਤ ਨੂੰ ਸ਼ਿਕਾਇਤ ਵੀ ਕੀਤੀ ਸੀ ਜਿਸ ਤੋਂ ਬਾਅਦ ਇਸ ਦੀ ਜਾਂਚ ਕਰਵਾਉਣ ਦਾ ਭਾਰਤ ਸਰਕਾਰ ਵੱਲੋਂ ਭਰੋਸਾ ਦਿੱਤਾ ਗਿਆ ਸੀ। ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਇਸ ਮਾਮਲੇ ਨੂੰ ਲੈਕੇ ਭਾਰਤ ਵੀ ਆ ਚੁੱਕੇ ਹਨ।

# ਐਨ.ਆਰ.ਆਈ. ਭਾਈਚਾਰਾ ਸੂਬੇ ਦੀ ਤਰੱਕੀ 'ਚ ਭਾਈਵਾਲ ਬਣੇ: ਮਾਨ

ਪਠਾਨਕੋਟ/ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵ ਭਰ ਵਿੱਚ ਵਸਦੇ ਪਰਵਾਸੀ ਭਾਰਤੀ ਭਾਈਚਾਰੇ ਨੂੰ ਪੰਜਾਬ ਦੇ ਅਰਥਚਾਰੇ ਨੂੰ ਦੁਨੀਆਂ ਭਰ 'ਚ ਮੋਹਰੀ ਬਣਾਉਣ ਲਈ ਇੱਥੇ ਖੁੱਲ੍ਹੇ ਦਿਲ ਨਾਲ ਨਿਵੇਸ਼ ਕਰਨ ਅਤੇ ਕਾਰੋਬਾਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਉਹ ਜ਼ਿਲ੍ਹਾ ਪਠਾਨਕੋਟ ਦੇ ਚਮਰੋੜ ਵਿੱਚ ਐੱਨ.ਆਰ.ਆਈ. ਭਾਈਚਾਰੇ ਨਾਲ ਰੱਖੀ ਮਿਲਣੀ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲ ਚੰਦ ਕਟਾਰੂਚੱਕ, ਬ੍ਰਮਸ਼ੰਕਰ ਜਿੰਪਾ, ਬਟਾਲਾ ਦੇ ਵਿਧਾਇਕ ਸ਼ੇਰ ਕਲਸੀ, ਜ਼ਿਲ੍ਹਾ ਪ੍ਰਧਾਨ ਠਾਕੁਰ, ਅਮਿਤ ਸਿੰਘ ਮੰਟੂ, ਵਿਭੂਤੀ ਸ਼ਰਮਾ, ਡਾ. ਸੰਜੀਵ ਤਿਵਾੜੀ, ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ, ਐੱਨ.ਆਰ.ਆਈ. ਸਭਾ ਦੀ ਪੰਜਾਬ ਪ੍ਰਧਾਨ ਪਰਵਿੰਦਰ ਕੌਰ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪਠਾਨਕੋਟ ਦਾ ਇਹ ਨਿਆਮਤਾਂ ਭਰਿਆ ਅਤੇ ਜਰਖੇਜ਼ ਨੀਮ ਪਹਾੜੀ ਇਲਾਕਾ ਹੁਣ ਤੱਕ ਵਿਸਰਿਆ ਰਿਹਾ ਹੈ। ਇੱਥੋਂ ਦਾ ਵਾਤਾਵਰਨ ਬਹੁਤ ਖ਼ੂਬਸੂਰਤ ਹੋਣ ਕਰ ਕੇ ਇੱਥੇ ਸੈਰ ਸਪਾਟਾ ਵਿਕਸਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਿੰਨੀ ਗੋਆ ਦੇ ਨਾਂ ਨਾਲ ਮਸ਼ਹੂਰ ਇਸ ਇਲਾਕੇ ਨੂੰ ਵਿਕਸਤ ਕਰਨ ਦੇ ਉਦੇਸ਼ ਹਿੱਤ ਹੀ ਇਹ ਮੀਟਿੰਗ ਰੱਖੀ ਗਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਤਹਿਤ ਤਾਜ ਅਤੇ ਹਯਾਤ ਹੋਟਲ ਵਾਲਿਆਂ ਨੇ ਇੱਥੇ ਅੱਠ-ਅੱਠ ਏਕੜ ਵਿੱਚ ਹੋਟਲ ਬਣਾਉਣ ਸਬੰਧੀ ਗੱਲਬਾਤ ਆਰੰਭੀ ਹੈ। ਇਹ ਹੋਟਲ ਇੱਥੇ ਰਣਜੀਤ ਸਾਗਰ ਡੈਮ ਦੀ ਝੀਲ ਅੰਦਰਲੇ ਕੁਦਰਤੀ ਟਾਪੂ ਵਿੱਚ ਬਣਨਗੇ ਅਤੇ ਵੈਸ਼ਨੋ ਦੇਵੀ, ਡਲਹੌਜ਼ੀ, ਧਰਮਸ਼ਾਲਾ ਤੇ ਹੋਰ ਪਹਾੜੀ ਸਥਾਨਾਂ ਨੂੰ ਜਾਣ ਵਾਲੇ ਸੈਲਾਨੀਆਂ ਲਈ ਇਹ ਹੋਟਲ ਖਿੱਚ ਦਾ ਕੇਂਦਰ ਬਣਨਗੇ। ਸਿਰਫ਼ ਇਹੀ ਨਹੀਂ ਇੱਥੇ ਰਾਵੀ ਦਰਿਆ ਦੇ ਪਾਣੀ ਨਾਲ ਸ਼ਾਹਪੁਰਕੰਡੀ ਡੈਮ ਵੀ ਉਸਾਰਿਆ ਜਾ ਰਿਹਾ ਹੈ ਜਿੱਥੋਂ 206 ਮੈਗਾਵਾਟ ਬਿਜਲੀ ਦੀ ਪੈਦਾਵਾਰ ਹੋਵੇਗੀ। ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਕਿਹਾ ਕਿ ਨੌਕਰੀਆਂ ਮੰਗਣ ਦੀ ਥਾਂ ਉਹ ਨੌਕਰੀਆਂ ਦੇਣ ਵਾਲੇ ਬਣਨ। ਉਨ੍ਹਾਂ ਚਮਰੋੜ (ਮਿਨੀ ਗੋਆ) ਵਿੱਚ ਸੈਲਾਨੀਆਂ ਲਈ ਜੈਟਸਕੀਅ (ਸਪੀਡ ਬੋਟਿੰਗ), ਮੋਟਰ ਪੈਰਾਗਲਾਈਡਿੰਗ ਅਤੇ ਹੌਟ ਏਅਰ ਬੈਲੂਨ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ। ਇਹ ਐਲਾਨ ਉਨ੍ਹਾਂ ਸਮਾਗਮ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਤਿੰਨੋਂ ਸਰਗਰਮੀਆਂ ਦਾ ਪ੍ਰਦਰਸ਼ਨ ਦੇਖਣ ਮਗਰੋਂ ਕੀਤਾ। ਉਨ੍ਹਾਂ ਕਿਹਾ ਕਿ ਇਸ ਜਗ੍ਹਾ 'ਤੇ ਪਹਿਲਾਂ ਹੀ ਦੋ ਕਿਸ਼ਤੀਆਂ ਚੱਲ ਰਹੀਆਂ ਹਨ, ਇਸ ਕਰ ਕੇ ਇੱਥੇ ਸੈਰ-ਸਪਾਟੇ ਦੀ ਸੰਭਾਵਨਾ ਨੂੰ ਦੇਖਦੇ ਹੋਏ ਇਹ ਤਿੰਨੋਂ ਸਰਗਰਮੀਆਂ ਵੀ ਸ਼ੁਰੂ ਕੀਤੀਆਂ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ 15 ਸਾਲਾਂ ਤੋਂ ਸੂਬੇ ਨੂੰ ਅੰਨ੍ਹੇਵਾਹ ਲੁੱਟਣ ਮਗਰੋਂ ਹੁਣ ਉਹ ਕਿਸ ਤੋਂ ਸੂਬੇ ਨੂੰ ਬਚਾਉਣ ਦਾ ਰੌਲਾ ਪਾ ਰਹੇ ਹਨ। ਕੁਲਦੀਪ ਧਾਲੀਵਾਲ ਨੇ ਦੱਸਿਆ ਕਿ ਅੱਜ ਇੱਥੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਸੁਣਨ ਲਈ ਇਹ ਮਿਲਣੀ ਕੀਤੀ ਗਈ ਹੈ।



## ਮੁੱਖ ਮੰਤਰੀ ਵੱਲੋਂ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਖ਼ਤਮ ਕਰਨ ਦਾ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼ : ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਵੱਡਾ ਤੋਹਫਾ ਦਿੰਦਿਆਂ ਰਜਿਸਟਰੀ ਲਈ ਐੱਨ.ਓ.ਸੀ ਦੀ ਸ਼ਰਤ ਖਤਮ ਕੀਤੇ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦੀ ਹੀ ਨੋਟੀਫਿਕੇਸ਼ਨ ਤੇ ਹੋਰ ਵੇਰਵੇ ਜਾਰੀ ਕਰ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਸਾਫ਼ ਕਰ ਦਿੱਤਾ ਕਿ ਭਵਿੱਖ ਵਿੱਚ ਸੂਬੇ ਵਿੱਚ ਗੈਰ-ਕਾਨੂੰਨੀ ਕਲੋਨੀਆਂ ਨਹੀਂ ਬਣਨ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਹਲਕਾ ਡੇਰਾਬੱਸੀ ਦੇ ਪਿੰਡ ਭਾਂਖਰਪੁਰ ਵਿੱਚ 'ਆਪ ਦੀ ਸਰਕਾਰ, ਆਪ ਦੇ ਦੁਆਰ' ਸਕੀਮ ਦਾ ਰਸਮੀ ਆਗਾਜ਼ ਕਰਨ ਮੌਕੇ ਬੋਲ ਰਹੇ ਸਨ। ਸ੍ਰੀ ਮਾਨ ਨੇ ਦੱਸਿਆ ਕਿ ਸਰਕਾਰ ਨੇ ਕਲਰ ਕੋਡਿੰਗ ਸਟੈਂਪ ਪੇਪਰ ਸਿਸਟਮ ਸ਼ੁਰੂ ਕੀਤਾ ਹੈ ਤੇ ਕਲੋਨੀ ਬਣਾਉਣ ਲਈ ਕਲੋਨਾਈਜ਼ਰ ਨੂੰ ਲਾਲ ਸਟੈਂਪ ਪੇਪਰ ਲੈਣਾ ਪਵੇਗਾ। ਇਹ ਸਟੈਂਪ ਪੇਪਰ ਉਦੋਂ ਹੀ ਜਾਰੀ ਕੀਤਾ ਜਾਵੇਗਾ ਜਦੋਂ ਬਿਨੈਕਾਰ ਨੂੰ ਸੀਵਰੇਜ, ਅੱਗ, ਬਿਜਲੀ ਅਤੇ ਪ੍ਰਦੂਸ਼ਣ ਸਮੇਤ ਸਾਰੀਆਂ ਮਨਜ਼ੂਰੀਆਂ ਮਿਲ ਜਾਣਗੀਆਂ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗੈਰਮਨਜ਼ੂਰਸ਼ੁਦਾ ਕਲੋਨੀਆਂ ਵਿੱਚ ਪਲਾਟ ਖਰੀਦੇ ਹੋਏ ਸਨ, ਉਨ੍ਹਾਂ ਨੂੰ ਹੁਣ ਰਾਹਤ ਮਿਲੇਗੀ ਕਿਉਂਕਿ ਅਜਿਹੀਆਂ ਪੁਰਾਣੀਆਂ ਕਲੋਨੀਆਂ ਲਈ ਐੱਨ.ਓ.ਸੀ. ਦੀ ਸ਼ਰਤ ਖ਼ਤਮ ਕੀਤੀ ਜਾ ਰਹੀ ਹੈ ਹਾਲਾਂਕਿ ਨਵੀਆਂ ਕਲੋਨੀਆਂ 'ਤੇ ਇਹ ਸ਼ਰਤ ਲਾਗੂ ਨਹੀਂ ਹੋਵੇਗੀ। ਸਰਕਾਰ ਗੈਰ ਕਾਨੂੰਨੀ ਕਲੋਨੀਆਂ ਨਹੀਂ ਕੱਟਣ ਦੇਵੇਗੀ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਕੰਮਾਂ ਲਈ ਦਫ਼ਤਰਾਂ ਦੇ ਕਈ ਚੱਕਰ ਲਗਾਉਣੇ ਪੈਂਦੇ ਹਨ, ਪਰ ਉਨ੍ਹਾਂ ਦੇ ਕੰਮ ਨਹੀਂ ਹੁੰਦੇ। ਅੱਜ ਤੋਂ ਇਸ ਵਰਤਾਰੇ ਨੂੰ ਖਤਮ ਕਰ ਦਿੱਤਾ ਗਿਆ ਹੈ। ਪਿੰਡ ਭਾਂਖਰਪੁਰ ਵਿੱਚ ਸ਼ੁਰੂ ਕੀਤੀ ਗਈ ਇਸ ਸਕੀਮ ਤਹਿਤ ਲੋਕਾਂ ਨੂੰ ਘਰ ਬੈਠੇ 45 ਸਹੂਲਤਾਂ ਮਿਲਣਗੀਆਂ। ਸਬ-ਡਵੀਜ਼ਨਾਂ ਵਿੱਚ ਰੋਜ਼ਾਨਾ ਕੈਂਪ ਲਗਾਏ ਜਾਣਗੇ ਜਿਨ੍ਹਾਂ ਦਾ ਸਮਾਂ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਸਹੁੰ ਚੁੱਕਣ ਵੇਲੇ ਕਿਹਾ ਸੀ ਕਿ ਸਰਕਾਰ ਪਿੰਡਾਂ, ਛੋਟੇ ਕਸਬਿਆਂ ਅਤੇ ਸ਼ਹਿਰਾਂ ਤੋਂ ਚੱਲੇਗੀ ਅਤੇ ਉਨ੍ਹਾਂ ਦਾ ਸੁਫ਼ਨਾ ਪੂਰਾ ਹੋ ਗਿਆ ਹੈ। ਮੁੱਖ ਮੰਤਰੀ ਨੇ ਭਾਂਖਰਪੁਰ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਿਹਾ ਕਿ ਇਸ ਪਿੰਡ ਵਿੱਚ ਟਿਊਬਵੈੱਲ ਨਾ ਹੋਣ ਕਾਰਨ ਪੀਣ ਵਾਲੇ ਪਾਣੀ ਦੀ ਸਮੱਸਿਆ ਆ ਰਹੀ ਹੈ, ਇਸ ਦਾ ਹੱਲ ਇਸੇ ਮਹੀਨੇ ਕਰ ਦਿੱਤਾ ਜਾਏਗਾ।

# ਮਹਾਰਾਸ਼ਟਰ ਸਰਕਾਰ ਨੇ ਹਜ਼ੂਰ ਸਾਹਿਬ ’ਤੇ ਕੀਤਾ ਕਬਜ਼ਾ

## ਹਜ਼ੂਰ ਸਾਹਿਬ ਬੋਰਡ ਦੇ ਐਕਟ ’ਚ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਧਾਈ

ਮੁੰਬਈ/ਏ.ਟੀ.ਨਿਊਜ਼ : ਮਹਾਰਾਸ਼ਟਰ ਦੀ ਸ਼ਿਵ ਸੈਨਾ ਦੀ ਏਕ ਨਾਥ ਸ਼ਿੰਦੇ ਸਰਕਾਰ ਨੇ ਸਿੱਖ ਮਾਮਲਿਆਂ ਵਿੱਚ ਸਿੱਧਾ ਦਖ਼ਲ ਦਿੰਦੇ ਹੋਏ ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਦੇ ਬੋਰਡ ਦੇ ਐਕਟ ਵਿੱਚ ਤਬਦੀਲੀ ਕਰ ਕੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ। ਸਿੱਖ ਗੁਰਧਾਮਾਂ ਤੇ ਸਰਕਾਰੀ ਕਬਜ਼ਿਆਂ ਦੀ ਕੜੀ ਵਿੱਚ ਨਵਾਂ ਅਧਿਆਏ ਜੁੜ ਗਿਆ ਹੈ। ਸ਼ਿੰਦੇ ਸਰਕਾਰ ਨੇ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਇੱਕ ਬਿਲ ਪੇਸ਼ ਕਰ ਕੇ ਐਕਟ ਵਿੱਚ ਸੋਧ ਕਰਦਿਆਂ ਸਰਕਾਰ ਵੱਲੋਂ ਨਾਮਜ਼ਦ 7 ਮੈਂਬਰਾਂ ਦੀ ਗਿਣਤੀ ਨੂੰ ਵਧਾ ਕੇ 12 ਕੀਤੇ ਜਾਣ ਦਾ ਬਿਲ ਵਿਧਾਨ ਸਭਾ ਵਿੱਚ ਪਾਸ ਕਰ ਦਿਤਾ ਹੈ। ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦੇ 4



ਮੈਂਬਰਾਂ ਦੀ ਗਿਣਤੀ ਨੂੰ ਘੱਟ ਕਰਦਿਆਂ ਕਮੇਟੀ ਦੇ 2 ਮੈਂਬਰ ਸ਼ਾਮਲ ਕੀਤੇ ਗਏ ਹਨ। ਨਵੇਂ ਬਿਲ ਮੁਤਾਬਕ ਚੀਫ਼ ਖ਼ਾਲਸਾ ਦੀਵਾਨ ਤੇ ਹਜ਼ੂਰੀ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਬੋਰਡ ਵਿਚੋਂ ਮਨਫ਼ੀ ਕਰ ਦਿਤਾ ਗਿਆ ਹੈ। ਨਵੇਂ ਬਿਲ ਮੁਤਾਬਕ ਹੁਣ 17 ਮੈਂਬਰੀ ਬੋਰਡ ਵਿੱਚ ਸਰਕਾਰ ਵੱਲੋਂ ਨਾਮਜ਼ਦ 12 ਮੈਂਬਰਾਂ ਦੇ ਨਾਲ-ਨਾਲ 3 ਮੈਂਬਰ ਚੋਣ ਜਿੱਤ ਕੇ ਆਉਣਗੇ ਅਤੇ 2 ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰ ਸਕੇਗੀ। ਇਸ ਬਿਲ ਦੇ ਪਾਸ ਹੋਣ ਨਾਲ ਮਹਾਰਾਸ਼ਟਰ ਦੇ ਸਿੱਖਾਂ ਦੇ ਮਨਾਂ ਵਿੱਚ ਰੋਸ ਹੈ ਤੇ ਹਰ ਸਿੱਖ ਇਸ ਬਿਲ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਮੰਨ ਰਿਹਾ ਹੈ। ਨਾਂਦੇੜ ਸਿੱਖ ਗੁਰਦੁਆਰਾ ਐਕਟ 1956 ਮੁਤਾਬਕ ਪਹਿਲਾਂ 3 ਮੈਂਬਰ ਸਥਾਨਕ ਸਿੱਖਾਂ ਵਲੋਂ ਵੋਟਾਂ ਰਾਹੀ ਚੁਣੇ ਜਾਂਦੇ ਸਨ। ਇਸ ਦੇ ਨਾਲ-ਨਾਲ ਸਰਕਾਰ ਵੱਲੋਂ ਇਕ ਮੈਂਬਰ ਹੈਦਰਾਬਾਦ ਤੇ ਸਿਕੰਦਰਾਬਾਦ ਦੇ ਸਿੱਖਾਂ ਵਿਚੋਂ ਚੁਣਿਆ ਜਾਂਦਾ ਸੀ। ਇਕ ਮੈਂਬਰ ਸ਼੍ਰੋਮਣੀ ਕਮੇਟੀ ਦੀ ਰਾਏ ਨਾਲ ਮੱਧ ਪ੍ਰਦੇਸ਼ ਦੇ ਸਿੱਖਾਂ ਵਿਚੋਂ ਅਤੇ ਤਿੰਨ ਮੈਂਬਰ ਸ਼੍ਰੋਮਣੀ ਕਮੇਟੀ ਵਲੋਂ ਲਏ ਜਾਂਦੇ ਸਨ। ਦੋ ਸਿੱਖ ਮੈਂਬਰ ਪਾਰਲੀਮੈਂਟ ਦੇ ਨਾਲ-ਨਾਲ ਇਕ ਮੈਂਬਰ ਚੀਫ਼ ਖ਼ਾਲਸਾ ਦੀਵਾਨ ਅਤੇ 4 ਮੈਂਬਰ ਹਜ਼ੂਰੀ ਖ਼ਾਲਸਾ ਦੀਵਾਨ ਦੇ ਹੁੰਦੇ ਸਨ। ਇਨ੍ਹਾਂ ਮੈਂਬਰਾਂ ਦੀ ਰਾਏ ਨਾਲ ਪ੍ਰਧਾਨ ਨਾਂਦੇੜ ਬੋਰਡ ਦੀ ਚੋਣ ਸਰਕਾਰੀ ਤੌਰ ’ਤੇ ਮੈਂਬਰਾਂ ਦੀ ਰਾਏ ਨਾਲ ਕੀਤੀ ਜਾਂਦੀ ਸੀ। ਹੁਣ ਨਵੇਂ ਐਕਟ, ਜੋ ਕਿ 5 ਫ਼ਰਵਰੀ ਨੂੰ ਪਾਸ ਕੀਤਾ ਗਿਆ ਹੈ, ਮੁਤਾਬਕ ਸਰਕਾਰ 12 ਮੈਂਬਰਾਂ ਨੂੰ ਨਾਮਜ਼ਦ ਕਰੇਗੀ, ਦੋ ਮੈਂਬਰ ਸ਼੍ਰੋਮਣੀ ਕਮੇਟੀ ਤੇ 3 ਮੈਂਬਰ ਵੋਟਾਂ ਰਾਹੀ ਜਿੱਤ ਕੇ ਬੋਰਡ ਵਿੱਚ ਸ਼ਾਮਲ ਕੀਤੇ ਜਾਣਗੇ। ਚੀਫ਼ ਖ਼ਾਲਸਾ ਦੀਵਾਨ, ਹਜ਼ੂਰੀ ਖ਼ਾਲਸਾ ਦੀਵਾਨ ਤੇ ਸਿੱਖ ਮੈਂਬਰ ਪਾਰਲੀਮੈਂਟ ਨੂੰ ਮਨਫ਼ੀ ਕਰ ਦਿਤਾ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਪਟਨਾ ਸਾਹਿਬ ਤੋਂ ਬਾਅਦ ਤਖ਼ਤ ਅਬਿਚਲ ਨਗਰ ਦਾ ਪ੍ਰਬੰਧ ਸਰਕਾਰੀ ਹੱਥਾਂ ਵਿੱਚ ਜਾਣਾ ਚਿੰਤਾ ਦਾ ਵਿਸ਼ਾ ਹੈ।

# ਧਾਰਮਿਕ ਆਗੂਆਂ ਦੇ ਵਫ਼ਦ ਵੱਲੋਂ ਮੋਦੀ ਨਾਲ ਮੁਲਾਕਾਤ

## ਨਵੇਂ ਸੰਸਦ ਭਵਨ ਦਾ ਦੌਰਾ ਵੀ ਕੀਤਾ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਘੱਟ ਗਿਣਤੀ ਫਾਊਂਡੇਸ਼ਨ ਦੀ ਅਗਵਾਈ ਹੇਠ 24 ਧਾਰਮਿਕ ਆਗੂਆਂ ਦੇ ਇੱਕ ਵਫ਼ਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਮਗਰੋਂ ਉਨ੍ਹਾਂ ਕਿਹਾ ਕਿ ਉਹ ਭਾਰਤ ਵਿੱਚ ਅੰਤਰ-ਧਰਮ ਏਕਤਾ ਦਾ ਸੰਦੇਸ਼ ਬਾਹਰੀ ਦੁਨੀਆਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਸਿੱਖ, ਜੈਨ, ਈਸਾਈ ਅਤੇ ਪਾਰਸੀ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਫ਼ਦ ਵਿੱਚ ਆਲ ਇੰਡੀਆ ਇਮਾਮ ਸੰਗਠਨ ਦੇ ਮੁੱਖ ਇਮਾਮ ਇਮਾਮ ਉਮਰ ਅਹਿਮਦ ਇਲਿਆਸੀ ਅਤੇ ਮਹਾਬੋਧੀ ਇੰਟਰਨੈਸ਼ਨਲ ਮੈਡੀਟੇਸ਼ਨ ਸੈਂਟਰ ਦੇ ਸੰਸਥਾਪਕ ਪ੍ਰਧਾਨ ਭੀਖੂ ਸੰਘਸੇਨਾ ਸ਼ਾਮਲ ਸਨ। ਪ੍ਰਧਾਨ ਮੰਤਰੀ ਨੇ ਐਕਸ ’ਤੇ ਮੀਟਿੰਗ ਦੀਆਂ ਕੁੱਝ ਤਸਵੀਰਾਂ ਸਾਂਝੀਆਂ ਕਰਦਿਆਂ ਦੱਸਿਆ, “ਅੱਜ ਸੰਸਦ ਵਿੱਚ ਧਾਰਮਿਕ ਆਗੂਆਂ ਦੇ ਵਫ਼ਦ ਨੂੰ ਮਿਲ ਕੇ ਖ਼ੁਸ਼ੀ ਹੋਈ। ਮੈਂ ਸਾਡੇ ਦੇਸ਼ ਦੇ ਵਿਕਾਸ ਦੀ ਰਫ਼ਤਾਰ ’ਤੇ ਉਨ੍ਹਾਂ ਦੇ ਬਹੁਮੁੱਲੇ ਸ਼ਬਦਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।”

ਭਾਰਤੀ ਸਰਵ ਧਰਮ ਸੰਸਦ ਦੇ ਗੋਸਵਾਮ ਸੁਸ਼ੀਲ ਵੀ ਇਸ ਵਫ਼ਦ ਦਾ ਹਿੱਸਾ ਸਨ। ਸੰਘਸੇਨਾ ਨੇ ਕਿਹਾ ਕਿ ਨਵੀਂ ਸੰਸਦ ਭਵਨ ਦਾ ਦੌਰਾ ਕਰਨਾ ਅਤੇ ਪ੍ਰਧਾਨ ਮੰਤਰੀ ਮੋਦੀ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨਾਲ ਸੰਖੇਪ ਗੱਲਬਾਤ ਕਰਨਾ ਇਤਿਹਾਸਕ ਪਲ ਸੀ।

# ’84 ਸਿੱਖ ਨਸਲਕੁਸ਼ੀ ਦੇ ਮਾਮਲੇ ਵਿੱਚ ਕਮਲਨਾਥ ਦੀਆਂ ਵੱਧ ਸਕਦੀਆਂ ਹਨ ਦਿੱਕਤਾਂ

## ਦਿੱਲੀ ਹਾਈਕੋਰਟ ਨੇ ਸਿਟ ਨੂੰ ਕੇਸ ਦੀ ਸਟੇਟ ਰਿਪੋਰਟ 23 ਅਪ੍ਰੈਲ ਤੱਕ ਦਾਇਰ ਕਰਨ ਦੀ ਕੀਤੀ ਹਦਾਇਤ

ਨਵੀਂ ਦਿੱਲੀ/ਏ.ਟੀ.ਨਿਊਜ਼: 1984 ਦੇ ਸਿੱਖ ਕਤਲੇਆਮ ਕੇਸਾਂ ਦੀ ਲੜਾਈ ਲੜ ਰਹੀ ਸਿੱਖ ਕੌਮ ਨੂੰ ਉਦੋਂ ਵੱਡੀ ਰਾਹਤ ਮਿਲੀ, ਜਦੋਂ ਦਿੱਲੀ ਹਾਈ ਕੋਰਟ ਨੇ ਇਹਨਾਂ ਕੇਸਾਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ. ਆਈ. ਟੀ.) ਨੂੰ ਕਾਂਗਰਸ ਆਗੂ, ਸਾਬਕਾ ਮੁੱਖ ਮੰਤਰੀ ਤੇ ਗਾਂਧੀ ਪਰਿਵਾਰ ਦੇ ਕਰੀਬੀ ਕਮਲਨਾਥ ਖ਼ਿਲਾਫ਼ ਕੇਸ ਦੀ ਸਟੇਟ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ। ਇਹ ਜਾਣਕਾਰੀ ਭਾਜਪਾ ਦੇ ਕੌਮੀ ਸਕੱਤਰ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਸਾਂਝੀ ਕੀਤੀ ਹੈ।

ਸਰਦਾਰ ਸਿਰਸਾ ਨੇ ਕਿਹਾ ਕਿ ਉਹ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਦੀ ਨਿੱਜੀ ਤੌਰ ’ਤੇ ਪੈਰਵੀ ਕਰ ਰਹੇ ਹਨ ਤੇ ਉਹਨਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚਿੱਠੀ ਲਿਖ ਕੇ ਕਮਲਨਾਥ ਤੇ ਹੋਰ ਦੋਸ਼ੀਆਂ ਖ਼ਿਲਾਫ਼ਬੰਦ ਕੀਤੇ ਕੇਸ ਮੁੜ ਖੋਲ੍ਹਣ ਦੀ ਅਪੀਲ ਕੀਤੀ ਸੀ। ਇਸ ਮਗਰੋਂ ਉਹਨਾਂ ਅਦਾਲਤਾਂ ਵਿੱਚ ਵੀ ਕੇਸਾਂ ਦੀ ਪੈਰਵੀ ਕੀਤੀ।

ਉਹਨਾਂ ਕਿਹਾ ਕਿ ਉਹ ਨਿਆਂਪਾਲਿਕਾ ਦੇ ਧੰਨਵਾਦੀ ਹਨ ਕਿਉਂਕਿ ਦਿੱਲੀ ਹਾਈ ਕੋਰਟ ਨੇ ਐਸ. ਆਈ. ਟੀ. ਨੂੰ ਕਮਲਨਾਥ ਖ਼ਿਲਾਫ਼ ਕੇਸ ਵਿੱਚ ਸਟੇਟਸ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਕਮਲਨਾਥ ’ਤੇ ਦੋਸ਼ ਹੈ ਕਿ ਉਸਨੇ 1984 ਦੇ ਕਤਲੇਆਮ ਦੌਰਾਨ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਇਕੋ ਪਰਿਵਾਰ ਦੇ ਦੋ ਜੀਆਂ ਦਾ ਕਤਲ ਕਰਵਾਇਆ।

ਸਰਦਾਰ ਸਿਰਸਾ ਨੇ ਦੱਸਿਆ ਕਿ ਉਹਨਾਂ ਵੱਲੋਂ ਦਾਇਰ ਪਟੀਸ਼ਨ ਜਸਟਿਸ ਸਵਰਨ ਕਾਂਤਾ ਸ਼ਰਮਾ ਦੀ ਅਦਾਲਤ ਨੇ ਇਹ ਸਟੇਟਸ ਰਿਪੋਰਟ 23 ਅਪ੍ਰੈਲ 2024 ਤੱਕ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਉਹਨਾਂ ਕਿਹਾ ਕਿ ਕਮਲਨਾਥ ਇਕ ਕਾਤਲ ਹੈ ਜਿਸਨੂੰ ਹੁਣ ਤੱਕ ਗਾਂਧੀ ਪਰਿਵਾਰ ਤੇ ਕਾਂਗਰਸ ਪਾਰਟੀ ਬਚਾਉਂਦੀ ਆਈ ਹੈ ਪਰ ਹੁਣ ਉਸਦੇ ਦਿਨ ਪੂਰੇ ਹੋ ਗਏ ਹਨ ਤੇ ਉਸਨੂੰ ਸਿੱਖ ਕੌਮ ਖ਼ਿਲਾਫ਼ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣੀ ਹੀ ਪਵੇਗੀ।

# ਭਾਜਪਾ ਨਾਲ ਮੇਰੀ ਕੋਈ ਲੜਾਈ ਨਹੀਂ: ਨਵਜੋਤ ਸਿੱਧੂ

## ਵਿਰੋਧ ਕਰ ਰਹੇ ਕਾਂਗਰਸ ਆਗੂਆਂ ਨੂੰ ਸੁਣਾਈਆਂ ਖਰੀਆਂ-ਖਰੀਆਂ

ਪਟਿਆਲਾ/ਏ.ਟੀ.ਨਿਊਜ਼ : ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਨਾਲ ਮੇਰੀ ਕੋਈ ਲੜਾਈ ਨਹੀਂ ਹੈ ਪਰ ਜਿਹੜੇ ਕਾਂਗਰਸੀ ਆਗੂ ਮੇਰੇ ਦੁਸ਼ਮਣ ਬਣ ਕੇ ਬਿਨਾਂ ਕਾਰਨ ਮੇਰਾ ਵਿਰੋਧ ਕਰ ਰਹੇ ਹਨ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਹੈ। ਉਨ੍ਹਾਂ ਪੰਜਾਬ ਦੇ ਕਈ ਆਗੂਆਂ ’ਤੇ ਵੱਡੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਰੇਤ ਮਾਫ਼ੀਆ ਤੇ ਨਸ਼ਿਆਂ ਦੀ ਕਮਾਈ ਨਾਲ ਵਿਦੇਸ਼ਾਂ ਵਿੱਚ ਜਾਇਦਾਦਾਂ ਬਣਾਉਣ ਵਾਲੇ ਕਿਸੇ ਦਾ ਭਲਾ ਨਹੀਂ ਕਰ ਸਕਦੇ। ਨਵਜੋਤ ਸਿੱਧੂ ਨੇ ਕਿਹਾ ਕਿ ਉਨ੍ਹਾਂ ਕਦੇ ਵੀ ਭਾਜਪਾ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਪਿਛਲੇ ਸਮੇਂ ਦੌਰਾਨ ਭਾਜਪਾ ਹਾਈਕਮਾਂਡ ਵੱਲੋਂ ਬਾਦਲਾਂ ਨਾਲ ਕੀਤੇ ਸਮਝੌਤੇ ਕਾਰਨ ਉਨ੍ਹਾਂ ਦੇ ਮਨ ਨੂੰ ਠੇਸ ਪੁੱਜੀ ਸੀ। ਭਾਜਪਾ ਨੇ ਬਾਦਲਾਂ ਨੂੰ ਚੁਣਿਆ ਤੇ ਉਹ ਕਾਂਗਰਸ ਵਿੱਚ ਸਰਗਰਮ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਭਾਜਪਾ ਲੋਕ ਸਭਾ



ਚੋਣਾਂ ਵਿੱਚ 400 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹੁਣ ਬਿਹਾਰ ਤੋਂ ਬਾਅਦ ਪੰਜਾਬ ਵਿੱਚ ਅਜਿਹੇ ਆਗੂ ਦੀ ਭਾਲ ਵਿੱਚ ਹੈ ਜੋ ਚੱਲਿਆ ਹੋਇਆ ਕਾਰਤੂਸ ਨਾ ਹੋਵੇ ਤੇ ਸਿੱਖ ਚਿਹਰਾ ਹੋਵੇ। ਉਨ੍ਹਾਂ ਕਿਹਾ, “ਅਮਿਤ ਸ਼ਾਹ ਨੇ ਮੈਨੂੰ ਪੁੱਛਿਆ ਸੀ ਕਿ ਜੇਕਰ ਭਾਜਪਾ ਤੇ ਅਕਾਲੀ ਦਲ ਇਕੱਠਿਆਂ ਚੋਣ ਲੜਦੇ ਹਨ ਤਾਂ ਕਿੰਨੀਆਂ ਸੀਟਾਂ ਆਉਣਗੀਆਂ ਤਾਂ ਮੈਂ ਕਿਹਾ ਸੀ ‘ਜ਼ੀਰੋ’। ਮੈਂ ਅਮਿਤ ਸ਼ਾਹ ਨੂੰ ਸਪੱਸ਼ਟ ਕੀਤਾ ਸੀ ਕਿ ਜੇਕਰ ਭਾਜਪਾ ਇਕੱਲਿਆਂ ਚੋਣ ਲੜਦੀ ਹੈ ਤਾਂ ਘੱਟੋ-ਘੱਟ 70 ਸੀਟਾਂ ਆਉਣਗੀਆਂ।” ਨਵਜੋਤ ਸਿੱਧੂ ਨੇ ਕਿਹਾ ਕਿ ਅਮਿਤ ਸ਼ਾਹ ਨੇ ਮੈਨੂੰ ਰਾਜ ਸਭਾ ਦੀ ਸੀਟ ਦੇਣ ਲਈ ਬੜਾ ਦਬਾਅ ਪਾਇਆ ਸੀ ਪਰ ਮੈਂ ਦੱਸਿਆ ਸੀ ਕਿ ਉਹ ਪੰਜਾਬ ਲਈ ਹਨ ਤੇ ਪੰਜਾਬ ਲਈ ਜਿੱਤ ਹਾਸਲ ਕਰ ਕੇ ਉਹ ਪੰਜਾਬ ਦੇ ਭਲੇ ਲਈ ਹੀ ਕੰਮ ਕਰਨ ਦੇ ਇੱਛੁਕ ਹਨ। ਨਵਜੋਤ ਸਿੱਧੂ ਨੇ ਬੇਸ਼ੱਕ ਕਿਹਾ ਕਿ ਉਹ ਭਾਜਪਾ ਵਿੱਚ ਸ਼ਾਮਲ ਹੋਣ ਲਈ ਤਿਆਰ ਨਹੀਂ ਹਨ ਪਰ ਉਨ੍ਹਾਂ ਦੇ ਹਾਵ-ਭਾਵ ਸਪੱਸ਼ਟ ਕਰ ਰਹੇ ਹਨ ਕਿ ਉਹ ਵੱਡਾ ਫ਼ੈਸਲਾ ਲੈਣ ਲਈ ਤਿਆਰ ਹਨ। ਜ਼ਿਕਰਯੋਗ ਹੈ ਕਿ ਨਵਜੋਤਸਿੱਧੂ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਅਸਿੱਧੇ ਢੰਗ ਨਾਲ ਨਿਸ਼ਾਨੇ ’ਤੇ ਲੈ ਰਹੇ ਹਨ।

# ਬੀ.ਜੇ.ਪੀ. ਦੇ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਬਿਆਨ ’ਤੇ ਪੰਥਕ ਹਲਕਿਆਂ ਵਿੱਚ ਹਲਚਲ

## ਜੀ.ਕੇ. ਤੇ ਸਰਨਾ ਦੇ ਵਿਰੋਧ ਕਰਨ ਬਾਅਦ ਦਿੱਲੀ ਗੁਰਦੁਆਰਾ ਕਮੇਟੀ ਸਿਰਸਾ ਦੀ ਹਮਾਇਤ ਵਿੱਚ

ਨਵੀਂ ਦਿੱਲੀ/ਏ.ਟੀ.ਨਿਊਜ਼ : ਬੀਜੇਪੀ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਗੁਰਦੁਆਰਾ ਰਕਾਬ ਗੰਜ ਵਿੱਚ ਬਾਬਾ ਬਘੇਲ ਸਿੰਘ ਵੱਲੋਂ ਮਸਜਿਦ ਢਾਅ ਕੇ ਗੁਰਦੁਆਰਾ ਬਣਾਉਣ ਵਾਲੇ ਬਿਆਨ ’ਤੇ ਸਿੱਖ ਸਿਆਸਤ ਭੱਖ ਗਈ ਹੈ। ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਨੂੰ ਸਿਰਸਾ ਖ਼ਿਲਾਫ਼ ਕਾਰਵਾਈ ਦੀ ਚਿੱਠੀ ਦੇ ਜਵਾਬ ਵਿੱਚ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਰਸਾ ਦੇ ਬਚਾਅ ਵਿੱਚ ਅੱਗੇ ਆ ਗਈ ਹੈ। ਕਮੇਟੀ ਨੇ ਐੱਸਜੀਪੀਸੀ ਵੱਲੋਂ ਛਾਪੀ ਗਈ ਇੱਕ ਕਿਤਾਬ ਦਾ ਹਵਾਲਾ ਦਿੰਦੇ ਹੋਏ ਸਿਰਸਾ ਦੇ ਦਾਅਵੇ ਨੂੰ ਠੀਕ ਦੱਸਿਆ ਹੈ ਅਤੇ ਉਲਟਾ ਸਰਨਾ ਖ਼ਿਲਾਫ਼ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਕੋਲੋਂ ਕਾਰਵਾਈ ਦੀ ਮੰਗ ਕੀਤੀ ਹੈ।

**ਮਨਜਿੰਦਰ ਸਿੰਘ ਦੇ ਇਸ ਬਿਆਨ ’ਤੇ ਵਿਵਾਦ**

ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਸੀ ਜਿਸ ਥਾਂ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਸਕਾਰ ਕੀਤਾ, ਉੱਥੇ ਮਸਜਿਦ ਬਣਾ ਦਿੱਤੀ ਗਈ ਸੀ। ਜਦੋਂ ਸ਼ਾਹ ਆਲਮ 2 ਦਾ ਰਾਜ ਸੀ ਤਾਂ ਬਾਬਾ ਬਘੇਲ ਸਿੰਘ ਨੇ ਕਿਹਾ ਸੀ ਕਿ ਇੱਥੇ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਹੈ ਇੱਥੇ ਮਸਜਿਦ ਹਟਾਕੇ ਗੁਰੂ ਤੇਗ ਬਹਾਦਰ ਜੀ ਦਾ ਅਸਥਾਨ ਬਣਾਇਆ ਜਾਵੇਗਾ। ਉਨ੍ਹਾਂ ਨੇ 1783 ਦੇ ਅੰਦਰ ਮਸਜਿਦ ਨੂੰ ਢਾਅ ਕੇ ਉਥੇ ਮੁੜ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਸਥਾਪਤ ਕੀਤਾ ਸੀ।



**ਸਰਨਾ ਤੇ ਜੀ.ਕੇ.ਨੇ ਦਿੱਤੀ ਨਸੀਹਤ**

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 2 ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀਕੇ ਨੇ ਮਨਜਿੰਦਰ ਸਿੰਘ ਸਿਰਸਾ ਦੇ ਬਿਆਨ ਦੀ ਨਿਖੇਧੀ ਕੀਤੀ। ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੂੰ ਚਿੱਠੀ ਲਿਖ ਕੇ ਸਿਰਸਾ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦੇ ਹੋਏ ਕਿਹਾ ਕਿ 1469 ਤੋਂ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਹੁਣ ਤੱਕ ਕਦੇ ਵੀ ਅਜਿਹੀ ਕੋਈ ਘਟਨਾ ਨਹੀਂ ਹੋਈ ਕਿ ਸਿੱਖਾਂ ਨੇ ਦੂਜੇ ਧਾਰਮਿਕ ਅਸਥਾਨ ਢਾਅ ਕੇ ਗੁਰੂਘਰਾਂ ਦੀ ਉਸਾਰੀ ਕੀਤੀ ਹੋਵੇ। ਸਿਰਸਾ ਨੇ ਪਤਾ ਨਹੀਂ ਕਿਹੜਾ ਇਤਿਹਾਸ ਪੜ੍ਹ ਲਿਆ ਹੈ। ਉੱਧਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਸਿਰਸਾ ਨੂੰ ਆਦਤ ਹੈ ਚਾਪਲੂਸੀ ਦੀ, ਉਹ ਰਾਮ ਮੰਦਰ ਦੇ ਉਦਘਾਟਨ ਤੋਂ ਬਾਅਦ ਬੀਜੇਪੀ ਦੀ ਗੁੱਡ ਲਿਸਟ ਵਿੱਚ ਸ਼ਾਮਲ ਹੋਣ ਲਈ ਅਜਿਹਾ ਬਿਆਨ ਦੇ ਰਹੇ ਹਨ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਚਿਤਾਵਨੀ ਵੀ ਦਿੱਤੀ ਸੀ ਕਿ ਸਿੱਖ ਇਤਿਹਾਸ ਦੇ ਬਾਰੇ ਕੁਝ ਵੀ ਬੋਲਣ ਤੋਂ ਪਹਿਲਾਂ ਚੰਗੀ ਤਰ੍ਹਾਂ ਪੜ੍ਹ ਲਿਆ ਕਰੋ। ਜੀਕੇ ਨੇ ਸਿਰਸਾ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਪ੍ਰਧਾਨ ਹਰਮੀਤ ਸਿੰਘ ਕਾਲਕਾ ਤਾਂ ਤੁਹਾਡੀ ਕੱਠਪੁਤਲੀ ਹੈ ਜੇਕਰ ਉਹ ਆਪਣੀ ਗੱਲ ’ਤੇ ਕਾਇਮ ਹੈ ਤਾਂ ਗੁਰਦੁਆਰਾ ਰਕਾਬ ਗੰਜ ਵਿੱਚ ਜਿਹੜਾ ਗੁਰੂ ਘਰ ਦੇ ਇਤਿਹਾਸ ਵਾਲਾ ਬੋਰਡ ਲਗਿਆ, ਉਸ ਨੂੰ ਬਦਲ ਕੇ ਵਿਖਾਏ। ਸਿੱਖ ਸੰਗਤ ਆਪ ਉਨ੍ਹਾਂ ਨੂੰ ਜਵਾਬ ਦੇਵੇਗੀ।

**ਦਿੱਲੀ ਕਮੇਟੀ ਸਿਰਸਾ ਦੀ ਹਮਾਇਤ ਵਿੱਚ**

ਉੱਧਰ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਅਤੇ ਪ੍ਰਧਾਨ ਹਰਮੀਤ ਸਿੰਘ ਕਾਲਸਾ ਮਨਜਿੰਦਰ ਸਿੰਘ ਸਿਰਸਾ ਦੇ ਬਚਾਅ ਵਿੱਚ ਅੱਗੇ ਆਏ ਹਨ। ਕਾਲਕਾ ਨੇ ਸਿਰਸਾ ਦੇ ਬਿਆਨ ਨੂੰ ਸਹੀ ਦੱਸਦੇ ਹੋਏ ਗੁਰਬਖਸ਼ ਸਿੰਘ ਵੱਲੋਂ ਲਿਖੀ ਕਿਤਾਬ ਸ਼ਹੀਦੀ ਜੀਵਨ ਦੇ ਸਫਾ ਨੰਬਰ 32 ਦਾ ਹਵਾਲਾ ਦਿੱਤਾ ਹੈ, ਜਿਸ ਨੂੰ 2018 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਸੀ। ਜਿਸ ਵਿੱਚ ਦੱਸਿਆ ਗਿਆ ਹੈ ਕਿ ਦਿੱਲੀ ਦੇ ਕਬਜ਼ਾ (ਬਾਕੀ ਸਫ਼ਾ 30 ’ਤੇ)

# ਅਕਾਲੀ ਦਲ ਵੱਲੋਂ 'ਪੰਥਕ ਵੋਟਾਂ' ਪੱਕੀਆਂ ਕਰਨ ਦੀ ਕਵਾਇਦ ਸ਼ੁਰੂ

## 'ਪੰਜਾਬ ਬਚਾਓ ਯਾਤਰਾ' ਰਾਹੀਂ ਸੁਖਬੀਰ ਬਾਦਲ ਵੱਲੋਂ ਸੰਸਦੀ ਚੋਣਾਂ ਦੀਆਂ ਤਿਆਰੀਆਂ ਆਰੰਭ

### ਕੀ ਅਕਾਲੀ ਦਲ ਬਾਦਲ ਨੂੰ ਮਜ਼ਬੂਤ ਕਰ ਸਕੇਗੀ ਪੰਜਾਬ ਬਚਾਓ ਯਾਤਰਾ?





ਭਾਰਤ ਦੇ ਚੋਣ ਕਮਿਸ਼ਨ ਵੱਲੋਂ ਅਜੇ ਤੱਕ ਅਗਲੀਆਂ ਲੋਕ ਸਭਾ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ, ਪਰ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਹ ਚੋਣਾਂ ਮਈ ਮਹੀਨੇ ਦੌਰਾਨ ਹੋ ਸਕਦੀਆਂ ਹਨ। ਸੰਸਦੀ ਚੋਣਾਂ ਨੂੰ ਵੇਖਦਿਆਂ ਜਿਥੇ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ, ਉਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪੰਜਾਬ ਦੀ ਸਿਆਸਤ ਵਿੱਚ ਪਾਰਟੀ ਦਾ ਖੁੱਸਿਆ ਆਧਾਰ ਬਹਾਲ ਕਰਨ ਲਈ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਰਾਹੀਂ ਸੰਸਦੀ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਪਾਰਟੀ ਵੱਲੋਂ ਇਸ ਯਾਤਰਾ ਰਾਹੀਂ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਦਾ ਯਤਨ ਕੀਤਾ ਜਾ ਰਿਹਾ ਹੈ।

ਭਾਜਪਾ ਨਾਲੋਂ ਸਿਆਸੀ ਤੋੜ-ਵਿਛੋੜੇ ਮਗਰੋਂ ਅਕਾਲੀ ਦਲ ਦਾ ਵੋਟ ਬੈਂਕ 18 ਫੀਸਦ ਸੁੰਗੜ ਗਿਆ ਹੈ। ਵਿਧਾਨ ਸਭਾ ਵਿੱਚ ਵੀ ਪਾਰਟੀ ਦੇ ਸਿਰਫ਼ ਤਿੰਨ ਹੀ ਮੈਂਬਰ ਹਨ।ਅਕਾਲੀ ਦਲ ਖਾਸ ਕਰਕੇ ਸੁਖਬੀਰ ਬਾਦਲ ਨੂੰ ਪੰਜਾਬ ਦੀ ਸੱਤਾ ਤੋਂ ਦੂਰ ਹੋਣ ਦਾ ਬਹੁਤ ਦੁੱਖ ਹੈ, ਇਸੇ ਕਾਰਨ ਸੁਖਬੀਰ ਬਾਦਲ ਸੱਤਾ ਵਿੱਚ ਵਾਪਸੀ ਲਈ ਲਗਾਤਾਰ ਯਤਨ ਕਰ ਰਹੇ ਹਨ।

ਇਸ ਵੇਲੇ ਅਕਾਲੀ ਦਲ ਦਾ ਬਸਪਾ ਨਾਲ ਸਿਆਸੀ ਗੱਠਜੋੜ ਹੈ।ਭਾਵੇਂ ਕਿ ਬਸਪਾ ਸੁਪਰੀਮੋ ਮਾਇਆਵਤੀ ਸੰਸਦੀ ਚੋਣਾਂ ਇਕਲਿਆਂ ਲੜਨ ਦਾ ਐਲਾਨ ਕਰ ਚੁੱਕੀ ਹੈ, ਇਸਦੇ ਬਾਵਜੂਦ ਪੰਜਾਬ ਵਿੱਚ ਬਸਪਾ ਦਾ ਸਿਆਸੀ ਗਠਜੋੜ ਅਕਾਲੀ ਦਲ ਨਾਲ ਕਾਇਮ ਹੈ। ਅਕਾਲੀ ਦਲ ਬਾਦਲ ਵੱਲੋਂ ਹੁਣ ਭਾਜਪਾ ਨਾਲ ਵੀ ਸਿਆਸੀ ਗਠਜੋੜ ਮੁੜ ਕਾਇਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਇਹਨਾਂ ਯਤਨਾਂ ਨੂੰ ਭਾਵੇਂ ਅਜੇ ਤੱਕ ਬੂਰ ਨਹੀਂ ਪਿਆ ਪਰ ਅਕਾਲੀ ਆਗੂਆਂ ਨੂੰ ਆਸ ਹੈ ਕਿ ਸੰਸਦੀ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਅਕਾਲੀ ਦਲ ਦਾ ਭਾਜਪਾ ਨਾਲ ਗਠਜੋੜ ਹੋ ਸਕਦਾ ਹੈ। ਦੂਜੇ ਪਾਸੇ ਭਾਜਪਾ ਵੱਲੋਂ ਅਕਾਲੀ ਦਲ ਨਾਲ ਸਿਆਸੀ ਗਠਜੋੜ ਕਰਨ ਲਈ ਕੋਈ ਹੁੰਗਾਰਾ ਨਹੀਂ ਭਰਿਆ ਜਾ ਰਿਹਾ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਭਾਜਪਾ ਚਾਹੁੰਦੀ ਹੈ ਕਿ ਅਕਾਲੀ ਦਲ ਦੀ ਕਮਾਂਡ ਸੁਖਬੀਰ ਬਾਦਲ ਦੀ ਥਾਂ ਕਿਸੇ ਹੋਰ ਆਗੂ ਕੋਲ ਹੋਵੇ ਤਾਂ ਭਾਜਪਾ ਅਕਾਲੀ ਦਲ ਬਾਦਲ ਨਾਲ ਸਿਆਸੀ ਗਠਜੋੜ ਬਾਰੇ ਸੋਚ ਸਕਦੀ ਹੈ।ਇਸ ਗੱਲ ਵਿੱਚ ਕਿੰਨੀ ਕੁ ਸੱਚਾਈ ਹੈ ਇਹ ਤਾਂ ਭਾਜਪਾ ਅਤੇ ਅਕਾਲੀ ਦਲ ਬਾਦਲ ਦੇ ਆਗੂ ਹੀ ਜਾਣਦੇ ਹੋਣਗੇ। ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਅਕਾਲੀ ਦਲ ਦਾ ਖੁੱਸਿਆ ਆਧਾਰ ਮੁੜ ਕਾਇਮ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦਸੰਬਰ ਮਹੀਨੇ ਵਿੱਚ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਤੋਂ ਭੁੱਲਾਂ ਦੀ ਮੁਆਫ਼ੀ ਮੰਗ ਕੇ ਪੰਥਕ ਏਕਤਾ ਦਾ ਹੋਕਾ ਦਿੱਤਾ ਸੀ। ਇਸ ਮਗਰੋਂ ਲਗਾਤਾਰ ਰੁੱਸੇ ਹੋਏ ਜਾਂ ਪਾਰਟੀ ਛੱਡ ਚੁੱਕੇ ਆਗੂਆਂ ਨੂੰ ਵਾਪਸ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਵਿੱਚ ਦਿੱਲੀ ਦੇ ਅਕਾਲੀ ਆਗੂ ਮਨਜੀਤ ਸਿੰਘ ਜੀਕੇ ਨੇ ਪਾਰਟੀ 'ਚ ਸ਼ਮੂਲੀਅਤ ਕੀਤੀ ਸੀ। ਇਸੇ ਤਰ੍ਹਾਂ ਬੀਬੀ ਜਗੀਰ ਕੌਰ ਦੀ ਅਕਾਲੀ ਦਲ ਵਿੱਚ ਸ਼ਮੂਲੀਅਤ ਲਈ ਵੀ ਜ਼ੋਰ ਅਜਮਾਇਸ਼ ਕੀਤੀ ਜਾ ਰਹੀ ਹੈ।

ਕਿਹਾ ਜਾ ਰਿਹਾ ਹੈ ਕਿ ਸੁਖਦੇਵ ਸਿੰਘ ਢੀਂਡਸਾ ਅਤੇ ਬੀਬੀ ਜਗੀਰ ਕੌਰ ਅਕਾਲੀ ਦਲ ਵਿੱਚ ਵਾਪਸੀ ਲਈ ਅਜੇ ਤੱਕ ਜੱਕੋਤੱਕੀ ਵਿੱਚ ਹਨ ਅਤੇ ਉਹਨਾਂ ਵੱਲੋਂ ਅਕਾਲੀ ਦਲ ਵਿੱਚ ਵਾਪਸੀ ਲਈ ਆਪਣੇ ਸਮਰਥਕਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ। ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਲਈ ਪੰਥਕ ਵੋਟਾਂ ਮੁੜ ਪੱਕੀਆਂ ਕਰਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ ਅਤੇ ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਨੂੰ ਮੁੜ ਪੰਥਕ ਪਾਰਟੀ ਵਜੋਂ ਸਾਹਮਣੇ ਲਿਆਂਦਾ ਜਾ ਰਿਹਾ ਹੈ। ਇਸੇ ਕਾਰਨ ਹੀ ਪੰਜਾਬ ਯਾਤਰਾ ਦੀ ਸ਼ੁਰੂਆਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਹੋਰਨਾਂ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਅਰਦਾਸ ਕਰਕੇ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪੰਥਕ ਵੋਟਾਂ ਦਾ ਵੱਡਾ ਆਧਾਰ ਹੈ। ਇਹ ਪੰਥਕ ਵੋਟਾਂ ਉਹ ਹਨ, ਜੋ ਕਿ ਸਿਰਫ਼ ਪੰਥ ਦੇ ਨਾਂਅ 'ਤੇ ਵੋਟਾਂ ਪਾਉਂਦੇ ਹਨ। ਪੰਜਾਬ ਵਿੱਚ ਪੰਥਕ ਵੋਟਾਂ ਦੇ ਸਹਾਰੇ ਹੀ ਅਕਾਲੀ ਦਲ ਕਈ ਵਾਰ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਇਆ ਹੈ ਪਰ ਬਾਦਲ ਸਰਕਾਰ ਸਮੇਂ ਬੇਅਦਬੀ ਮਾਮਲੇ ਕਾਰਨ ਅਕਾਲੀ ਦਲ ਦੀਆਂ ਪੱਕੀਆਂ ਪੰਥਕ ਵੋਟਾਂ ਹੀ ਅਕਾਲੀ ਦਲ ਤੋਂ ਦੂਰ ਹੋ ਗਈਆਂ ਸਨ, ਇਹਨਾਂ ਪੰਥਕ ਵੋਟਾਂ ਨੂੰ ਮੁੜ ਪੱਕੀਆਂ ਕਰਨ ਲਈ ਹੀ ਅਤੇ ਪੰਜਾਬ ਵਿੱਚ ਮੁੜ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਸੁਖਬੀਰ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ। ਸੁਖਬੀਰ ਬਾਦਲ ਦੀ ਇਹ ਪੰਜਾਬ ਬਚਾਓ ਯਾਤਰਾ ਕਿੰਨੀ ਕੁ ਸਫ਼ਲ ਰਹੇਗੀ, ਇਹ ਤਾਂ ਆਉਣ ਵਾਲਾ ਸਮਾਂ ਦਸੇਗਾ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਜਥੇਦਾਰ ਗੁਰਦੇਵ ਸਿੰਘ ਕਾਉਂਕੇ ਮਾਮਲੇ 'ਚ ਹਾਈ ਕੋਰਟ ਨੇ ਪੰਜਾਬ ਸਰਕਾਰ ਤੇ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਦਿੱਤਾ ਨੋਟਿਸ

## ਜਥੇਦਾਰ ਕਾਉਂਕੇ ਦੇ ਪੁੱਤਰ ਹਰੀ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਹੋਈ ਕਾਰਵਾਈ, ਅਗਲੀ ਸੁਣਵਾਈ 9 ਅਪ੍ਰੈਲ ਨੂੰ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਮਾਮਲੇ ਦੀ ਜਾਂਚ ਅਤੇ ਤਿੰਨ ਸਾਬਕਾ ਪੁਲਿਸ ਅਧਿਕਾਰੀਆਂ ਖ਼ਿਲਾਫ਼ ਅਪਰਾਧਿਕ ਮਾਮਲੇ ਚਲਾਉਣ ਦੀ ਮੰਗ 'ਤੇ ਪੰਜਾਬ ਸਰਕਾਰ ਅਤੇ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਵੱਲੋਂ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 9 ਅਪ੍ਰੈਲ ਨਿਰਧਾਰਿਤ ਕੀਤੀ ਗਈ ਹੈ। ਹਾਈ ਕੋਰਟ ਨੇ ਇਹ ਨੋਟਿਸ ਗੁਰਦੇਵ ਸਿੰਘ ਕਾਉਂਕੇ ਦੇ ਪੁੱਤਰ ਹਰੀ ਸਿੰਘ ਸੇਖੋਂ ਵੱਲੋਂ ਦਾਇਰ ਪਟੀਸ਼ਨ 'ਤੇ ਜਾਰੀ ਕੀਤਾ ਹੈ। ਪਟੀਸ਼ਨ ਵਿੱਚ ਸਾਬਕਾ ਐਸ.ਐਸ.ਪੀ. ਸਵਰਨ ਸਿੰਘ, ਸਾਬਕਾ ਐਸ.ਐਚ.ਓ. ਗੁਰਮੀਤ ਸਿੰਘ, ਸਾਬਕਾ ਇੰਸਪੈਕਟਰ ਅਜੀਤ ਸਿੰਘ ਨੂੰ ਪ੍ਰਤੀਵਾਦੀ ਬਣਾਇਆ ਗਿਆ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਸ ਦੇ ਪਿਤਾ ਨੂੰ ਇਨ੍ਹਾਂ ਪੁਲਿਸ ਅਧਿਕਾਰੀਆਂ ਨੇ 25 ਦਸੰਬਰ, 1992 ਤੋਂ 2 ਜਨਵਰੀ 1993 ਦਰਮਿਆਨ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ ਕਤਲ ਕਰ ਦਿੱਤਾ ਸੀ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਦਸੰਬਰ 1992 (ਜਦੋਂ ਸੂਬੇ ਵਿੱਚ ਖਾੜਕੂਵਾਦ ਆਪਣੇ ਸਿਖਰ 'ਤੇ ਸੀ) ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਪੁਲਿਸ ਨੇ ਕਿਹਾ ਸੀ ਕਿ ਉਹ ਕੁਝ ਦਿਨਾਂ ਬਾਅਦ ਉਨ੍ਹਾਂ ਦੀ ਹਿਰਾਸਤ ਵਿਚੋਂ ਫ਼ਰਾਰ ਹੋ ਗਏ ਸੀ। ਹਾਲਾਂਕਿ, ਪਿੰਡ ਵਾਸੀਆਂ ਨੇ ਦੋਸ਼ ਲਗਾਇਆ ਕਿ ਜਥੇਦਾਰ ਕਾਉਂਕੇ ਨੂੰ ਪੁਲਿਸ ਨੇ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਹੈ। ਇਲਜ਼ਾਮ ਹੈ ਕਿ ਜਗਰਾਉਂ ਦੇ ਤਤਕਾਲੀ ਐਸ.ਐਚ.ਓ. ਨੇ 12 ਦਸੰਬਰ, 1992 ਨੂੰ


ਜਥੇਦਾਰ ਕਾਉਂਕੇ ਨੂੰ ਉਸ ਦੇ ਘਰੋਂ ਚੁੱਕ ਲਿਆ ਸੀ ਪਰ ਉਸ ਦੇ 7 ਦਿਨਾਂ ਦੇ ਪੋਤੇ ਦੀ ਮੌਤ ਹੋਣ 'ਤੇ ਪਿੰਡ ਵਾਸੀਆਂ ਦੇ ਜ਼ੋਰ ਪਾਉਣ 'ਤੇ ਉਸ ਨੂੰ ਛੱਡ ਦਿੱਤਾ ਸੀ। ਜਥੇਦਾਰ ਕਾਉਂਕੇ ਨੂੰ 25 ਦਸੰਬਰ, 1992 ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਪਿੰਡ ਦੇ ਇਕ ਨੌਜਵਾਨ ਦੇ ਕਤਲ ਕੇਸ ਵਿੱਚ ਫਸਾਇਆ ਗਿਆ। ਪੁਲਿਸ ਨੇ ਫਿਰ ਦਾਅਵਾ ਕੀਤਾ ਕਿ ਜਥੇਦਾਰ ਕਾਉਂਕੇ 2 ਜਨਵਰੀ, 1993 ਨੂੰ ਇਕ ਕਾਂਸਟੇਬਲ ਦੀ ਬੈਲਟ ਤੋੜ ਕੇ ਫ਼ਰਾਰ ਹੋ ਗਿਆ ਸੀ ਜਿਸ ਵਿੱਚ ਉਸ ਦੀ ਹੱਥਕੜੀ ਲੱਗੀ ਹੋਈ ਸੀ। 7 ਜੂਨ, 1998 ਨੂੰ ਤਤਕਾਲੀ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਸੁਰੱਖਿਆ) ਬੀ.ਪੀ. ਤਿਵਾੜੀ ਨੇ ਜਥੇਦਾਰ ਕਾਉਂਕੇ ਦੇ ਕਥਿਤ ਕਤਲ ਦੀ ਜਾਂਚ ਸ਼ੁਰੂ ਕੀਤੀ ਅਤੇ 1999 ਵਿੱਚ ਇਸ ਨੂੰ ਸਰਕਾਰ ਨੂੰ ਸੌਂਪ ਦਿੱਤਾ। ਰਿਪੋਰਟ ਨੂੰ ਕਦੇ ਜਨਤਕ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਕਾਰਵਾਈ ਕੀਤੀ ਗਈ।

**ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਪਾਈ ਗਈ ਸੀ ਪਟੀਸ਼ਨ-ਸਿਆਲਕਾ**

ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਕਤਲ ਮਾਮਲੇ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੰਭੀਰਤਾ ਨਾਲ ਲੈਂਦਿਆਂ ਕਾਨੂੰਨੀ ਮਾਹਿਰਾਂ ਦੀ 5-ਮੈਂਬਰੀ ਕਮੇਟੀ ਬਣਾ ਕੇ ਉਨ੍ਹਾਂ ਨੂੰ ਪੈਰਵਾਈ ਦੀ ਜ਼ਿੰਮੇਵਾਰੀ ਸੌਂਪੀ ਸੀ, ਜਿਸ ਤਹਿਤ ਇਹ ਕਾਰਵਾਈ ਅੱਗੇ ਵਧਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਕਤਲ ਮਾਮਲੇ ਦੀ ਪਟੀਸ਼ਨ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਐਡਵੋਕੇਟ ਪੂਰਨ ਸਿੰਘ ਹੁੰਦਲ ਰਾਹੀਂ ਹਾਈ ਕੋਰਟ 'ਚ ਦਾਇਰ ਕੀਤੀ ਗਈ ਸੀ।

# ਹਾਈ ਕੋਰਟ ਵੱਲੋਂ ਉਮਰਾਨੰਗਲ ਦੀ ਬਹਾਲੀ ਦੇ ਹੁਕਮ

## ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲੇ ਵਿੱਚ ਕੀਤਾ ਗਿਆ ਸੀ ਮੁਅੱਤਲ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬਰਖਾਸਤ ਕੀਤੇ ਗਏ ਆਈ.ਪੀ.ਐੱਸ. ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਬਹਾਲ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਫ਼ੈਸਲੇ ਨਾਲ ਉਮਰਾਨੰਗਲ ਨੂੰ ਵੱਡੀ ਰਾਹਤ ਮਿਲੀ ਹੈ। ਹਾਈ ਕੋਰਟ ਦਾ ਇਹ ਫੈਸਲਾ ਸਰਕਾਰ ਨੂੰ ਹਲੂਣਾ ਦੇਣ ਵਾਲਾ ਹੈ। ਪੰਜਾਬ ਸਰਕਾਰ ਨੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲੇ ਵਿੱਚ ਆਈ.ਪੀ.ਐੱਸ. ਅਧਿਕਾਰੀ ਉਮਰਾਨੰਗਲ ਨੂੰ 26 ਫਰਵਰੀ, 2019 ਨੂੰ ਸਸਪੈਂਡ ਕਰ ਦਿੱਤਾ ਸੀ ਅਤੇ ਕਰੀਬ ਪੰਜ ਵਰ੍ਹਿਆਂ ਮਗਰੋਂ ਹੁਣ ਇਸ ਅਧਿਕਾਰੀ ਨੂੰ ਰਾਹਤ ਮਿਲੀ ਹੈ।



ਬੇਸ਼ੱਕ ਹਾਈ ਕੋਰਟ ਨੇ ਇਹ ਰਾਹਤ ਦਿੱਤੀ ਹੈ ਪ੍ਰੰਤੂ ਉਮਰਾਨੰਗਲ ਉੱਪਰ ਕਈ ਕੇਸਾਂ ਦੀ ਹਾਲੇ ਤਲਵਾਰ ਲਟਕੀ ਹੋਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਸੁਰੇਸ਼ਵਰ ਠਾਕੁਰ ਅਤੇ ਸੁਦੀਪਤੀ ਸ਼ਰਮਾ ਦੇ ਬੈਂਚ ਨੇ ਸੂਬਾ ਸਰਕਾਰ ਤੋਂ ਇਸ ਮਾਮਲੇ ਵਿੱਚ ਪਹਿਲਾਂ ਜੁਆਬ ਤਲਬ ਕੀਤਾ ਸੀ। ਹਾਈ ਕੋਰਟ ਨੇ ਉਮਰਾਨੰਗਲ ਦੀ ਮੁਅੱਤਲੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਬੈਂਚ ਨੇ ਇਸ ਆਈ.ਪੀ.ਐੱਸ. ਅਧਿਕਾਰੀ ਨੂੰ ਬਹਾਲ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਹੈ। ਉਮਰਾਨੰਗਲ ਖ਼ਿਲਾਫ਼ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲੇ ਵਿੱਚ ਦੋ ਕੇਸ ਦਰਜ ਹੋਏ ਸਨ। ਉਨ੍ਹਾਂ ਆਪਣੀ ਬਹਾਲੀ ਵਾਸਤੇ ਪਹਿਲਾਂ ਕੇਂਦਰੀ ਪ੍ਰਬੰਧਕੀ ਟ੍ਰਿਬਿਊਨਲ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਅਤੇ ਟ੍ਰਿਬਿਊਨਲ ਨੇ ਪਿਛਲੇ ਸਾਲ ਪਹਿਲੀ ਫਰਵਰੀ ਨੂੰ ਇਹ ਰੱਦ ਕਰ ਦਿੱਤੀ ਸੀ। ਉਸ ਮਗਰੋਂ ਉਮਰਾਨੰਗਲ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਦੇ ਆਧਾਰ 'ਤੇ ਫੈਸਲਾ ਸੁਣਾਇਆ ਗਿਆ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਉਮਰਾਨੰਗਲ ਨੂੰ ਸਮੇਂ ਸਮੇਂ 'ਤੇ ਜਾਰੀ ਕੀਤੇ ਮੁਅੱਤਲੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਸਰਕਾਰ ਨੇ ਉਮਰਾਨੰਗਲ ਦੀ ਮੁਅੱਤਲੀ ਲਈ ਚਾਰ ਹੁਕਮ ਜਾਰੀ ਕੀਤੇ ਸਨ। ਚੇਤੇ ਰਹੇ ਕਿ ਪਰਮਰਾਜ ਸਿੰਘ ਉਮਰਾਨੰਗਲ ਪਿਛਲੇ ਕਈ ਵਰ੍ਹਿਆਂ ਤੋਂ ਵਿਵਾਦਾਂ ਵਿੱਚ ਘਿਰੇ ਰਹੇ ਹਨ ਅਤੇ ਖਾਸ ਕਰਕੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਮਗਰੋਂ ਉਨ੍ਹਾਂ ਦੀਆਂ ਮੁਸ਼ਕਿਲਾਂ ਵਿੱਚ ਹੋਰ ਵਾਧਾ ਹੋ ਗਿਆ ਸੀ। ਸੂਬਾ ਸਰਕਾਰ ਨੇ ਉਨ੍ਹਾਂ ਦੀ ਮੁਅੱਤਲੀ ਨੂੰ ਲਮਕਾਇਆ ਹੋਇਆ ਸੀ ਅਤੇ ਵਾਰ ਵਾਰ ਮੁਅੱਤਲੀ ਦੇ ਸਮੇਂ ਵਿੱਚ ਵਾਧਾ ਕੀਤਾ ਜਾ ਰਿਹਾ ਸੀ। ਉਮਰਾਨੰਗਲ ਨੇ ਸ਼ੁਰੂਆਤ ਵਿੱਚ ਆਪਣੀ ਬਹਾਲੀ ਲਈ ਸਰਕਾਰ ਨੂੰ ਪੱਤਰ ਵੀ ਲਿਖੇ ਸਨ।

### ਉੱਚ ਅਦਾਲਤ ਵੱਲੋਂ ਰਾਹਤ ਮਿਲਣ ਮਗਰੋਂ ਵੀ ਉਮਰਾਨੰਗਲ ਦੀਆਂ ਦਿੱਕਤਾਂ ਬਰਕਰਾਰ

ਚੰਡੀਗੜ੍ਹ/ ਏ.ਟੀ.ਨਿਊਜ਼ : ਪੰਜਾਬ ਪੁਲਿਸ ਦੇ ਵਿਵਾਦਤ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਉੱਚ ਅਦਾਲਤ ਨੇ ਭਾਵੇਂ ਬਹਾਲ ਕਰਨ ਦੇ ਹੁਕਮ ਦੇ ਦਿੱਤੇ ਹਨ ਪਰ ਪਿਛਲੇ ਕਈ ਸਾਲਾਂ ਤੋਂ ਮੁਅੱਤਲੀ ਅਧੀਨ ਚੱਲ ਰਹੇ ਇਸ ਪੁਲਿਸ ਅਧਿਕਾਰੀ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਅਜੇ ਵੀ ਮੂੰਹ ਅੱਡੀ ਖੜ੍ਹੀਆਂ ਹਨ। ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਅਹਿਮ ਅਹੁਦਿਆਂ 'ਤੇ ਰਹੇ ਉਮਰਾਨੰਗਲ ਨੂੰ ਕਾਂਗਰਸ ਸਰਕਾਰ ਵੇਲੇ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਪੁਲਿਸ ਅਧਿਕਾਰੀ ਪਿਛਲੇ ਪੰਜ ਸਾਲਾਂ ਤੋਂ ਮੁਅੱਤਲੀ ਅਧੀਨ ਹੀ ਚੱਲ ਰਿਹਾ ਸੀ ਜੋ ਕਿ ਕੋਟਕਪੂਰਾ ਗੋਲੀਕਾਂਡ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਜ਼ਮਾਨਤ 'ਤੇ ਜੇਲ੍ਹ 'ਚੋਂ ਬਾਹਰ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਵੱਲੋਂ 21 ਅਕਤੂਬਰ 2023 ਨੂੰ ਉਮਰਾਨੰਗਲ ਤੇ ਦੋ ਹੋਰ ਅਧਿਕਾਰੀਆਂ ਖ਼ਿਲਾਫ਼ ਝੂਠੇ ਪੁਲਿਸ ਮੁਕਾਬਲੇ ਵਿੱਚ ਇੱਕ ਵਿਅਕਤੀ ਨੂੰ ਮਾਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਪੜਤਾਲ ਮੁਤਾਬਕ ਉਮਰਾਨੰਗਲ ਨੇ 1994 ਵਿੱਚ ਮੋਰਿੰਡਾ ਦਾ ਡੀ.ਐੱਸ.ਪੀ. ਹੁੰਦਿਆਂ ਗੁਰਨਾਮ ਸਿੰਘ ਬੁੰਡਾਲਾ ਨਾਮੀ ਖਾੜਕੂ ਨੂੰ ਮਾਰਨ ਦਾ ਦਾਅਵਾ ਕੀਤਾ ਸੀ, ਜਦਕਿ ਗੁਰਨਾਮ ਸਿੰਘ ਬਾਅਦ ਵਿੱਚ ਜਿਉਂਦਾ ਨਿਕਲਿਆ। ਉਸ ਵੇਲੇ ਪੁਲਿਸ ਨੇ ਸੁਖਪਾਲ ਸਿੰਘ ਨਾਂ ਦੇ ਵਿਅਕਤੀ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਕੇ ਤਰੱਕੀਆਂ ਅਤੇ ਇਨਾਮ ਹਾਸਲ ਕੀਤੇ ਸਨ। ਇਹ ਪੁਲਿਸ ਅਧਿਕਾਰੀ ਪੰਜਾਬੀ ਗਾਇਕ ਦਲੇਰ ਮਹਿੰਦੀ ਖ਼ਿਲਾਫ਼ ਕਬੂਤਰਬਾਜ਼ੀ ਦਾ ਕੇਸ ਦਰਜ ਕਰਨ ਵੇਲੇ ਵੀ ਸੁਰਖੀਆਂ ਵਿੱਚ ਆਇਆ ਸੀ। ਉਮਰਾਨੰਗਲ ਨੂੰ ਤਰਸ ਦੇ ਆਧਾਰ 'ਤੇ ਅਤਿਵਾਦ ਪੀੜਤ ਪਰਿਵਾਰ ਦੇ ਮੈਂਬਰ ਵਜੋਂ 80ਵਿਆਂ ਦੇ ਅੰਤਲੇ ਸਾਲਾਂ ਵਿੱਚ ਪੰਜਾਬ ਪੁਲਿਸ ਵਿੱਚ ਸਿੱਧੀ ਡੀ.ਐੱਸ.ਪੀ. ਦੀ ਨੌਕਰੀ ਦਿੱਤੀ ਗਈ ਸੀ।

# ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤੇ ਵਿੱਚ ਹੁਣ ਨਹੀਂ ਹੋਵੇਗਾ ਪ੍ਰੀ ਵੈਡਿੰਗ ਸ਼ੂਟ

## 'ਵਾਇਰਲ ਵੀਡੀਓ' ਤੋਂ ਬਾਅਦ ਪੁਲਿਸ ਨੇ ਕੀਤੀ ਸਖ਼ਤੀ

ਅੰਮ੍ਰਿਤਸਰ/ਏ.ਟੀ.ਨਿਊਜ਼: ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤੇ ਵਿੱਚ ਪ੍ਰੀ ਵੈਡਿੰਗ ਸ਼ੂਟਿੰਗ ਹੁਣ ਨਹੀਂ ਹੋਵੇਗੀ। ਏਨਾਂ ਹੀ ਨਹੀਂ ਰੀਲ ਬਣਾਉਣ ਵਾਲੇ ਲੋਕਾਂ 'ਤੇ ਵੀ ਪੁਲਿਸ ਵੱਡਾ ਐਕਸ਼ਨ ਲਵੇਗੀ।

ਪੁਲਿਸ ਨੇ ਇੱਕ ਵੀਡੀਓ ਵਾਇਰਲ ਹੋਣ ਦੇ ਬਾਅਦ ਇਸ ਦਾ ਨੋਟਿਸ ਲੈਂਦੇ ਹੋਏ ਫੈਸਲਾ ਲਿਆ ਹੈ। ਇਸ ਵੀਡੀਓ ਨੂੰ ਲੈ ਕੇ ਸੰਗਤ ਨੇ ਸਖ਼ਤ ਇਤਰਾਜ਼ ਜਤਾਇਆ ਸੀ। ਅੰਮ੍ਰਿਤਸਰ ਦੇ ਕਮਿਸ਼ਨਰ ਪੁਲਿਸ ਦੇ ਵੱਲੋਂ ਸੜਕ ਦੇ ਦੋਵੇਂ ਪਾਸੇ ਬੋਰਡ ਵੀ ਲਗਵਾਏ ਗਏ ਹਨ। ਦਰਅਸਲ ਕੁਝ ਦਿਨ ਪਹਿਲਾਂ ਕੁਝ ਲੋਕਾਂ ਨੇ ਹੈਰੀਟੇਜ ਸਟ੍ਰੀਟ 'ਤੇ ਪ੍ਰੀ ਵੈਡਿੰਗ ਫੋਟੋ ਸ਼ੂਟ ਕੀਤਾ ਸੀ। ਇਸ 'ਤੇ ਸੰਗਤ ਨੇ ਇਤਰਾਜ਼ ਜ਼ਾਹਿਰ ਕੀਤਾ ਸੀ। ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਘਟਨਾ ਨੂੰ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ ਸੀ। ਉਧਰ ਬਾਅਦ ਵਿੱਚੋਂ ਪੰਜਾਬ ਪੁਲਿਸ ਨੇ ਫੈਸਲਾ ਲੈਂਦੇ ਹੋਏ ਵਿਰਾਸਤੀ ਮਾਰਗ ਤੇ ਫੋਟੋ ਸ਼ੂਟ ਅਤੇ ਰੀਲ ਬਣਾਉਣ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ।

ਪੁਲਿਸ ਦੇ ਵੱਲੋਂ ਪੂਰੇ ਵਿਰਾਸਤੀ ਮਾਰਗ 'ਤੇ ਬੋਰਡ ਲਗਾ ਦਿੱਤੇ ਗਏ ਹਨ। ਜਿਸ ਵਿੱਚ ਸਾਫ ਕੀਤਾ ਗਿਆ ਹੈ ਕਿ ਉਹ ਕੋਈ ਪ੍ਰੀ ਵੈਡਿੰਗ ਸ਼ੂਟ, ਵੈਡਿੰਗ ਸ਼ੂਟ ਜਾਂ ਰੀਲ ਨਹੀਂ ਬਣਾ ਸਕਦੇ ਹਨ।

# ਮੋਦੀ ਸਰਕਾਰ ਖ਼ਿਲਾਫ਼ ਕਿਸਾਨ 13 ਫ਼ਰਵਰੀ ਨੂੰ ਫਿਰ ਕਰਨਗੇ ਅੰਦੋਲਨ

## ਮੁੜ ਘੇਰਨਗੇ ਦਿੱਲੀ, ਭਾਰਤ ਦੀਆਂ 100 ਕਿਸਾਨ ਜਥੇਬੰਦੀਆਂ ਨੇ ਕੀਤਾ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼: ਕਿਸਾਨਾਂ ਵੱਲੋਂ ਮੁੜ ਦਿੱਲੀ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਨੂੰ ਦਿੱਲੀ ਅੰਦੋਲਨ-2 ਦਾ ਨਾਮ ਦਿੱਤਾ ਗਿਆ ਹੈ। ਕਿਸਾਨ ਯੂਨੀਅਨਾਂ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਅੰਦੋਲਨ-2 ਦੇਸ਼ਵਿਆਪੀ ਬਣਨ ਜਾ ਰਿਹਾ ਹੈ। ਇਸ ਲਈ ਦੇਸ਼ ਭਰ ਦੀਆਂ 100 ਸੰਘਰਸ਼ਸ਼ੀਲ ਜਥੇਬੰਦੀਆਂ ਨੇ 'ਕਿਸਾਨ-ਮਜ਼ਦੂਰ ਮੋਰਚਾ' ਦਾ ਗਠਨ ਕੀਤਾ ਹੈ। ਇਸ 'ਕਿਸਾਨ-ਮਜ਼ਦੂਰ ਮੋਰਚਾ' ਨੇ 13 ਫਰਵਰੀ ਤੋਂ ਦਿੱਲੀ ਵਿੱਚ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।



ਦਰਅਸਲ ਦੇਸ਼ ਭਰ ਦੀਆਂ ਕਰੀਬ 100 ਸੰਘਰਸ਼ਸ਼ੀਲ ਜਥੇਬੰਦੀਆਂ ਨੇ ਦਿੱਲੀ ਵਿੱਚ ਕੀਤੇ ਜਾਣ ਵਾਲੇ ਅੰਦੋਲਨ ਲਈ ਇਕਜੁੱਟ ਹੋ ਕੇ 'ਕਿਸਾਨ-ਮਜ਼ਦੂਰ ਮੋਰਚਾ' ਦਾ ਗਠਨ ਕੀਤਾ ਹੈ। ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਜਸਵਿੰਦਰ ਸਿੰਘ ਲੌਂਗੋਵਾਲ ਤੇ ਸੁਰਜੀਤ ਸਿੰਘ ਫੂਲ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਕਿਹਾ ਕਿ ਦਿੱਲੀ ਅੰਦੋਲਨ-2 ਦੇਸ਼ਵਿਆਪੀ ਬਣਨ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਤਾਲਮੇਲ ਕਮੇਟੀ ਵਿੱਚ ਕੇਰਲ ਤੋਂ ਦੋ, ਤਾਮਿਲਨਾਡੂ ਤੋਂ ਪੰਜ, ਰਾਜਸਥਾਨ ਤੋਂ ਇੱਕ, ਬਿਹਾਰ ਤੋਂ ਇਕ, ਉੱਤਰ ਪ੍ਰਦੇਸ਼ ਤੋਂ ਇੱਕ, ਮੱਧ ਪ੍ਰਦੇਸ਼ ਤੋਂ ਇੱਕ, ਪੁਡੂਚੇਰੀ ਤੋਂ ਇੱਕ, ਹਰਿਆਣਾ ਤੋਂ ਇੱਕ ਅਤੇ ਪੰਜਾਬ ਤੋਂ ਤਿੰਨ ਮੈਂਬਰ ਨਾਮਜ਼ਦ ਕੀਤੇ ਗਏ ਹਨ। ਇਸ ਤੋਂ ਇਲਾਵਾ ਪ੍ਰੈੱਸ ਕਮੇਟੀ, ਫੰਡ ਕਮੇਟੀ, ਲਿਖਤ-ਪੜ੍ਹਤ ਕਮੇਟੀ ਤੇ ਆਈਟੀ ਸੈੱਲ ਦਾ ਗਠਨ ਵੀ ਕੀਤਾ ਗਿਆ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਇਹ ਕਿਸਾਨ-ਮਜ਼ਦੂਰ ਮੋਰਚਾ ਲੋਕ ਹਿੱਤਾਂ ਦੀ ਰੱਖਿਆ ਲਈ ਦੇਸ਼ ਭਰ ਦੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਨਾਲ ਲੈ ਕੇ 13 ਫਰਵਰੀ ਤੋਂ ਦਿੱਲੀ ਵਿੱਚ ਅੰਦੋਲਨ ਸ਼ੁਰੂ ਕਰਨ ਲਈ ਰਵਾਨਾ ਹੋਵੇਗਾ।

## ਦਰਪਣ ਝੂਠ ਨਹੀਂ ਬੋਲਦਾ

# ਕਾਮਿਆਂ ਦੀ ਕਮੀ ਪੂਰੀ ਕਰਨ ਲਈ 10,000 ਭਾਰਤੀ ਮਜ਼ਦੂਰ ਪਹੁੰਚਣਗੇ ਇਜ਼ਰਾਈਲ

**☛ ਜੰਗ ਕਾਰਨ ਇਜ਼ਰਾਇਲੀ ਨਿਰਮਾਣ ਉਦਯੋਗ ਨੂੰ ਗਹਿਰੇ ਸੰਕਟ ਦਾ ਕਰਨਾ ਪੈ ਰਿਹਾ ਸਾਹਮਣਾ**
**☛ ਪਵਿੱਤਰ ਸ਼ਹਿਰ ਯੇਰੂਸ਼ਲਮ ਦੀ ਰੱਖਿਆ ਦੀ ਜ਼ਿੰਮੇਵਾਰੀ ਕਿਸੇ ਸਮੇਂ ਸਿੱਖ ਫ਼ੌਜੀਆਂ ਦੇ ਹੱਥ ਸੀ**

ਪਿਛਲੇ ਸਾਲ 7 ਅਕਤੂਬਰ ਤੋਂ ਹਮਾਸ ਨਾਲ ਜੰਗ ਦਰਮਿਆਨ ਨਿਰਮਾਣ ਖੇਤਰ ’ਚ ਕਾਮਿਆਂ ਦੀ ਕਮੀ ਦਾ ਸਾਹਮਣਾ ਕਰ ਰਹੇ ਇਜ਼ਰਾਇਲ ’ਚ ਅਗਲੇ ਹਫ਼ਤੇ ਤੋਂ ਭਾਰਤ ਤੋਂ ਕਰੀਬ 10,000 ਕਾਮੇ ਜਾਣਗੇ। ਇਜ਼ਰਾਇਲ ਬਿਲਡਰਜ਼ ਐਸੋਸੀਏਸ਼ਨ (ਆਈ. ਬੀ. ਏ.) ਦੇ ਇੱਕ ਸੂਤਰ ਨੇ ਕਿਹਾ ਕਿ ਇਹ 10,000 ਕਾਮੇ ਪ੍ਰਤੀ ਹਫ਼ਤੇ 700 ਤੋਂ 1000 ਦੇ ਸਮੂਹਾਂ ਦੇ ਰੂਪ ਵਿੱਚ ਪਹੁੰਚਣਗੇ। ਗਾਜ਼ਾ ’ਚ ਹਮਾਸ ਦੇ ਨਾਲ ਇਜ਼ਰਾਇਲ ਦੀ ਜੰਗ ਅਤੇ ਫਲਸਤੀਨੀ ਕਾਮਿਆਂ ਦੇ ਪ੍ਰਵੇਸ਼ ’ਤੇ ਪਾਬੰਦੀ ਤੇ ਕਈ ਹਜ਼ਾਰ ਹੋਰ ਵਿਦੇਸ਼ੀ ਕਾਮਿਆਂ ਦੇ ਨਿਕਲ ਜਾਣ ਕਾਰਨ ਇਜ਼ਰਾਇਲੀ ਨਿਰਮਾਣ ਉਦਯੋਗ ਨੂੰ ਗਹਿਰੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈ ਪ੍ਰਾਜੈਕਟ ਵਿਚਾਲੇ ਰੁਕ ਗਏ ਹਨ। ਜੰਗ ਦੇ ਬਾਅਦ ਇਜ਼ਰਾਇਲ ਨੇ ਫਲਸਤੀਨੀ ਕਾਮਿਆਂ ਦੇ ਪ੍ਰਵੇਸ਼ ’ਤੇ ਰੋਕ ਲਗਾ ਦਿੱਤੀ ਸੀ ।ਕਈ ਹਜ਼ਾਰ ਹੋਰ ਵਿਦੇਸ਼ੀ ਕਾਮਿਆਂ ਦੇ ਚਲੇ ਜਾਣ ਨਾਲ ਇਜ਼ਰਾਇਲ ਦੇ ਨਿਰਮਾਣ ਉਦਯੋਗ ਨੂੰ ਗਹਿਰੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਜ਼ਰਾਇਲ ਦਾ ਕਾਰੋਬਾਰੀ ਦੈਨਿਕ ‘ਦ ਕੈਲਕਲਿਸਟ’ ਨੇ ਪਿਛਲੇ ਹਫ਼ਤੇ ਹਿਬਰੂ ਵਿੱਚ ਇੱਕ ਖ਼ਬਰ ਵਿੱਚ ਕਿਹਾ ਕਿ ਨਿਰਮਾਣ ਉਦਯੋਗ ਲਈ ਵਿਦੇਸ਼ੀ ਕਾਮਿਆਂ ਦਾ ਕੋਟਾ 30,000 ਤੋਂ ਵਧਾ ਕੇ 50,000 ਕਰ ਦਿੱਤਾ ਗਿਆ ਹੈ ਅਤੇ ਇਜ਼ਰਾਈਲੀ ਸਰਕਾਰ ਨੇ ਪਿਛਲੇ ਹਫ਼ਤੇ ਭਾਰਤ ਤੋਂ 10,000 ਕਾਮਿਆਂ ਦੇ ਆਗਮਨ ਨੂੰ ਮਨਜ਼ੂਰੀ ਦਿੱਤੀ ਹੈ।



ਜਿਸ ਪਵਿੱਤਰ ਸ਼ਹਿਰ ਲਈ ਇਜ਼ਰਾਈਲ ਤੇ ਫਲਸਤੀਨ ਵਿੱਚ ਵਿਵਾਦ ਹੈ ਉੱਥੇ ਦੀ ਰੱਖਿਆ ਦੀ ਜ਼ਿੰਮੇਵਾਰੀ ਸਿੱਖਾਂ ਕੋਲ ਸੀ। ਇਜ਼ਰਾਈਲ ਅਤੇ ਫਲਸਤੀਨ ਦੇ ਵਿਚਾਲੇ ਜੰਗ ਦਾ ਸਭ ਤੋਂ ਅਹਿਮ ਕਾਰਨ ‘ਯੇਰੂਸ਼ਲਮ ਦਾ ਪਵਿੱਤਰ ਸ਼ਹਿਰ’ ਹੈ ।

ਇਸੇ ਸ਼ਹਿਰ ਵਿੱਚ ਦੋਵਾਂ ਦੀ ਧਾਰਮਿਕ ਹੋਂਦ ਲੁਕੀ ਹੋਈ ਹੈ ਅਤੇ ਇਸੇ ਲਈ ਹੀ ਦੋਵੇ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹਨ, ਪਰ ਇਸ ਸ਼ਹਿਰ ਦੀ ਰੱਖਿਆ ਦੀ ਜ਼ਿੰਮੇਵਾਰੀ ਇੱਕ ਵਕਤ ਸਿੱਖ ਫੌਜੀਆਂ ਦੇ ਹੱਥ ਸੀ । ਅਣਵੰਡੇ ਪੰਜਾਬ ਦੇ ਸਿੱਖ ਫੌਜੀਆਂ ਨੇ ਇਸ ਸ਼ਹਿਰ ਦੀ ਸੁਰੱਖਿਆ ਦੇ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਅਤੇ ਇੱਥੇ ਹੀ ਦਫਨ ਹੋ ਗਏ।ਅਜਿਹੇ ਕਈ ਸਿੱਖ ਫੌਜੀਆਂ ਦਾ ਕਹਾਣੀ ਹੁਣ ਵੀ ਯੇਰੂਸ਼ਲਮ ਦੀਆਂ ਕਬਰਾਂ ਵਿੱਚ ਮਿਲ ਜਾਂਦੀਆਂ ਹਨ। ਸਿਰਫ਼ ਏਨਾ ਹੀ ਨਹੀਂ ਬਾਬਾ ਫਰੀਦ ਦਾ ਵੀ ਇਸ ਸ਼ਹਿਰ ਦਾ ਗਹਿਰਾ ਰਿਸ਼ਤਾ ਹੈ।

ਲਾਇਲਪੁਰ ਦੇ ਪਾਲ ਸਿੰਘ, ਪਟਿਆਲਾ ਦੇ ਆਸਾ ਸਿੰਘ, ਅਜਨਾਲਾ ਦੇ ਮੱਘਰ ਸਿੰਘ, ਗਵਾਲੀਅਰ ਇਨਫੈਂਟਰੀ ਦੇ ਸੀਤਾ ਰਾਮ ਅਤੇ ਗਾਜ਼ੀਆਬਾਦ ਦੇ ਬਸ਼ੀਰ ਖਾਨ ਦੀ ਅਖੀਰਲੀ ਨਿਸ਼ਾਨੀ ਉਨ੍ਹਾਂ ਦੇ ਜਨਮ ਅਸਥਾਨ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਯੇਰੂਸਲਮ ਦੇ ਇੱਕ ਕਬਰਗਾਹ ਵਿੱਚ ਦਰਜ ਹੈ।ਉਨ੍ਹਾਂ ਦੀ ਯਾਦ ਸਾਂਭਣ ਲਈ ਉਨ੍ਹਾਂ ਦੇ ਨਾਵਾਂ ਦੇ ਪੱਥਰ ਵੀ ਸਥਾਪਤ ਕੀਤੇ ਗਏ। ਇਜ਼ਰਾਇਲੀ ਸਰਕਾਰ ਨੇ ਭਾਰਤੀ ਫੌਜੀਆਂ ਦੇ ਸਤਿਕਾਰ ਦੇ ਲਈ ਇੱਕ ਮੋਹਰ ਵੀ ਜਾਰੀ ਕੀਤੀ ਸੀ। ਜੋ ਕਿ ਉਨ੍ਹਾਂ ਦੇ ਮਾਣ ਵਿੱਚ ਜਾਰੀ ਕੀਤੀਆਂ ਗਈਆਂ ਸਨ। ਯੇਰੂਸ਼ਲਮ ਵਿੱਚ ਬਣਿਆ ਅਲ ਅਕਸਾ ਮਸਜਿਦ ਜਾਂ ਟੈਂਪਲ ਮਾਊਂਟ ਯਹੂਦੀ ਅਤੇ ਅਰਬ ਦੋਵਾਂ ਭਾਈਚਾਰਿਆਂ ਦੇ ਲਈ ਪਵਿੱਤਰ ਥਾਂ ਹੈ। ਇਜ਼ਰਾਈਲ ਵਿੱਚ ਤਾਇਨਾਤ ਰਹੇ ਭਾਰਤੀ ਸਫੀਰ ਨਵਤੇਜ ਸਿੰਘ ਸਰਨਾ ਨੇ ਆਪਣੀ ਕਿਤਾਬ ‘ਮੈਮੋਰੀਅਲ ਆਫ਼ ਇੰਡੀਅਨ ਸੋਲਜਰਜ਼ ਇਨ ਇਜ਼ਰਾਈਲ ਵਿੱਚ ਸਿੱਖਾਂ ਦੇ ਯੇਰੂਸ਼ਲਮ ਸ਼ਹਿਰ ਦੀ ਸੁਰੱਖਿਆ ਵਿੱਚ ਅਹਿਮ ਯੋਗਦਾਨ ਦਾ ਜ਼ਿਕਰ ਕੀਤਾ ਹੈ। ਨਵਤੇਜ ਸਰਨਾ ਨੇ ਦੱਸਿਆ ਕਿ ਅਲ ਅਕਸਾ ਮਸਜਿਦ ਨੂੰ ਲੈਕੇ ਅਰਬਾਂ ਅਤੇ ਯਹੂਦੀਆਂ ਦੇ ਵਿਚਾਲੇ ਪਹਿਲੇ ਵਿਸ਼ਵ ਜੰਗ ਤੋਂ ਹੀ ਕਬਜ਼ੇ ਨੂੰ ਲੈਕੇ ਜੰਗ ਸੀ।

(ਬਾਕੀ ਸਫ਼ਾ 30 ’ਤੇ)

# ‘ਆਪ’ ਪਾਰਟੀ ਮੁਫ਼ਤ ਦੀਆਂ ਸਹੂਲਤਾਂ ਦਾ ਲਾਲਚ ਦੇ ਕੇ ਚੋਣਾਂ ਜਿੱਤਣ ਦੇ ਆਹਰ ਵਿੱਚ

## ਪੰਜਾਬ ਹੋਇਆ 3.20 ਲੱਖ ਕਰੋੜ ਦਾ ਕਰਜ਼ਾਈ, ਬਿਜਲੀ ਮਹਿਕਮਾ ਘਾਟੇ ਵਿੱਚ

ਲੋਕ ਸਭਾ ਚੋਣਾਂ ਸਿਰ ’ਤੇ ਹਨ, ਪੰਜਾਬ ਦੀ ਕੋਈ ਵੀ ਪ੍ਰਮੁੱਖ ਪਾਰਟੀ ਪੰਜਾਬੀਆਂ ਸਾਹਮਣੇ ਪੰਜਾਬ ਦੀ ਬਰਬਾਦੀ ਤੋਂ ਬਚਣ ਦੇ ਰਸਤਿਆਂ ਬਾਰੇ ਕੋਈ ਪ੍ਰੋਗਰਾਮ ਰੱਖਣਾ ਤਾਂ ਦੂਰ, ਸੋਚਦੀ ਵੀ ਵਿਖਾਈ ਨਹੀਂ ਦੇ ਰਹੀ। ਚਰਚਾ ਹੈ ਤਾਂ ਸਿਰਫ਼ ਇਸ ਗੱਲ ਦੀ ਕਿ ਕਾਂਗਰਸ ਤੇ ‘ਆਪ’ ਵਿੱਚ ਸਮਝੌਤਾ ਹੋਵੇ ਜਾਂ ਨਾ, ਅਕਾਲੀ ਦਲ ਤੇ ਭਾਜਪਾ ਵਿੱਚ ਸਮਝੌਤਾ ਕਿਉਂ ਨਹੀਂ ਹੋ ਰਿਹਾ ? ਪੰਜਾਬ ਵਿੱਚ ‘ਆਪ’ ਦੀ ਸਰਕਾਰ ਮੁਫ਼ਤ ਦੀਆਂ ਸਹੂਲਤਾਂ ਦੇ ਲਾਲਚ ਵਿੱਚ ਅਤੇ ਸਥਾਪਿਤ ਪਾਰਟੀਆਂ ਦੇ ਪੰਜਾਬੀਆਂ ਦੀਆਂ ਆਸਾਂ ’ਤੇ ਪੂਰਾ ਨਾ ਉਤਰਨ ਕਰਕੇ ਹੀ ਬਣੀ ਸੀ। ਹੁਣ ਵੀ ਸਰਕਾਰ ਮੁਫ਼ਤਖੋਰੀ ਦੀਆਂ ਸਕੀਮਾਂ ਦੇ ਲਾਲਚ ਅਤੇ ਡਰ ਦਾ ਮਾਹੌਲ ਬਣਾ ਕੇ ਹੀ ਜਿੱਤਣ ਦੇ ਆਹਰ ਵਿੱਚ ਹੈ। ਪੰਜਾਬ ਦੇ ਭਵਿੱਖ ਬਾਰੇ, ਪੰਜਾਬ ਦੀਆਂ ਅਸਲੀ ਜ਼ਰੂਰਤਾਂ ਵੱਲ ਉਸ ਦਾ ਵੀ ਕੋਈ ਧਿਆਨ ਨਹੀਂ ਹੈ। ਪੰਜਾਬ ਸਰਕਾਰ ਵਲ ਆਪਣੇ ਅੰਕੜੇ ਹੀ ਦੱਸਦੇ ਹਨ ਕਿ ਪੰਜਾਬ ਵਿੱਚ ਕਰਜ਼ਾ ਵਧ ਕੇ 3.20 ਲੱਖ ਕਰੋੜ ’ਤੇ ਪੁੱਜ ਗਿਆ ਹੈ। ਪੰਜਾਬ ਸਰਕਾਰ ਨੇ ਸਿਰਫ਼ 21 ਮਹੀਨਿਆਂ ਵਿੱਚ ਹੀ 31,153 ਕਰੋੜ ਰੁਪਏ ਤਾਂ ਵਿਆਜ ਭਰਿਆ ਹੈ। ਸਭ ਤੋਂ ਵੱਧ ਘਾਟਾ ਬਿਜਲੀ ਸਬਸਿਡੀ ਵਿੱਚ ਪੈ ਰਿਹਾ ਹੈ।ਜਦੋਂ ਪੰਜਾਬ ਵਿੱਚ ਰੇਤਾ 24 ਰੁਪਏ ਫੁੱਟ ਵਿਕਦਾ ਸੀ ਤਾਂ ‘ਆਪ’ ਮੁਖੀ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਰੇਤੇ ਦੇ ਕਾਰੋਬਾਰ ਵਿਚੋਂ ਮਾਫੀਆ ਨੂੰ ਬਾਹਰ ਕੱਢ ਪੰਜਾਬ ਸਰਕਾਰ ਹਰ ਸਾਲ 20 ਹਜ਼ਾਰ ਕਰੋੜ ਰੁਪਏ ਕਮਾਵੇਗੀ। ਪਰ ਹੁਣ ਰੇਤਾ ਤਾਂ 34 ਤੋਂ 40 ਰੁਪਏ ਫੁੱਟ ਤੱਕ ਮਿਲਦਾ ਹੈ। ਸੋ, ਇਹ 20 ਹਜ਼ਾਰ ਕਰੋੜ ਰੁਪਏ ਹੁਣ ਕਿਸ ਮਾਫੀਏ ਦੀ ਜੇਬ ਵਿਚ ਜਾ ਰਹੇ ਹਨ ? ਪੰਜਾਬ ਦਾ ਮਾਲੀ ਘਾਟਾ ਖ਼ਤਰਨਾਕ ਹੱਦ ਤੱਕ ਵਧ ਰਿਹਾ ਹੈ। ਹਾਂ, ਪੰਜਾਬ ਸਰਕਾਰ ਦੀ ਆਮਦਨ ਆਬਕਾਰੀ (ਸ਼ਰਾਬ) ਵਿਚੋਂ ਜ਼ਰੂਰ ਵਧੀ ਹੈ, ਇਹ ਵੀ ਕੋਈ ਚੰਗਾ ਸ਼ਗਨ ਨਹੀਂ ਹੈ। ਪੰਜਾਬ ਵਿੱਚ ਭਾਵੇਂ ਗੈਂਗਸਟਰਾਂ ਦੇ ਪੁਲਿਸ ਮੁਕਾਬਲੇ ਵਧ ਰਹੇ ਹਨ, ਭਾਵੇਂ 1984-90 ਦੇ ਦੌਰ ਵਾਂਗ ਪੁਲਿਸ ਨੂੰ ਫਿਰ ਬੁਲਟ ਪਰੂਫ਼ ਟਰੈਕਟਰ ਦਿੱਤੇ ਜਾ ਰਹੇ ਹਨ ਪਰ ਪੰਜਾਬ ਪੁਲਿਸ ਦਾ ਦਬਦਬਾ ਨਹੀਂ ਵਧ ਰਿਹਾ। ਇਹ ਸਥਿਤੀ ਕੋਈ ਚੰਗੀ ਨਹੀਂ ਹੈ, ਇਸ ਵਿੱਚ ਝੂਠੇ ਪੁਲਿਸ ਮੁਕਾਬਲੇ, ਰਾਜਸੀ ਤੇ ਨਿੱਜੀ ਬਦਲਿਆਂ ਲਈ ਪੁਲਿਸ ਦੀ ਵਰਤੋਂ ਦਾ ਡਰ ਵਧੇਗਾ, ਇਨਸਾਫ਼ ਮਿਲਣਾ ਮੁਸ਼ਕਿਲ ਹੁੰਦਾ ਜਾਵੇਗਾ। ਪੁਲਿਸ ਰਾਜ ਦਾ ਖ਼ਤਰਾ ਵਧੇਗਾ। ਮੁਕਾਬਲਿਆਂ ਦੀ ਇਜਾਜ਼ਤ ਦੇਣੀ ਤੇ ਟਰੈਕਟਰ ਤੱਕ ਮੁਹੱਈਆ ਕਰਵਾਉਣੇ ਵਹਿਸ਼ੀ ਰਾਜ ਵੱਲ ਜਾਣ ਦੇ ਕਦਮ ਹਨ।




ਪਰ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਕੋਲ ਵੀ ਕੋਈ ਸਾਰਥਿਕ ਤੇ ਲੰਮੇ ਸਮੇਂ ਦਾ ਕੋਈ ਪ੍ਰੋਗਰਾਮ ਨਹੀਂ ਹੈ, ਨਾਅਰੇ ਹੀ ਹਨ। ਕੀ ਕਿਵੇਂ ਕਰਨਾ ਹੈ ? ਕਿਸੇ ਨੂੰ ਨਹੀਂ ਪਤਾ। ਨਵਜੋਤ ਸਿੰਘ ਸਿੱਧੂ ਆਪਣੇ ਪੰਜਾਬ ਏਜੰਡੇ ਦੀ ਗੱਲ ਤਾਂ ਕਰਦਾ ਹੈ ਪਰ ਉਹ ਵੀ ਜ਼ਬਾਨੀ ਕਲਾਮੀ। ਉਸ ਨੇ ਵੀ ਕੋਈ ਵਿਸਥਾਰਤ ਏਜੰਡਾ ਤੇ ਪ੍ਰੋਗਰਾਮ ਲਿਖਤੀ ਰੂਪ ਵਿੱਚ ਤਿਆਰ ਨਹੀਂ ਕੀਤਾ। ਭਾਰਤੀ ਕਿਸਾਨ ਯੂਨੀਅਨਾਂ ਨੇ ਸ਼ਾਨਦਾਰ ਲੜਾਈ ਤਾਂ ਲੜੀ ਤੇ ਜਿੱਤੀ ਵੀ ਪਰ ਇਸ ਜਿੱਤ ਦਾ ਨਤੀਜਾ ਕੀ ਹੈ ? ਕੀ ਫ਼ਸਲਾਂ ਦਾ ਸਮਰਥਨ ਮੁੱਲ ਮਿਲਿਆ ? ਕੀ ਪੰਜਾਬ ਦੇ ਪਾਣੀਆਂ ਦੇ ਜਾਂ ਹੋਰ ਮਸਲੇ ਹੱਲ ਹੋਏ, ਨਹੀਂ ਹੋਏ, ਸਗੋਂ ਸੰਘਵਾਦ ਦੇ ਖਾਤਮੇ ਤੇ ਧਾਰਮਿਕ ਰਾਜ ਦਾ ਖ਼ਤਰਾ ਵਧਿਆ ਹੈ। ਇਸ ਲੜਾਈ ਤੋਂ ਬਾਅਦ ਪੰਜਾਬ ਹੋਰ ਡੂੰਘੀ ਹਨੇਰੀ ਖੱਡ ਵਿੱਚ ਡਿਗਦਾ ਜਾਪ ਰਿਹਾ ਹੈ। ਹਰ ਜਿੱਤ ਤੋਂ ਬਾਅਦ ਏਕਤਾ ਹੋਣੀ ਕੁਦਰਤੀ ਅਮਲ ਹੁੰਦਾ ਹੈ ਪਰ ਇਥੇ ਬਿਨਾਂ ਕਿਸੇ ਪ੍ਰਾਪਤੀ ਦੇ ਏਕਤਾ ਦੀ ਥਾਂ 32 ਤੋਂ 72 ਯੂਨੀਅਨਾਂ ਬਣ ਗਈਆਂ ਹਨ।

### ਯਮਨ ਵਿੱਚ ਹੂਤੀ ਬਾਗ਼ੀਆਂ ਦੇ ਟਿਕਾਣਿਆਂ ’ਤੇ ਹਮਲੇ

# ਅਮਰੀਕਾ ਦੇ ਸਾਬਕਾ ਡਿਪਲੋਮੈਟ ਵੱਲੋਂ ਚਿਤਾਵਨੀ ਕਿ ਇਰਾਨ ਪਲਕ ਝਪਕਦੇ ਹੀ ਭਿਆਨਕ ਪ੍ਰਮਾਣੂ ਹਥਿਆਰ ਬਣਾ ਸਕਦੈ

ਅਮਰੀਕਾ ਅਤੇ ਯੂ. ਕੇ. ਨੇ ਇੱਕ ਵਾਰ ਫਿਰ ਯਮਨ ਵਿੱਚ ਹੂਤੀ ਬਾਗ਼ੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਦੇ 36 ਟਿਕਾਣਿਆਂ ’ਤੇ ਹਮਲੇ ਕੀਤੇ। ਪੈਂਟਾਗਨ ਨੇ ਕਿਹਾ ਕਿ ਹੂਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ’ਚ ਯੂਕੇ, ਆਸਟਰੇਲੀਆ, ਬਹਿਰੀਨ, ਕੈਨੇਡਾ, ਡੈਨਮਾਰਕ, ਨੈਦਰਲੈਂਡਜ਼ ਅਤੇ ਨਿਊਜ਼ੀਲੈਂਡ ਦੀ ਫ਼ੌਜ ਨੇ ਵੀ ਆਪਣਾ ਯੋਗਦਾਨ ਪਾਇਆ। ਇੱਕ ਅਮਰੀਕੀ ਅਧਿਕਾਰੀ ਨੇ ਸੀ.ਐੱਨ.ਐੱਨ. ਨੂੰ ਦੱਸਿਆ ਕਿ ਯਮਨ ਵਿੱਚ ਹੂਤੀ ਬਾਗ਼ੀਆਂ ਦੇ ਟਿਕਾਣਿਆਂ ’ਤੇ ਟੌਮਹਾਕ ਮਿਜ਼ਾਈਲਾਂ ਵੀ ਦਾਗ਼ੀਆਂ ਗਈਆਂ। ਇਸ ਤੋਂ ਇਲਾਵਾ ਐੱਫ/ਏ-18 ਲੜਾਕੂ ਜੈੱਟ ਅਤੇ ਹੋਰ ਮਿਜ਼ਾਈਲਾਂ ਦੀ ਵੀ ਵਰਤੋਂ ਕੀਤੀ ਗਈ। ਅਮਰੀਕਾ ਵੱਲੋਂ ਸੀਰੀਆ ਅਤੇ ਇਰਾਕ ਵਿੱਚ 85 ਟਿਕਾਣਿਆਂ ’ਤੇ ਬੀਤੇ ਸ਼ੁੱਕਰਵਾਰ ਨੂੰ ਹਮਲੇ ਕੀਤੇ ਜਾਣ ਦੇ ਅਗਲੇ ਦਿਨ ਹੂਤੀ ਬਾਗ਼ੀਆਂ ਉੱਪਰ ਹਮਲੇ ਕੀਤੇ ਗਏ ਹਨ। ਅਮਰੀਕੀ ਰੱਖਿਆ ਮੰਤਰੀ ਲੌਇਡ ਆਸਟਿਨ ਨੇ ਕਿਹਾ ਕਿ ਸਾਂਝੀ ਕਾਰਵਾਈ ਨਾਲ ਹੂਤੀ ਬਾਗ਼ੀਆਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਹੈ ਕਿ ਜੇਕਰ ਉਨ੍ਹਾਂ ਲਾਲ ਸਾਗਰ ’ਚ ਸਮੁੰਦਰੀ ਜਹਾਜ਼ਾਂ ਅਤੇ ਜਲ ਸੈਨਾ ਦੇ ਬੇੜਿਆਂ ’ਤੇ ਹਮਲੇ ਬੰਦ ਨਾ ਕੀਤੇ ਤਾਂ ਉਨ੍ਹਾਂ ਨੂੰ ਹੋਰ ਗੰਭੀਰ ਸਿੱਟੇ ਭੁਗਤਣੇ ਪੈਣਗੇ। ਅਮਰੀਕਾ ਅਤੇ ਉਸ ਦੇ ਭਾਈਵਾਲ ਮੁਲਕਾਂ ਦੀਆਂ ਸੈਨਾਵਾਂ ਵੱਲੋਂ ਇਰਾਨ ਸਮਰਥਿਤ ਹੂਤੀ ਬਾਗ਼ੀਆਂ ਦੇ ਹਥਿਆਰਾਂ ਦੇ ਭੰਡਾਰ, ਮਿਜ਼ਾਈਲ ਪ੍ਰਣਾਲੀਆਂ ਤੇ ਲਾਂਚਰਾਂ, ਹਵਾਈ ਰੱਖਿਆ ਪ੍ਰਣਾਲੀਆਂ ਅਤੇ ਰਾਡਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਹੂਤੀ ਬਾਗ਼ੀਆਂ ਵੱਲੋਂ ਪਿਛਲੇ ਸਾਲ ਨਵੰਬਰ ਤੋਂ ਲੈ ਕੇ ਹੁਣ ਤੱਕ ਲਾਲ ਸਾਗਰ ’ਚ 30 ਤੋਂ ਵਧ ਹਮਲੇ ਕੀਤੇ ਜਾ ਚੁੱਕੇ ਹਨ। ਹਮਲੇ ਤੋਂ ਬਾਅਦ ਅਮਰੀਕਾ ਹੁਣ ਇਰਾਨ ਦੇ ਸਮਰਥਨ ਵਾਲੇ ਲੜਾਕਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਰਾਸ਼ਟਰਪਤੀ ਬਿਡੇਨ ਨੇ ਬਹੁ-ਪੱਧਰੀ ਜਵਾਬ ਦੇਣ ਦੀ ਸਹੁੰ ਖਾਧੀ ਹੈ।



(ਬਾਕੀ ਸਫ਼ਾ 30 ’ਤੇ)

# ਪਿਛਲੇ ਸਾਲ ਸੰਸਦ ’ਚ ਦਾਖ਼ਲ ਹੋਏ ਨੌਜਵਾਨਾਂ ’ਤੇ ਪੁਲਿਸ ਹਿਰਾਸਤ ਦੌਰਾਨ ਵਹਿਸ਼ੀ ਤਸ਼ੱਦਦ

## ਦਿੱਲੀ ਦੀ ਪਟਿਆਲਾ ਕੋਰਟ ਵਿੱਚ ਐਡੀਸ਼ਨਲ ਸੈਸ਼ਨ ਜੱਜ ਅੱਗੇ ਇੱਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਪੇਸ਼ ਕੀਤੀ

ਦਿੱਲੀ ਦੀ ਪਟਿਆਲਾ ਕੋਰਟ ਵਿੱਚ ਐਡੀਸ਼ਨਲ ਸੈਸ਼ਨ ਜੱਜ ਹਰਦੀਪ ਕੌਰ ਦੇ ਅੱਗੇ ਇੱਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਪੇਸ਼ ਕੀਤੀ ਗਈ ਹੈ, ਜਿਸ ਦਾ ਨਾਤਾ ਪਿਛਲੇ ਸਾਲ ਸੰਸਦ ਵਿੱਚ ਦਾਖਲ ਹੋਏ ਨੌਜਵਾਨਾਂ ਨਾਲ ਹੈ। ਯੂ ਏ ਪੀ ਏ ਤਹਿਤ ਹਿਰਾਸਤ ਵਿੱਚ ਰੱਖੇ ਜਾ ਰਹੇ ਇਨ੍ਹਾਂ ਮੁਲਜ਼ਮਾਂ ਨੇ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਨੂੰ ਇਹ ਮਨਾਉਣ ਲਈ ਬਿਜਲੀ ਦੇ ਝਟਕੇ ਦੇਣ ਸਮੇਤ ਵੱਖ-ਵੱਖ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਕਿ ਉਨ੍ਹਾਂ ਇਹ ਹਰਕਤ ਆਪੋਜ਼ੀਸ਼ਨ ਪਾਰਟੀਆਂ ਦੇ ਕਹਿਣ ’ਤੇ ਕੀਤੀ ਸੀ। ਕਰੀਬ 70 ਕੋਰੇ ਕਾਗਜ਼ਾਂ ’ਤੇ ਧੱਕੇ ਨਾਲ ਦਸਤਖਤ ਕਰਵਾਏ ਗਏ। ਕੁੱਲ 6 ਵਿੱਚੋਂ 5 ਮੁਲਜ਼ਮਾਂ ਸਾਗਰ ਸ਼ਰਮਾ, ਮਨੋਰੰਜਨ ਡੀ, ਲਲਿਤ ਝਾਅ, ਮਹੇਸ਼ ਕੁਮਾਵਤ ਤੇ ਅਮੋਲ ਸ਼ਿੰਦੇ ਨੇ ਆਪਣੀ ਅਰਜ਼ੀ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ ਸੋਸ਼ਲ ਮੀਡੀਆ ਸਾਈਟਸ ਅਕਾਊਂਟਸ, ਈ-ਮੇਲ ਤੇ ਫੋਨ ਦੇ ਪਾਸਵਰਡ ਦੇਣ ਲਈ ਵੀ ਮਜਬੂਰ ਕੀਤਾ ਗਿਆ। ਪੋਲੀਗ੍ਰਾਫ ਟੈਸਟ ਕਰਨ ਵਾਲੇ ਅਧਿਕਾਰੀਆਂ ਨੇ ਦੋ ਮੁਲਜ਼ਮਾਂ ’ਤੇ ਸਿਆਸੀ ਪਾਰਟੀ ਜਾਂ ਲੀਡਰ ਦੀ ਇਸ ਮਾਮਲੇ ਵਿੱਚ ਸ਼ਮੂਲੀਅਤ ਲਈ ਨਾਂਅ ਲੈਣ ਦਾ ਦਬਾਅ ਪਾਇਆ ।ਪਿਛਲੇ ਸਾਲ 13 ਦਸੰਬਰ ਨੂੰ ਸੰਸਦ ਦੇ ਸਰਦ ਰੁੱਤ ਅਜਲਾਸ ਦੌਰਾਨ ਇਹ ਘਟਨਾ ਹੋਈ ਸੀ, ਜਿਸ ਨੂੰ ਸੁਰੱਖਿਆ ਵਿੱਚ ਗੰਭੀਰ ਚੂਕ ਦਾ ਮਾਮਲਾ ਮੰਨਿਆ ਗਿਆ ਸੀ। ਉਦੋਂ ਪੁਲਿਸ ਨੇ ਕਿਹਾ ਸੀ ਕਿ ਮੁਢਲੀ ਜਾਂਚ ਵਿੱਚ ਪਤਾ ਲੱਗਾ ਹੈ ਕਿ

(ਬਾਕੀ ਸਫ਼ਾ 30 ’ਤੇ)

# ਪੰਜਾਬ ’ਚ ਲੋਕ ਸਭਾ ਦੀਆਂ 13 ਸੀਟਾਂ ਜਿੱਤਣ ਲਈ ਰਾਜਸੀ ਧਿਰਾਂ ਸਰਗਰਮ

## ਬਾਦਲ ਦਲ ‘ਪੰਜਾਬ ਬਚਾਓ ਯਾਤਰਾ’ ਵਿੱਚ ਸਰਗਰਮ

## ਕਾਂਗਰਸ ਤੇ ‘ਆਪ’ ਦਾ ਸਮਝੌਤਾ ਸਿਰੇ ਨਾ ਚੜ੍ਹਿਆ

➢ਕਾਂਗਰਸ ਹਾਈਕਮਾਂਡ ਲਈ ਸਿੱਧੂ ਤੇ ਖਹਿਰਾ ਸਿਰਦਰਦੀ ਬਣੇ ➢ਭਾਜਪਾ, ਰਾਮ ਮੰਦਰ ਤੇ ਮੋਦੀ ਸਹਾਰੇ ➢ਬਹੁਕੋਣੇ ਮੁਕਾਬਲੇ ਹੋਣ ਦੀ ਸੰਭਾਵਨਾ

ਜਲੰਧਰ/ਏ.ਟੀ.ਨਿਊਜ਼ : ਪੰਜਾਬ ’ਚ ਲੋਕ ਸਭਾ ਦੀਆਂ 13 ਸੀਟਾਂ ਜਿੱਤਣ ਲਈ ਰਾਜਸੀ ਪਾਰਟੀਆਂ ਨੂੰ ਭਾਰੀ ਮਿਹਨਤ ਕਰਨੀ ਪਵੇਗੀ। ਭਾਰਤ ਅੰਦਰ ਭਾਵੇਂ ਲੋਕ ਸਭਾ ਚੋਣਾਂ ਦਾ ਅਧਿਕਾਰਤ ਤੌਰ ’ਤੇ ਐਲਾਨ ਹੋਣਾ ਅਜੇ ਬਾਕੀ ਹੈ, ਪਰ ਪੰਜਾਬ ਅੰਦਰ ਸਾਰੀਆਂ ਰਾਜਸੀ ਧਿਰਾਂ ਨੇ ਚੋਣ ਤਿਆਰੀਆਂ ਵਿੱਢ ਦਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪੰਜਾਬ ਦੀ ਸਿਆਸਤ ਵਿੱਚ ਪਾਰਟੀ ਦਾ ਖੁੱਸਿਆ ਆਧਾਰ ਬਹਾਲ ਕਰਨ ਲਈ ਸ਼ੁਰੂ ਕੀਤੀ ਗਈ ‘ਪੰਜਾਬ ਬਚਾਓ ਯਾਤਰਾ’ ਰਾਹੀਂ ਸੰਸਦੀ ਚੋਣਾਂ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ‘ਪੰਜਾਬ ਬਚਾਓ ਯਾਤਰਾ’ ਦੀ ਸ਼ੁਰੂਆਤ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਅਰਦਾਸ ਕਰਕੇ ਕੀਤੀ ਗਈ। ਪਾਰਟੀ ਵੱਲੋਂ ਇਸ ਯਾਤਰਾ ਰਾਹੀਂ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਪਾਰਟੀ ਕੇਡਰਾਂ ਨੂੰ ਸਰਗਰਮ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਵੀ ਆਰੰਭਿਆ ਗਿਆ ਹੈ। ਭਾਜਪਾ ਨਾਲੋਂ ਸਿਆਸੀ ਤੋੜ-ਵਿਛੋੜੇ ਮਗਰੋਂ ਅਕਾਲੀ ਦਲ ਦਾ ਵੋਟ ਬੈਂਕ 18 ਫੀਸਦ ਸੁੰਗੜ ਗਿਆ ਹੈ। ਵਿਧਾਨ ਸਭਾ ਵਿੱਚ ਵੀ ਪਾਰਟੀ ਦੇ ਸਿਰਫ਼ ਤਿੰਨ ਹੀ ਮੈਂਬਰ ਹਨ। ਇਸ ਵੇਲੇ ਅਕਾਲੀ ਦਲ ਦਾ ਬਸਪਾ ਨਾਲ ਸਿਆਸੀ ਗੱਠਜੋੜ ਹੈ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਦਸੰਬਰ ਮਹੀਨੇ ਵਿੱਚ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਤੋਂ ਭੁੱਲਾਂ ਦੀ ਮੁਆਫ਼ੀ ਮੰਗ ਕੇ ਪੰਥਕ ਏਕਤਾ ਦਾ ਹੋਕਾ ਦਿੱਤਾ ਸੀ। ਇਸ ਮਗਰੋਂ ਲਗਾਤਾਰ ਰੁੱਸੇ ਹੋਏ ਜਾਂ ਪਾਰਟੀ ਛੱਡ ਚੁੱਕੇ ਆਗੂਆਂ ਨੂੰ ਵਾਪਸ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਦੀ ਸ਼ੁਰੂਆਤ ਵਿੱਚ ਦਿੱਲੀ ਦੇ ਅਕਾਲੀ ਆਗੂ ਮਨਜੀਤ ਸਿੰਘ ਜੀਕੇ ਨੇ ਪਾਰਟੀ ’ਚ ਸ਼ਮੂਲੀਅਤ ਕੀਤੀ ਸੀ। ਇਸੇ ਤਰ੍ਹਾਂ ਬੀਬੀ ਜਗੀਰ ਕੌਰ ਤੇ ਸੁਖਦੇਵ ਸਿੰਘ ਢੀਂਡਸਾ ਦੀ ਅਕਾਲੀ ਦਲ ਵਿੱਚ ਸ਼ਮੂਲੀਅਤ ਲਈ ਵੀ ਜ਼ੋਰ ਅਜਮਾਇਸ਼ ਕੀਤੀ ਜਾ ਰਹੀ ਹੈ।

ਯਾਤਰਾ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਸਿਰਫ਼ ਅਕਾਲੀ ਦਲ ਪਾਰਟੀ ਹੈ, ਜਿਸ ਨੇ ਪੰਜਾਬ ਨਾਲ ਖੜ੍ਹਨਾ ਹੈ। ਉਨ੍ਹਾਂ ਕਿਹਾ ਜੋ ਵੀ ਹੁਣ ਤੱਕ ਹੋਇਆ ਹੈ, ਉਸ ਵਿੱਚ ਅਕਾਲੀ ਦਲ ਪਾਰਟੀ ਤੋਂ ਇਲਾਵਾ ਹੋਰ ਕਿਸੇ ਪਾਰਟੀ ਨੇ ਆਵਾਜ਼ ਨਹੀਂ ਉਠਾਈ।

ਅਕਾਲੀ ਦਲ ਨੇ ਭਾਵੇਂ ਭਾਨਾ ਸਿੱਧੂ ਦੀ ਗ੍ਰਿਫਤਾਰੀ ਕਰਕੇ ਕੋਈ ਸਟੈਂਡ ਨਹੀਂ ਲਿਆ ਪਰ ਸਿਮਰਨਜੀਤ ਸਿੰਘ ਮਾਨ ਦੀ ਨਜ਼ਰਬੰਦੀ ਵਿਰੁੱਧ ਉਹਨਾਂ ਆਪ ਸਰਕਾਰ ਦੀ ਸਖਤ ਨਿਖੇਧੀ ਕੀਤੀ ਹੈ। ਇਸ ਤੋਂ ਜਾਪਦਾ ਹੈ ਕਿ ਉਹ ਗਰਮ ਪੰਥਕ ਰਾਜਨੀਤੀ ਨਾਲ ਉਲਝਣਾ ਨਹੀਂ ਚਾਹੁੰਦੇ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੂੰ ਉਨ੍ਹਾਂ ਦੀ ਰਿਹਾਇਸ਼ ’ਤੇ ਘਰ ਵਿੱਚ ਹੀ ਪੰਜਾਬ ਪੁਲਿਸ ਵੱਲੋਂ ਨਜ਼ਰਬੰਦ ਕੀਤੇ ਜਾਣ ਦੀ ਸਖ਼ਤ ਸ਼ਬਦਾਂ ’ਚ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਦੀ ਇਸ ਕਾਰਵਾਈ ਨੂੰ ਲੋਕ ਰਾਜ ਦਾ ਕਤਲ ਕਰਾਰ ਦਿੱਤਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸੂਬੇ ਦੇ 2 ਕਰੋੜ 12 ਲੱਖ 31 ਹਜ਼ਾਰ 916 ਵੋਟਰਾਂ ਨੂੰ ਵੱਸ ਵਿੱਚ ਕਰਨ ਲਈ ਰਾਜਸੀ ਮਾਹਿਰ ਰਣਨੀਤੀ ਘੜਣ ਵਿੱਚ ਲੱਗੇ ਹੋਏ ਹਨ। ਇਸ ਵਾਰ ਦੀਆਂ ਚੋਣਾਂ ’ਚ ਲੋਕਾਂ ਵੱਲੋਂ ਖੇਤੀ, ਦਰਿਆਵਾਂ ਦੇ ਪਾਣੀ, ਬੇਰੁਜ਼ਗਾਰੀ ਤੇ ਨਸ਼ੇ ਦੀ ਰੋਕਥਾਮ ਸਬੰਧੀ ਉਮੀਦਵਾਰਾਂ ਨੂੰ ਸਵਾਲ-ਜਵਾਬ ਦੇ ਨਾਲ-ਨਾਲ ਜਵਾਬਦੇਹ ਵੀ ਬਣਾਇਆ ਜਾਵੇਗਾ। ਇਹ ਵੀ ਕਿ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ’ਚ 37 ’ਤੇ ਹਿੰਦੂ ,78 ’ਤੇ ਸਿੱਖ ਅਤੇ 2 ਸੀਟਾਂ ’ਤੇ ਮੁਸਲਮਾਨ ਵੋਟਰਾਂ ਦੀ ਗਿਣਤੀ ਉਮੀਦਵਾਰਾਂ ਦੀ ਜਿੱਤ ਹਾਰ ਲਈ ਫੈਸਲਾਕੁੰਨ ਸਾਬਿਤ ਹੋਵੇਗੀ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦੀਆਂ 11 ਸੀਟਾਂ ਵਿਚੋਂ 4 ’ਤੇ ਹਿੰਦੂ ਤੇ 7 ਸੀਟਾਂ ’ਤੇ ਸਿੱਖ ਵੋਟਰਾਂ ਦੀ ਗਿਣਤੀ ਵਧੇਰੇ ਹੈ। ਪਠਾਨਕੋਟ ਵਿੱਚ ਤਿੰਨਾਂ ਸੀਟਾਂ ’ਤੇ ਹਿੰਦੂ ਵੋਟਰਾਂ ਦਾ ਦਬਦਬਾ ਦੱਸਿਆ ਜਾ ਰਿਹਾ ਹੈ। ਹੁਸ਼ਿਆਰਪੁਰ ਵਿੱਚ 7 ਸੀਟਾਂ ਵਿਚੋਂ 3 ਸੀਟਾਂ ’ਤੇ ਹਿੰਦੂ , 4 ਸੀਟਾਂ ’ਤੇ ਸਿੱਖ, ਤਰਨਤਾਰਨ ਦੀਆਂ 4 ਸੀਟਾਂ ’ਤੇ ਸਿੱਖ ਵੋਟਰਾਂ ਦਾ ਦਬਦਬਾ ਹੈ। ਜਲੰਧਰ ਦੀਆਂ 9 ਸੀਟਾਂ ’ਚੋਂ 3 ’ਤੇ ਹਿੰਦੂ ਅਤੇ 6 ’ਤੇ ਸਿੱਖ ਵੋਟਰ, ਲੁਧਿਆਣਾ ਦੀਆਂ 14 ਸੀਟਾਂ ਵਿਚੋਂ 4 ’ਤੇ ਹਿੰਦੂ ਅਤੇ 10 ’ਤੇ ਸਿੱਖ ਅਤੇ ਬਠਿੰਡਾ ਦੀਆਂ 6 ਸੀਟਾਂ ਵਿਚੋਂ ਇੱਕ ’ਤੇ ਹਿੰਦੂ ਅਤੇ 5 ’ਤੇ ਸਿੱਖ ਵੋਟਰਾਂ ਦੀ ਗਿਣਤੀ ਵਧੇਰੇ ਦੱਸੀ ਜਾ ਰਹੀ ਹੈ। ਇਸੇ ਤਰ੍ਹਾਂ ਫ਼ਾਜ਼ਿਲਕਾ ਦੀਆਂ 4 ਸੀਟਾਂ ’ਚੋਂ 3 ’ਤੇ ਹਿੰਦੂ, ਇੱਕ ’ਤੇ ਸਿੱਖ ਅਤੇ ਫ਼ਰੀਦਕੋਟ ਦੀਆਂ ਤਿੰਨਾਂ ਸੀਟਾਂ ’ਤੇ ਸਿੱਖ ਵੋਟਰਾਂ ਦਾ ਦਬਦਬਾ ਮੰਨਿਆ ਜਾ ਰਿਹਾ ਹੈ। ਗੁਰਦਾਸਪੁਰ ਦੀਆਂ 7 ਸੀਟਾਂ ਵਿਚੋਂ 2 ’ਤੇ ਹਿੰਦੂ, 5 ’ਤੇ ਸਿੱਖ, ਸੰਗਰੂਰ ਦੀਆਂ 5 ਸੀਟਾਂ ਵਿਚੋਂ ਇੱਕ ’ਤੇ ਹਿੰਦੂ, 4 ’ਤੇ ਸਿੱਖ ਅਤੇ ਬਰਨਾਲਾ ਦੀਆਂ 3 ਸੀਟਾਂ ਵਿਚੋਂ ਇੱਕ ’ਤੇ ਹਿੰਦੂ ਅਤੇ 2 ’ਤੇ ਸਿੱਖ, ਮੋਗਾ ਦੀਆਂ 4 ਸੀਟਾਂ ਵਿਚੋਂ ਇਕ ’ਤੇ ਹਿੰਦੂ, 3 ’ਤੇ ਸਿੱਖ, ਫ਼ਤਹਿਗੜ੍ਹ ਦੀਆਂ 3 ਸੀਟਾਂ ਵਿੱਚ ਇੱਕ ’ਤੇ ਹਿੰਦੂ, 2 ’ਤੇ ਸਿੱਖ, ਕਪੂਰਥਲਾ ਦੀਆਂ 4 ਸੀਟਾਂ ’ਚੋਂ 2 ’ਤੇ ਹਿੰਦੂ ਅਤੇ 2 ’ਤੇ ਸਿੱਖ ਵੋਟਰਾਂ ਦੀ ਗਿਣਤੀ ਵਧੇਰੇ ਹੈ। ਇਸੇ ਤਰ੍ਹਾਂ ਨਵਾਂਸ਼ਹਿਰ ਦੀਆਂ 3 ਸੀਟਾਂ ਵਿਚੋਂ 2 ’ਤੇ ਹਿੰਦੂ, 1 ’ਤੇ ਸਿੱਖ, ਰੋਪੜ ਦੀਆਂ 3 ਸੀਟਾਂ ’ਚੋਂ ਇੱਕ ’ਤੇ ਹਿੰਦੂ, 2 ’ਤੇ ਸਿੱਖ ਅਤੇ ਮੁਕਤਸਰ ਦੀਆਂ ਚਾਰਾਂ ਸੀਟਾਂ ’ਤੇ ਸਿੱਖ ਵੋਟਰਾਂ ਦਾ ਦਬਦਬਾ ਮੰਨਿਆ ਜਾ ਰਿਹਾ ਹੈ। ਪਟਿਆਲਾ ਦੀਆਂ 8 ਸੀਟਾਂ ਵਿਚੋਂ 3 ’ਤੇ ਹਿੰਦੂ ਅਤੇ 5 ’ਤੇ ਸਿੱਖ, ਮਾਨਸਾ ਦੀਆਂ 3 ਸੀਟਾਂ ਵਿਚੋਂ ਇੱਕ ’ਤੇ ਹਿੰਦੂ ਅਤੇ 2 ’ਤੇ ਸਿੱਖ ਅਤੇ ਮੋਹਾਲੀ ਦੀਆਂ ਤਿੰਨਾਂ ਸੀਟਾਂ ’ਤੇ ਸਿੱਖ ਵੋਟਰਾਂ ਦਾ ਵਧੇਰੇ ਪ੍ਰਭਾਵ ਹੈ। ਇਸੇ ਤਰ੍ਹਾਂ ਮਲੇਰਕੋਟਲਾ ਦੀਆਂ ਦੋਵਾਂ ਸੀਟਾਂ ’ਤੇ ਮੁਸਲਮਾਨ ਵੋਟਰਾਂ ਦੀ ਗਿਣਤੀ ਵਧੇਰੇ ਦੱਸੀ ਜਾ ਰਹੀ ਹੈ। ਚੋਣਾਂ ਦਾ ਭਾਵੇਂ ਮਹਿਜ਼ ਐਲਾਨ ਹੋਣਾ ਬਾਕੀ ਹੈ ਪਰ ਲੋਕ ਮੁੱਦੇ ਅਜੇ ਤੱਕ ਗ਼ਾਇਬ ਹਨ। ਖੱਬੀਆਂ ਪਾਰਟੀਆਂ ਬਸਪਾ ਤੇ ਕਈ ਹੋਰ ਰਾਜਸੀ ਧਿਰਾਂ ਪਹਿਲਾਂ ਹੀ ਰਾਜਨੀਤਕ ਹਾਸ਼ੀਏ ’ਤੇ ਚਲੀਆਂ ਗਈਆਂ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਦੀ ਆਪਸੀ ਗੱਠਜੋੜ ਦੀ ਸੰਭਾਵਨਾ ਡਾਵਾਂਡੋਲ ਹੈ। ਪੰਜਾਬ ਕਾਂਗਰਸ ਦੇ ਆਗੂ ਗੱਠਜੋੜ ਲਈ ਰਾਜ਼ੀ ਨਹੀਂ ਹੋ ਰਹੇ। ਉਨ੍ਹਾਂ ਨੂੰ ਕਾਂਗਰਸ ਦਾ ਵੋਟ ਬੈਂਕ ਅਤੇ ਆਧਾਰ ਖੁੱਸਣ ਦਾ ਡਰ ਹੈ। ਇਸ ਨਾਲ ਕਈ ਕਾਂਗਰਸੀ ਨੇਤਾਵਾਂ ਨੂੰ ਆਪਣੀ ਹੋਂਦ ਵੀ ਖ਼ਤਰੇ ਵਿੱਚ ਪਈ ਨਜ਼ਰ ਆ ਰਹੀ ਹੈ। ਉਨ੍ਹਾਂ ਅਨੁਸਾਰ ਇਸ ਸਮਝੌਤੇ ਨਾਲ ਉਨ੍ਹਾਂ ਦੇ ਕਾਡਰ ਨੂੰ ਵੀ ਢਾਅ ਲੱਗੇਗੀ। ਇਹ ਵੀ ਦੇਖਣਾ ਹੋਵੇਗਾ ਕਿ ਇਸ ਤੋਂ ਪਹਿਲਾਂ ਦੋਹਾਂ ਪਾਰਟੀਆਂ ਅੰਦਰ ਆਪਸੀ ਕੁੜੱਤਣ ਕਿਵੇਂ ਦੂਰ ਹੋਵੇਗੀ ? ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿਨ੍ਹਾਂ ਕਾਂਗਰਸੀ ਆਗੂਆਂ ਖ਼ਿਲਾਫ਼ ਵੱਖ- ਵੱਖ ਦੋਸ਼ਾਂ ਅਧੀਨ ਮਾਮਲੇ ਦਰਜ ਕੀਤੇ ਹਨ ਉਹ ਨੇਤਾ ਇਸ ਗੱਠਜੋੜ ਨੂੰ ਕਿਵੇਂ ਲੈਣਗੇ ? ਆਮ ਆਦਮੀ ਪਾਰਟੀ ਹੁਣ ਤੱਕ ਕਾਂਗਰਸ ਨੂੰ ਭ੍ਰਿਸ਼ਟ ਦੱਸਦੀ ਆ ਰਹੀ ਹੈ। ਗੱਠਜੋੜ ਤੋਂ ਬਾਅਦ ਉਹ ਇਸ ਦੀ ਕਿਵੇਂ ਤਾਰੀਫ਼ ਕਰੇਗੀ ਅਤੇ ਭਵਿੱਖ ਵਿੱਚ ਪੰਜਾਬ ਸਰਕਾਰ ਇਨ੍ਹਾਂ ਕੇਸਾਂ ਨਾਲ ਕਿਵੇਂ ਨਜਿੱਠੇਗੀ ? ਦੂਸਰਾ ਆਪ ਨੂੰ ਇਹ ਗੱਠਜੋੜ ਸ਼ਾਇਦ ਇਸ ਲਈ ਵੀ ਕਰਨਾ ਪੈ ਰਿਹਾ ਹੈ ਕਿਉਂਕਿ ਉਸ ਨੂੰ ਖ਼ਦਸ਼ਾ ਹੈ ਕਿ ਪੰਜਾਬ ਦੇ ਲੋਕ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਜ਼ਿਆਦਾ ਖ਼ੁਸ਼ ਨਹੀਂ ਹਨ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਵਰਗੇ ਹੁੰਗਾਰੇ ਦੀ ਘੱਟ ਹੀ ਉਮੀਦ ਹੈ। ਕੁਝ ਦਿਨ ਪਹਿਲਾਂ ਤੱਕ ਹਰ ਮਸਲੇ ’ਤੇ ਆਹਮੋ ਸਾਹਮਣੇ ਖੜ੍ਹੀਆਂ ਦੋਵੇਂ ਪਾਰਟੀਆਂ ਹੁਣ ਕਿਵੇਂ ਇਕੱਠੀਆਂ ਹੋਣਗੀਆਂ ? ਇਸ ਸਮੇਂ ਪੰਜਾਬ ਅੰਦਰ ਕਾਂਗਰਸ ਦੇ ਸੱਤ ਅਤੇ ਆਮ ਆਦਮੀ ਪਾਰਟੀ ਦਾ ਇੱਕ ਲੋਕ ਸਭਾ ਮੈਂਬਰ ਹੈ। ਗੱਠਜੋੜ ਤੋਂ ਬਾਅਦ ਸੀਟਾਂ ਦੀ ਵੰਡ ਕਿਸ ਤਰੀਕੇ ਨਾਲ ਹੁੰਦੀ ਹੈ, ਇਸ ਬਾਰੇ ਵੀ ਭਾਰੀ ਰੇੜਕਾ ਬਣਿਆ ਹੋਇਆ ਹੈ। ਪਿਛਲੇ ਦਿਨੀਂ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦਵਿੰਦਰ ਯਾਦਵ ਨੇ ਵੀ ਇਸ ਸਬੰਧ ਵਿੱਚ ਪੰਜਾਬ ਦਾ ਤਿੰਨ ਦਿਨਾ ਦੌਰਾ ਕਰ ਕੇ ਸੂਬਾਈ ਨੇਤਾਵਾਂ ਨਾਲ ਇਸ ਮਾਮਲੇ ਵਿੱਚ ਗੱਲ ਕੀਤੀ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਬਹੁਤੇ ਨੇਤਾ ਇਸ ਗੱਠਜੋੜ ਦੇ ਹੱਕ ਵਿੱਚ ਨਹੀਂ ਹਨ। ਜਦੋਂ ਕਿ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਰਾਜ ਵਿੱਚ ਪਿਛਲੇ ਦਿਨੀਂ ਕੀਤੀਆਂ ਸਿਆਸੀ ਰੈਲੀਆਂ ਵਿੱਚ ਗੱਠਜੋੜ ਲਈ ਹਾਮੀ ਭਰ ਚੁੱਕੇ ਹਨ, ਪ੍ਰੰਤੂ ਪੰਜਾਬ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪਾਰਟੀ ਹਾਈਕਮਾਨ ਉਪਰੋਂ ਜੋ ਫ਼ੈਸਲਾ ਲਵੇਗੀ ਉਹ ਉਸ ਨੂੰ ਮੰਨਣ ਦੇ ਉਹ ਪਾਬੰਦ ਹੋਣਗੇ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਗੱਠਜੋੜ ਦਾ ਤਿੱਖਾ ਵਿਰੋਧ ਕੀਤਾ ਸੀ। ਦੂਜੇ ਪਾਸੇ ਗੱਠਜੋੜ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਵਿੱਚ ਵੀ ਘੁਸਰ ਮੁਸਰ ਸ਼ੁਰੂ ਹੋ ਗਈ ਹੈ ਕਿ ਜਿਸ ਪਾਰਟੀ ਦੀ ਆਲੋਚਨਾ ਕਰ ਕੇ ਉਹ ਸੱਤਾ ਵਿੱਚ ਆਏ ਹਨ। ਉਸੇ ਪਾਰਟੀ ਨਾਲ ਗੱਠਜੋੜ ਦੀਆਂ ਉਹ ਹੁਣ ਤਿਆਰੀਆਂ ਕਰ ਰਹੇ ਹਨ। ਉਹ ਆਗਾਮੀ ਚੋਣਾਂ ਵਿੱਚ ਕਿਹੜੇ ਮੂੰਹ ਨਾਲ ਵੋਟਰਾਂ ਕੋਲ ਜਾਣਗੇ। ਲਗਾਤਾਰ ਪਿਛਲੀ ਕਾਂਗਰਸ ਸਰਕਾਰ ਸਮੇਂ ਹੋਏ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਕਾਂਗਰਸ ਦੇ ਸਾਬਕਾ ਦਰਜਨ ਤੋਂ ਵੱਧ ਮੰਤਰੀਆਂ ’ਤੇ ਵਿਜੀਲੈਂਸ ਰਾਹੀਂ ਕਾਰਵਾਈ ਕਰਵਾਉਂਦੀ ਆ ਰਹੀ ਹੈ। ਦੂਜੇ ਪਾਸੇ ਕਾਂਗਰਸ ਆਮ ਆਦਮੀ ਪਾਰਟੀ ਨਾਲ ਸੰਬੰਧਿਤ ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ, ਫ਼ੌਜਾ ਸਿੰਘ ਸਰਾਰੀ ਅਤੇ ਲਾਲ ਚੰਦ ਕਟਾਰੂਚੱਕ ਵਰਗੇ ਮੰਤਰੀਆਂ ਦੇ ਨਾਂਅ ਲੈ ਕੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਉਨ੍ਹਾਂ ਦੀ ਅਤੇ ਆਮ ਆਦਮੀ ਪਾਰਟੀ ਦੀ ਆਲੋਚਨਾ ਕਰਦੀ ਰਹੀ ਹੈ। ਇਹੀ ਨਹੀਂ ਪਾਰਟੀ ਰਾਜ ਵਿੱਚ ਅਮਨ ਕਾਨੂੰਨ ਦੀ ਵਿਗੜੀ ਹਾਲਤ, ਨਸ਼ਿਆਂ ਦੇ ਕਾਰੋਬਾਰ ਅਤੇ ਰੇਤਾ, ਬੱਜਰੀ ਦੀ ਕਾਲਾਬਾਜ਼ਾਰੀ ਵਰਗੇ ਮੁੱਦਿਆਂ ’ਤੇ ਵੀ ਸਰਕਾਰ ਦੀ ਗੰਭੀਰ ਆਲੋਚਕ ਰਹੀ ਹੈ। ਇਸ ਗੱਠਜੋੜ ਤੋਂ ਬਾਅਦ ਚੋਣਾਂ ਵਿੱਚ ਉਹ ਆਪਣਾ ਇਹ ਵਿਰੋਧ ਕਿਵੇਂ ਛੁਪਾਏਗੀ ? ਫਿਰ ਵੀ ਇਹ ਗੱਠਜੋੜ ਹੁੰਦਾ ਹੈ ਜਾਂ ਨਹੀਂ ਆਉਣ ਵਾਲੇ ਦਿਨਾਂ ਵਿੱਚ ਹੀ ਪਤਾ ਲੱਗੇਗਾ।

ਓਧਰ ਭਾਜਪਾ ਵਾਲੇ ਕਹਿੰਦੇ ਕਮਲ ਦਾ ਫੁੱਲ ਪੰਜਾਬ ਦੇ ਨਾਲ ਨਾਲ ਪੂਰੇ ਦੇਸ਼ ਵਿੱਚ ਖਿੜੇਗਾ, ਕਿਉਂਕਿ ਰਾਮ ਮੰਦਰ ਤੇ ਮੋਦੀ ਜੀ ਦੀ ਲਹਿਰ ਹੈ। ਦੂਜੇ ਪਾਸੇ ਕਾਂਗਰਸ ਨਵਜੋਤ ਸਿਧੂ ਨਾਲ ਉਲਝੀ ਹੋਈ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਦਾ ਪੰਜਾਬ ਤੇ ਸਿੱਖ ਏਜੰਡਾ ਕਾਂਗਰਸ ਲਈ ਸਿਰਦਰਦੀ ਬਣਿਆ ਹੋਇਆ ਹੈ।

(ਬਾਕੀ ਸਫ਼ਾ 30 ’ਤੇ)

# ਲੋਕ ਸਭਾ ਚੋਣਾਂ ਦੇ ਲਈ ਭਾਜਪਾ ਹੁਣ ਡੇਰੇਦਾਰਾਂ ਦਾ ਲਵੇਗੀ ਸਹਿਯੋਗ !

## ਪੰਜਾਬ ਲਈ ਦਿੱਲੀ ਵਿੱਚ ਬਣੀ ਵਿਉਂਤਬੰਦੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਤੋਂ ਬਾਅਦ ਹੁਣ ਬੀਜੇਪੀ ਸਾਰੇ ਧਰਮਾਂ ਦੇ ਆਗੂਆਂ ਨੂੰ ਆਪਣੇ ਨਾਲ ਕਰਨ ਦੇ ਲਈ ਸਿਆਸੀ ਰਣਨੀਤੀ ਤਿਆਰ ਕਰ ਰਹੀ ਹੈ। ਇਸੇ ਰਣਨੀਤੀ ਦੇ ਤਹਿਤ ਸਾਰੇ ਧਰਮਾਂ ਦੇ ਆਗੂਆਂ ਅਤੇ ਡੇਰੇਦਾਰਾਂ ਨੂੰ ਪਾਰਲੀਮੈਂਟ ਵਿੱਚ ਬੁਲਾਇਆ ਗਿਆ ।

ਦੇਸ਼ ਦੇ ਧਾਰਮਿਕ ਗੁਰੂਆਂ ਨੂੰ ਲੋਕਸਭਾ ਦੀ ਲਾਈਵ ਕਾਰਵਾਈ ਵਿਖਾਈ ਗਈ । ਇਸ ਦੌਰਾਨ ਸਿੱਖ, ਮੁਸਲਮਾਨ, ਬੋਧੀ, ਹਿੰਦੂ ਅਤੇ ਇਸਾਈ ਆਗੂ ਪਾਰਲੀਮੈਂਟ ਵਿੱਚ ਪਹੁੰਚੇ। ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਵੀ ਨਵੀਂ ਪਾਰਲੀਮੈਂਟ ਵੇਖਣ ਲਈ ਪਹੁੰਚੇ। ਉਨ੍ਹਾਂ ਦੇ ਨਾਲ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਨੇ ਖਾਸ ਮੁਲਾਕਾਤ ਕੀਤੀ। ਪੰਜਾਬ ਦੇ ਨਾਲ ਹੋਰ ਸੂਬਿਆਂ ਵਿੱਚ ਡੇਰੇ ਦਾ ਕਾਫੀ ਵੋਟ ਬੈਂਕ ਹੈ। ਇਸ ਨੂੰ ਧਿਆਨ ਵਿੱਚ ਰੱਖ ਦੇ ਹੋਏ ਹਲਚਲ ਤੇਜ਼ ਹੋ ਗਈ ਹੈ। ਇਸ ਤੋਂ ਪਹਿਲਾਂ ਰਾਮ ਮੰਦਰ ਦੇ ਉਦਘਾਟਨ ਮੌਕੇ ਵੀ ਡੇਰਾ ਬਿਆਸ ਮੁਖੀ ਅਯੁੱਧਿਆ ਪਹੁੰਚੇ ਸਨ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਕਈ ਵਾਰ ਡੇਰਾ ਬਿਆਸ ਜਾ ਚੁੱਕੇ ਹਨ। ਸੌਦਾ ਸਾਧ ਦੇ ਡੇਰੇ ਵਾਂਗ ਹਾਲਾਂਕਿ ਡੇਰਾ ਬਿਆਸ ਸਿੱਧੇ ਤੌਰ ’ਤੇ ਕਿਸੇ ਪਾਰਟੀ ਨੂੰ ਹਮਾਇਤ ਕਰਨ ਲਈ ਆਪਣੇ ਸ਼ਰਧਾਲੂਆਂ ਨੂੰ ਨਹੀਂ ਕਹਿੰਦਾ ਹੈ ਪਰ ਵਾਰ-ਵਾਰ ਡੇਰਾ ਬਿਆਸ ਮੁਖੀ ਗੁਰਵਿੰਦਰ ਸਿੰਘ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਮੁਲਾਕਾਤਾਂ ਦੀਆਂ ਤਸਵੀਰਾਂ ਪੈਰੋਕਾਰਾਂ ਨੂੰ ਵੱਡਾ ਇਸ਼ਾਰਾ ਦਿੰਦੀਆਂ ਹਨ । ਬੀਜੇਪੀ ਪੰਜਾਬ ਵਿੱਚ ਇਸੇ ਪਲਾਨ ’ਤੇ ਕੰਮ ਕਰ ਰਹੀ ਹੈ। ਡੇਰਾ ਮੁਖੀ ਬਿਆਸ ਖਾਸ ਕਰਕੇ ਦੁਆਬੇ ਦੀ ਸੀਟ ਨੂੰ ਲੈਕੇ ਬੀਜੇਪੀ ਡੇਰਿਆਂ ’ਤੇ ਦਾਅ ਲੱਗਾ ਰਹੀ ਹੈ।

# ਸਸਪੈਂਡ ਏ.ਆਈ.ਜੀ. ਰਾਜਜੀਤ ਦੀ ਜਾਇਦਾਦ ਐਸ.ਟੀ.ਐਫ਼. ਕਰੇਗੀ ਕੁਰਕ

## ਐਸ.ਟੀ.ਐਫ. ਨੇ 9 ਜਾਇਦਾਦਾਂ ਦੀ ਕੀਤੀ ਪਛਾਣ

ਚੰਡੀਗੜ੍ਹ/ਏ.ਟੀ.ਨਿਊਜ਼ : ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੇ ਪੰਜਾਬ ਪੁਲਿਸ ਦੇ ਬਰਖ਼ਾਸਤ ਇੰਸਪੈਕਟਰ ਜਨਰਲ ਆਫ਼ ਪੁਲਿਸ (ਏਆਈਜੀ) ਰਾਜਜੀਤ ਸਿੰਘ ’ਤੇ ਸ਼ਿਕੰਜਾ ਕੱਸਿਆ ਹੈ, ਜੋ ਕਿ ਕਰੋੜਾਂ ਰੁਪਏ ਦੀ ਡਰੱਗ ਤਸਕਰੀ ਦੇ ਇੱਕ ਮਾਮਲੇ ਵਿੱਚ ਅਕਤੂਬਰ 2023 ਤੋਂ ਭਗੌੜਾ ਹੈ। ਐਸ.ਟੀ.ਐਫ. ਨੇ ਉਸ ਦੀ ਜਾਇਦਾਦ ਕੁਰਕ ਕਰਨ ਦੀ ਤਿਆਰੀ ਕਰ ਲਈ ਹੈ। ਐਸ.ਟੀ.ਐਫ. ਨੇ ਉਸ ਦੀਆਂ 9 ਜਾਇਦਾਦਾਂ ਦੀ ਪਛਾਣ ਕੀਤੀ ਹੈ। ਏ.ਆਈ.ਜੀ. ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਜਾਇਦਾਦਾਂ ਬਣਾਈਆਂ ਹਨ। ਉਸ ਨੇ 2013 ਵਿੱਚ ਮੁੱਲਾਂਪੁਰ, ਨਿਊ ਚੰਡੀਗੜ੍ਹ ਦੇ



ਪਿੰਡ ਮਾਜਰੀ ਵਿੱਚ 7 ਕਨਾਲ 40 ਮਰਲੇ ਜ਼ਮੀਨ 40 ਲੱਖ ਰੁਪਏ ਵਿੱਚ ਖਰੀਦੀ ਸੀ। ਇਸੇ ਤਰ੍ਹਾਂ 2013 ਵਿੱਚ ਹੀ ਈਕੋ ਸਿਟੀ, ਨਿਊ ਚੰਡੀਗੜ੍ਹ ਵਿੱਚ 500 ਵਰਗ ਗਜ਼ ਦਾ ਪਲਾਟ ਹੈ। ਸਾਲ 2013 ਵਿੱਚ ਈਕੋ ਸਿਟੀ ਵਿੱਚ 500 ਵਰਗ ਗਜ਼ ਦਾ ਪਲਾਟ 20 ਲੱਖ ਰੁਪਏ ਵਿੱਚ, 2016 ਵਿੱਚ ਮੁਹਾਲੀ ਸੈਕਟਰ-69 ਵਿੱਚ

(ਬਾਕੀ ਸਫ਼ਾ 30 ’ਤੇ)

# ਸਾਕਾ ਨਕੋਦਰ ਦੇ 38 ਸਾਲ ਬੀਤ ਜਾਣ ਦੇ ਬਾਅਦ ਵੀ ਪੀੜ੍ਹਤ ਪਰਿਵਾਰਾਂ ਨੂੰ ਨਹੀਂ ਮਿਲਿਆ ਇਨਸਾਫ਼

## ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰੀਪੋਰਟ ਅੱਜ ਤੱਕ ਨਹੀਂ ਹੋਈ ਜਨਤਕ

## ਸ਼ਹੀਦ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਨੇ ਸਾਬਕਾ ਅਕਾਲੀ ਸਰਕਾਰ ਨੂੰ ਠਹਿਰਾਇਆ ਦੋਸ਼ੀ

ਚੰਡੀਗੜ੍ਹ/ਏ.ਟੀ.ਨਿਊਜ਼ : ਸਾਕਾ ਨਕੋਦਰ ਵਾਪਰੇ ਨੂੰ 38 ਸਾਲ ਬੀਤ ਚੁਕੇ ਹਨ ਪਰ ਅਜੇ ਤੱਕ ਇਨਸਾਫ਼ ਦੀ ਮੰਗ ਜਿਉਂ ਦੀ ਤਿਉਂ ਪਈ ਹੈ। 4 ਫ਼ਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਰੋਸ ਮਾਰਚ ਕਰ ਰਹੀਆਂ ਸੰਗਤਾਂ 'ਤੇ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਸਿੱਖ ਨੌਜਵਾਨ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਸ਼ਹੀਦ ਹੋ ਗਏ ਸਨ। ਸ਼ਹੀਦ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ 38 ਸਾਲ ਤੋਂ ਅਪਣੇ ਪੁੱਤ ਦੇ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ।

ਬਲਦੇਵ ਸਿੰਘ ਨੇ ਦਸਿਆ ਕਿ ਕਿ ਉਨ੍ਹਾਂ ਦੇ ਮੌਜੂਦ ਹੋਣ ਦੇ ਬਾਵਜੂਦ ਲਾਸ਼ਾਂ ਨੂੰ ਲਾਵਾਰਸ ਬਣਾ ਦਿਤਾ ਗਿਆ ਅਤੇ ਵਾਰਸਾਂ ਨੂੰ ਉਨ੍ਹਾਂ ਦੇ ਵਾਰਸ ਮੰਨਣ ਤੋਂ ਇਨਕਾਰ ਕਰ ਦਿਤਾ ਗਿਆ। ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਉਸੇ ਸਮੇਂ ਥਾਣੇ ਵਿੱਚ ਧਰਨਾ ਦਿਤਾ, ਜਿਸ ਵਿੱਚ ਤਤਕਾਲੀ ਵਿਧਾਇਕ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ ਅਤੇ ਉਨ੍ਹਾਂ ਦੀ ਪਤਨੀ ਵੀ ਧਰਨੇ ਉਤੇ ਬੈਠੇ ਸਨ।

ਤਤਕਾਲੀ ਐਸ.ਪੀ.ਡੀ. ਸੁਰਜੀਤ ਸਿੰਘ ਦੀ ਟਿੱਪਣੀ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਨੇ ਦੱਸਿਆ ਕਿ ਸੁਰਜੀਤ ਸਿੰਘ ਨੇ ਕਈ ਵਿਧਾਇਕਾਂ ਅਤੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕਿਹਾ ਸੀ ਕਿ, 'ਅਸੀਂ ਜੋ ਕਰਨਾ ਸੀ ਕਰ ਲਿਆ, ਤੁਸੀਂ ਜਿਥੇ ਜ਼ੋਰ ਲਗਦਾ ਜੇ, ਲਗਾ ਲਉ'। ਉਨ੍ਹਾਂ ਦਸਿਆ ਕਿ ਇੰਸਪੈਕਟਰ ਜਸਕੀਰਤ ਸਿੰਘ ਨੇ ਹਰਮਿੰਦਰ ਸਿੰਘ ਦੇ ਮੂੰਹ ਵਿੱਚ ਗੋਲੀ ਮਾਰੀ।

ਜਦੋਂ ਉਸ ਨੂੰ ਪੋਸਟਮਾਰਟਮ ਲਈ ਨਕੋਦਰ ਭੇਜਿਆ ਗਿਆ ਤਾਂ ਰੀਪੋਰਟ ਮੁਤਾਬਿਕ ਉਹ ਜਿਉਂਦਾ ਸੀ। ਪੁਲਿਸ ਉਸ ਨੂੰ ਆਪਣੀ ਗੱਡੀ ਵਿੱਚ ਨਕੋਦਰ ਤੋਂ ਜਲੰਧਰ ਲੈ ਗਈ ਅਤੇ ਰਸਤੇ ਵਿੱਚ ਮਾਰ ਦਿਤਾ ਗਿਆ। ਉਸ ਦੀ ਲਾਸ਼ ਦਾ ਤੜਕੇ ਚਾਰ ਵਜੇ ਪੋਸਟਮਾਰਟਮ ਕੀਤਾ ਗਿਆ। ਪਰਿਵਾਰਾਂ ਨੂੰ ਉਥੇ ਵੜਨ ਤਕ ਨਹੀਂ ਦਿਤਾ ਗਿਆ।

ਬੇਅਦਬੀ ਨੂੰ ਲੈ ਕੇ ਬਲਦੇਵ ਸਿੰਘ ਨੇ ਦਸਿਆ ਕਿ ਉਸ ਸਮੇਂ ਦੇ ਸ਼ਿਵ ਸੈਨਾ ਦੇ ਪ੍ਰਧਾਨ ਰਮੇਸ਼ ਚੋਪੜਾ ਉਤੇ ਸਿੱਧੇ ਇਲਜ਼ਾਮ ਲੱਗੇ ਸਨ। ਇਸ ਤੋਂ ਕੁੱਝ ਦਿਨ ਪਹਿਲਾਂ ਸ਼ਿਵ ਫ਼ੌਜ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਵਿਦਿਆਰਥੀਆਂ ਦਾ ਝਗੜਾ ਹੋਇਆ



ਸੀ। ਰਮੇਸ਼ ਚੋਪੜਾ ਨੇ ਕਿਹਾ ਸੀ, 'ਅਜੇ ਅੱਗ ਲੱਗੀ ਨਹੀਂ, ਅਸੀਂ ਲਾਵਾਂਗੇ'।

ਸੀ.ਬੀ.ਆਈ. ਜਾਂਚ ਦੀ ਮੰਗ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੀ ਰੀਪੋਰਟ ਅੱਜ ਤਕ ਜਨਤਕ ਨਹੀਂ ਕੀਤੀ ਗਈ। 2001 ਵਿੱਚ ਜਦੋਂ ਰੀਪੋਰਟ ਵਿਧਾਨ ਸਭਾ ਵਿੱਚ ਰੱਖੀ ਗਈ ਤਾਂ ਕਿਸੇ ਵਿਧਾਇਕ ਨੂੰ ਇਸ ਦੀ ਜਾਣਕਾਰੀ ਨਹੀਂ ਸੀ। ਇਹ ਵੀ ਅਫ਼ਵਾਹਾਂ ਹਨ ਕਿ ਰੀਪੋਰਟ ਦੇ ਇਕ ਭਾਗ ਨੂੰ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ ਨੇ ਖ਼ੁਰਦ-ਬੁਰਦ ਕਰ ਦਿਤਾ। ਬਲਦੇਵ ਸਿੰਘ ਨੇ ਦਸਿਆ ਕਿ ਉਨ੍ਹਾਂ ਨੂੰ ਮਿਲੇ ਰੀਪੋਰਟ ਦੇ ਇੱਕ ਭਾਗ ਵਿੱਚ ਦਰਬਾਰਾ ਸਿੰਘ ਗੁਰੂ, ਇਜ਼ਹਾਰ ਆਲਮ, ਅਸ਼ਵਨੀ ਕੁਮਾਰ, ਜਸਕੀਰਤ ਸਿੰਘ ਅਤੇ ਗੋਪਾਲ ਸਿੰਘ ਘੁੰਮਣ ਦੇ ਡਰਾਈਵਰ ਨੂੰ ਇੱਕ ਕਿਸਮ ਦਾ ਦੋਸ਼ੀ ਮੰਨਿਆ ਗਿਆ ਹੈ। ਇਨ੍ਹਾਂ ਵਿਰੁੱਧ ਸਿੱਧਾ ਕਤਲ ਦਾ ਮਾਮਲਾ ਦਰਜ ਹੋਣਾ ਚਾਹੀਦਾ ਸੀ। ਅਕਾਲੀ ਦਲ ਬਾਰੇ ਗੱਲ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਉਣ ਦੀ ਕੋਸ਼ਿਸ਼ ਅਕਾਲੀ ਦਲ ਵਲੋਂ ਕੀਤੀ ਗਈ। 1997 ਤੋਂ ਲੈ ਕੇ 2002 ਤੱਕ ਬਾਦਲ ਦੀ ਸਰਕਾਰ ਰਹੀ, ਜਿਸ ਨੇ ਵਾਅਦਾ ਕੀਤਾ ਸੀ ਕਿ ਬੱਚਿਆਂ ਨੂੰ ਕੋਹ-ਕੋਹ ਕੇ ਮਾਰਨ ਵਾਲੇ ਅਫ਼ਸਰਾਂ ਨੂੰ ਸਜ਼ਾਵਾਂ ਦੇਵਾਂਗੇ ਪਰ ਇਸ ਦੇ ਉਲਟ ਅਫ਼ਸਰਾਂ ਨੂੰ ਤਰੱਕੀਆਂ ਦੇ ਕੇ ਉਨ੍ਹਾਂ ਦੇ ਬੱਚਿਆਂ ਨੂੰ ਭਰਤੀ ਕੀਤਾ ਗਿਆ। ਇਥੋਂ ਤਕ ਕਿ ਸਵਰਨ ਸਿੰਘ ਘੋਟਣਾ ਦੇ ਮੁੰਡੇ ਸਤਿੰਦਰ ਸਿੰਘ ਨੂੰ ਡੀ.ਐਸ.ਪੀ. ਨਕੋਦਰ ਲਗਾਇਆ ਗਿਆ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਕਈ ਚਿੱਠੀਆਂ ਲਿਖੀਆਂ ਪਰ ਉਨ੍ਹਾਂ ਕੁੱਝ ਨਹੀਂ ਕੀਤਾ। ਹੁਣ ਉਨ੍ਹਾਂ ਵਲੋਂ ਮੌਜੂਦਾ ਮੁੱਖ ਮੰਤਰੀ ਨੂੰ ਵੀ ਚਿੱਠੀਆਂ ਭੇਜੀਆਂ ਗਈਆਂ ਹਨ, ਉਨ੍ਹਾਂ ਨੇ ਇਨਸਾਫ਼ ਦਾ ਭਰੋਸਾ ਦਿਤਾ ਹੈ। ਬਲਦੇਵ ਸਿੰਘ ਨੇ ਮੰਗ ਕੀਤੀ ਕਿ ਪੁਰਾਣੀਆਂ ਸਰਕਾਰਾਂ ਵੱਲੋਂ ਗ਼ਾਇਬ ਕੀਤੀ ਰੀਪੋਰਟ ਸਾਹਮਣੇ ਲਿਆ ਕੇ ਜਨਤਕ ਕੀਤੀ ਜਾਣੀ ਚਾਹੀਦੀ ਹੈ। ਆਰ.ਟੀ.ਆਈ. ਜ਼ਰੀਏ ਪੁਲਿਸ ਤੋਂ ਮਿਲੀ ਜਾਣਕਾਰੀ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਨੇ ਦਸਿਆ ਕਿ ਪੁਲਿਸ ਦਾ ਕਹਿਣਾ ਸੀ ਕਿ 1986 ਵਿੱਚ ਕੋਈ ਨਕੋਦਰ ਕਾਂਡ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੀ ਮੌਤ ਹੋਈ। ਇਸ ਤੋਂ ਜ਼ਿਆਦਾ ਝੂਠ ਹੋਰ ਕੀ ਹੋ ਸਕਦਾ ਹੈ। ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਸਿੱਟ ਵਿੱਚ ਉਨ੍ਹਾਂ ਅਫ਼ਸਰਾਂ ਨੂੰ ਹੀ ਸ਼ਾਮਲ ਕੀਤਾ ਗਿਆ, ਜਿਨ੍ਹਾਂ ਵਿਰੁੱਧ ਜਾਂਚ ਦੀ ਮੰਗ ਕੀਤੀ ਗਈ। ਇਸ ਸਿੱਟ ਵਿੱਚ ਬਲਦੇਵ ਸਿੰਘ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਗਿਆ ਪਰ ਹੁਣ ਤਕ ਸਿੱਟ ਨੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ। ਬਲਦੇਵ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਨੂੰ ਜਨਤਕ ਨਾ ਕਰਨ ਦਾ ਕਾਰਨ ਅਫ਼ਸਰਸ਼ਾਹੀ ਅਤੇ ਪੁਲਿਸ ਅਫ਼ਸਰਾਂ ਨੂੰ ਬਚਾਉਣਾ ਹੈ।

(ਬਾਕੀ ਸਫ਼ਾ 31 'ਤੇ)

## ਪੰਥਕ ਆਗੂਆਂ ਵੱਲੋਂ ਨਕੋਦਰ ਗੋਲੀਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ

ਜਲੰਧਰ/ਏ.ਟੀ.ਨਿਊਜ਼ : ਨਕੋਦਰ ਗੋਲੀਕਾਂਡ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਨੂੰ ਪਿੰਡ ਲਿੱਤਰਾਂ ਦੇ ਗੁਰਦੁਆਰੇ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਦੌਰਾਨ ਬੁਲਾਰਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ 'ਪੰਜਾਬ ਬਚਾਓ ਯਾਤਰਾ' ਦੇ ਬਾਈਕਾਟ ਦਾ ਸੱਦਾ ਦਿੱਤਾ। ਉਨ੍ਹਾਂ ਚਾਰ ਸਿੱਖ ਨੌਜਵਾਨਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਪੁਲਿਸ 'ਤੇ ਅਦਾਲਤ ਨੂੰ ਗੁਮਰਾਹ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਇਸ ਕਾਂਡ ਦੀ ਜਾਂਚ ਵਾਸਤੇ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿਟ) ਵਿੱਚ ਕੋਈ ਸੀਨੀਅਰ ਪੁਲਿਸ ਅਧਿਕਾਰੀ ਸ਼ਾਮਲ ਨਹੀਂ ਹੋਇਆ ਹੈ। ਇਸ ਕਾਂਡ ਵਿੱਚ ਸ਼ਹੀਦ ਹੋਏ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਉਸ ਦੇ ਜਿਉਂਦੇ ਜੀਅ ਇਸ ਕਾਂਡ ਦੇ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਜ਼ਿਕਰਯੋਗ ਹੈ ਕਿ ਇਹ ਬੇਅਦਬੀ ਕਾਂਡ 1986 ਨੂੰ ਵਾਪਰਿਆ ਸੀ ਜਦੋਂ ਨਕੋਦਰ ਦੇ ਇੱਕ ਗੁਰੂਘਰ ਵਿੱਚ 2 ਫਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸਾੜ ਦਿੱਤੇ ਗਏ ਸਨ। ਇਸ ਦਾ ਰੋਸ ਪ੍ਰਗਟਾਉਣ ਲਈ ਇੱਕਠੀਆਂ ਹੋਈਆਂ ਸਿੱਖ ਸੰਗਤਾਂ 'ਤੇ 4 ਫਰਵਰੀ 1986 ਨੂੰ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ।

# ਭਾਰਤ-ਪਾਕਿਸਤਾਨ ਦਰਮਿਆਨ ਬਾਰਡਰ ਰਾਹੀਂ ਬੰਦ ਪਏ ਵਪਾਰ ਨੂੰ ਮੁੜ ਤੋਂ ਖੋਲ੍ਹਿਆ ਜਾਵੇ: ਸਰਨਾ

## ਪੰਜਾਬ ਦੇ ਨਾਲ ਦੇਸ਼ ਨੂੰ ਮਿਲੇਗਾ ਵੱਡਾ ਆਰਥਿਕ ਹੁਲਾਰਾ

ਨਵੀਂ ਦਿੱਲੀ/ ਮਨਪ੍ਰੀਤ ਸਿੰਘ ਖਾਲਸਾ:- ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਜੋ ਭਾਰਤ - ਪਾਕਿਸਤਾਨ ਦਰਮਿਆਨ ਬਾਰਡਰ ਰਾਹੀਂ ਬੰਦ ਪਏ ਵਪਾਰ ਨੂੰ ਖੋਲ੍ਹਣ ਦੀ ਮੰਗ ਕੀਤੀ ਗਈ ਹੈ , ਇਹ ਬਹੁਤ ਹੀ ਸ਼ਲਾਘਾਯੋਗ ਤੇ ਸਮੇਂ ਦੇ ਅਨੁਸਾਰੀ ਹੈ । ਭਾਰਤ - ਪਾਕਿਸਤਾਨ ਬਾਰਡਰ ਰਾਹੀਂ ਵਪਾਰ ਖੁੱਲ੍ਹਣ ਨਾਲ ਜਿੱਥੇ ਨਾ ਸਿਰਫ ਪੰਜਾਬ ਨੂੰ ਵੱਡਾ ਆਰਥਿਕ ਹੁਲਾਰਾ ਮਿਲੇਗਾ, ਉੱਥੇ ਹੀ ਇਹ ਦੋਵੇਂ ਮੁਲਕਾਂ ਦੇ ਲਈ ਵੀ ਲਾਹੇਬੰਦ ਹੈ । ਬਾਰਡਰ ਤੇ ਵਪਾਰ ਬੰਦ ਹੋਣ ਕਾਰਨ ਬਹੁਤ ਸਾਰੇ ਗਰੀਬ ਮਜ਼ਦੂਰ ਪ੍ਰਭਾਵਿਤ ਹੋ ਰਹੇ ਹਨ, ਜਿੰਨਾ ਦੀ ਰੋਜ਼ੀ ਰੋਟੀ ਇਸਦੇ ਨਾਲ ਚੱਲਦੀ ਸੀ । ਜਿਸ ਕਾਰਨ ਉਹ ਆਰਥਿਕ ਮੰਦਹਾਲੀ ਵਿੱਚ ਹਨ ਜੇਕਰ ਵਪਾਰ ਮੁੜ ਆਰੰਭ ਹੁੰਦਾ ਹੈ ਤਾਂ ਉਹਨਾਂ ਲੋਕਾਂ ਨੂੰ ਮੁੜ ਰੋਜ਼ਗਾਰ ਮਿਲੇਗਾ ਤੇ ਉਹ ਆਪਣੇ ਪਰਿਵਾਰਾਂ ਦਾ ਸਹੀ ਤਰਾਂ ਪਾਲਣ ਪੋਸ਼ਣ ਕਰ ਸਕਣਗੇ । ਸਰਕਾਰ ਨੂੰ ਨਾ ਸਿਰਫ ਵਾਹਗਾ ਬਾਰਡਰ ਸਗੋਂ ਹੁਸੈਨੀਵਾਲਾ ਬਾਰਡਰ ਰਾਹੀਂ ਵੀ ਸਰਹੱਦ ਪਾਰ ਵਪਾਰ ਨੂੰ ਹੁਲਾਰਾ ਦੇਣਾ ਚਾਹੀਦਾ ਹੈ । ਇਸ ਨਾਲ ਸਰਹੱਦ ਦੇ ਦੋਵੇਂ ਪਾਸੇ ਰਹਿੰਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਉਠੇਗਾ । ਸਗੋਂ ਸਿੱਖ ਕੌਮ ਦੇ ਸੈਕੜੇਂ ਦੀ ਗਿਣਤੀ ਵਿੱਚ ਪਾਕਿਸਤਾਨ ਵਿੱਚ ਰਹਿ ਗਏ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਮੌਕਾ ਵੀ ਮਿਲ ਸਕੇਗਾ ਤੇ ਉੱਥੇ ਮੁੜ ਤੋਂ ਸੰਗਤ ਜੁੜੇਗੀ ਅਤੇ ਨਾਲ ਹੀ ਦੋਵਾਂ ਮੁਲਕਾਂ ਵਿੱਚ ਆਪਸੀ ਸਾਂਝ ਤੇ ਭਾਈਚਾਰਕ ਇਤਫ਼ਾਕ ਵਧੇਗਾ । ਇਸ ਲਈ ਸਰਕਾਰ ਨੂੰ ਸਰਹੱਦ ਪਾਰ ਵਪਾਰ ਨੂੰ ਬਿਨਾ ਕਿਸੇ ਦੇਰੀ ਦੇ ਖੋਲ੍ਹਣਾ ਚਾਹੀਦਾ ਹੈ। ਜਿੰਨਾਂ ਚਿਰ ਤੱਕ ਇਹ ਵਪਾਰਕ ਬਾਰਡਰ ਨਹੀਂ ਖੋਲੇ ਜਾਂਦੇ ਸਰਕਾਰ ਨੂੰ ਹੱਦ 'ਤੇ ਕੰਮ ਕਰਦੇ ਪਰ ਹੁਣ ਕੰਮ ਤੋਂ ਵਿਹਲੇ ਬੈਠੇ ਗਰੀਬ ਮਜ਼ਦੂਰਾਂ ਨੂੰ ਮਹੀਨੇ ਦਾ ਘੱਟੋ ਘੱਟ ਦਸ ਹਜ਼ਾਰ ਰੁਪਿਆ ਮਹੀਨਾ ਖਰਚ ਦੇਣਾ ਚਾਹੀਦਾ ਹੈ ਤਾਂ ਉਹ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰ ਸਕਣ।



### ਗੁਰਦੁਆਰਾ ਸ੍ਰੀ ਅਕਾਲ ਬੁੰਗਾ ਵਿਖੇ ਪੁਲਿਸ ਵੱਲੋਂ ਕਥਿਤ ਤੌਰ 'ਤੇ ਗੋਲੀ ਚਲਾਏ ਜਾਣ ਦਾ ਮਾਮਲਾ

# ਮੁੱਖ ਮੰਤਰੀ ਤੇ ਹੋਰਨਾਂ ਖ਼ਿਲਾਫ਼ ਕੇਸ ਦਰਜ ਹੋਵੇ: ਸ਼੍ਰੋਮਣੀ ਕਮੇਟੀ

## ਸਿੱਖ ਸੰਸਥਾ ਵੱਲੋਂ ਵਿਸ਼ੇਸ਼ ਇਜਲਾਸ 'ਚ ਮੁੱਖ ਮੰਤਰੀ ਤੋਂ ਅਸਤੀਫ਼ੇ ਦੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼ : ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਵਿਖੇ ਪੁਲਿਸ ਵੱਲੋਂ ਕਥਿਤ ਤੌਰ 'ਤੇ ਗੋਲੀ ਚਲਾਏ ਜਾਣ ਤੇ ਨਿਰਾਦਰ ਕਰਨ ਦੇ ਮਾਮਲੇ ਤਹਿਤ ਸੱਦੇ ਗਏ ਵਿਸ਼ੇਸ਼ ਇਜਲਾਸ ਵਿੱਚ ਇੱਥੇ ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਘਟਨਾ ਦੇ ਸਾਰੇ ਮੁਲਜ਼ਮਾਂ ਖ਼ਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕਰਨ ਅਤੇ ਧਾਰਮਿਕ ਅਵੱਗਿਆ ਕਾਰਨ ਮੁੱਖ ਮੰਤਰੀ ਤੋਂ ਤੁਰੰਤ ਅਸਤੀਫ਼ਾ ਦੇਣ ਦੀ ਮੰਗ ਕੀਤੀ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਟਿੰਗ ਤੋਂ ਬਾਅਦ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਵਿਸ਼ੇਸ਼ ਇਜਲਾਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਲਗਪਗ 75 ਮੈਂਬਰ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਏ ਇਜਲਾਸ ਵਿੱਚ ਵੱਖ-ਵੱਖ ਮੈਂਬਰਾਂ ਨੇ ਗੁਰਦੁਆਰਾ ਅਕਾਲ ਬੁੰਗਾ 'ਤੇ ਪੁਲਿਸ ਹਮਲੇ ਦੀ ਨਿੰਦਾ ਕੀਤੀ। ਇਜਲਾਸ ਨੇ ਜਾਂਚ ਕਮੇਟੀ ਦੀ ਰਿਪੋਰਟ ਨੂੰ ਪ੍ਰਵਾਨਗੀ ਦਿੰਦਿਆਂ ਇਸ ਦੇ ਆਧਾਰ 'ਤੇ ਸਖ਼ਤ ਕਾਰਵਾਈ ਅਮਲ 'ਚ ਲਿਆਉਣ ਲਈ ਆਖਿਆ। ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ



ਭਗਵੰਤ ਮਾਨ ਸੂਬੇ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਸਿੱਧੇ ਤੌਰ 'ਤੇ ਇਸ ਧਾਰਮਿਕ ਅਵੱਗਿਆ ਲਈ ਜ਼ਿੰਮੇਵਾਰ ਹਨ ਜਿਸ ਲਈ ਉਨ੍ਹਾਂ 'ਤੇ ਫ਼ੌਜਦਾਰੀ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ, ਜਿਸ ਰਾਹੀਂ ਗੁਰਦੁਆਰਾ ਅਕਾਲ ਬੁੰਗਾ 'ਤੇ ਪੁਲਿਸ ਵੱਲੋਂ ਗੋਲੀਬਾਰੀ ਕਰਨ ਅਤੇ ਮਰਿਆਦਾ ਦੀ ਉਲੰਘਣਾ ਦੇ ਮੁੱਖ ਮੁਲਜ਼ਮ ਵਜੋਂ ਪੰਜਾਬ ਦੇ ਮੁੱਖ ਮੰਤਰੀ/ਗ੍ਰਹਿ ਮੰਤਰੀ ਭਗਵੰਤ ਮਾਨ ਤੋਂ ਅਹੁਦਾ ਤੁਰੰਤ ਛੱਡਣ ਦੀ ਮੰਗ ਕੀਤੀ ਗਈ। ਮਤੇ ਵਿੱਚ ਕਿਹਾ ਗਿਆ ਕਿ ਇਸ ਮਾਮਲੇ 'ਚ ਮੁੱਖ ਮੰਤਰੀ ਵਿਰੁੱਧ ਕਾਰਵਾਈ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦਾ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਵੀ ਮਿਲੇਗਾ। ਇਜਲਾਸ ਨੇ ਫ਼ੈਸਲਾ ਲਿਆ ਕਿ ਜੇਕਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਪੈਰਵੀ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਇਕੱਠ ਸੱਦ ਕੇ ਪੰਜਾਬ ਸਰਕਾਰ ਵਿਰੁੱਧ ਅਗਲੀ ਰਣਨੀਤੀ ਉਲੀਕਣ ਦਾ ਫ਼ੈਸਲਾ ਲਿਆ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਤਾੜਨਾ ਕੀਤੀ ਕਿ ਸਜ਼ਾਯਾਫ਼ਤਾ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਦੀ ਕਥਿਤ ਪੁਸ਼ਤਪਨਾਹੀ ਬੰਦ ਕੀਤੀ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

7 ਤੋਂ 13 ਫਰਵਰੀ, 2024

## ਵੱਡੇ ਘੱਲੂਘਾਰੇ ਨੂੰ ਯਾਦ ਕਰਦਿਆਂ

ਸਿੱਖ ਇਤਿਹਾਸ ਵਿੱਚ ਘੱਲੂਘਾਰਾ ਸ਼ਬਦ ਬਹੁਤ ਜ਼ਿਆਦਾ ਕਤਲੇਆਮ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਛੋਟੇ, ਵੱਡੇ ਘੱਲੂਘਾਰਿਆਂ ਦਾ ਸਿੱਖਾਂ ਦੇ ਨਾਲ ਸਦਾ ਵਾਹ ਵਾਸਤਾ ਰਿਹਾ ਹੈ। ਜਦੋਂ ਵੀ ਸਿੱਖਾਂ ਨੇ ਗੁਰੂ ਸਾਹਿਬ ਜੀ ਦੁਆਰਾ ਦਿੱਤੀ ਸਿੱਖਿਆ ਮੁਤਾਬਿਕ ਸਰਬੱਤ ਦੇ ਭਲੇ ਲਈ ਸਾਰੀ ਲੋਕਾਈ ਦੀ ਧਿਰ ਬਣਕੇ ਸੰਘਰਸ਼ ਕੀਤਾ, ਤਦ ਹੀ ਉਨ੍ਹਾਂ ਨੂੰ ਘੱਲੂਘਾਰਿਆਂ ਵਿਚੋਂ ਦੀ ਲੰਘਣਾ ਪਿਆ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਵਿੱਚ ਵੀ ਸਿੱਖਾਂ ਨੇ ਅਜਿਹੇ ਹੀ ਘੱਲੂਘਾਰੇ ਨੂੰ ਹੱਡੀ ਹੰਢਾਇਆ ਹੈ, ਜਿਸ ਵਿੱਚ ਸਿੱਖਾਂ ਦੇ ਨੌਜਵਾਨ, ਬੱਚੇ, ਬੁੱਢਿਆਂ, ਬੀਬੀਆਂ ਸਭ ਨੂੰ ਜਾਨ ਦਾ ਖ਼ਤਰਾ ਉਨ੍ਹਾਂ ਦੀ ਸਿੱਖ ਪਛਾਣ ਕਰਕੇ ਖੜਾ ਹੋਇਆ ਅਤੇ ਹਜ਼ਾਰਾਂ ਹੀ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਹਰ ਇੱਕ ਪ੍ਰਾਣੀ ਨੂੰ ਅਕਾਲ ਪੁਰਖ ਨਾਲ ਜੁੜਨ, ਇੱਕ ਦੂਸਰੇ ਨਾਲ ਨਿਆਂ ਬਰਾਬਰੀ ਨਾਲ ਵਿਚਰਣ ਦਾ ਉਪਦੇਸ਼ ਦ੍ਰਿੜ ਕਰਵਾਇਆ। ਗੁਰੂ ਸਾਹਿਬਾਨ ਦੁਆਰਾ ਸੰਕਲਪਿਤ ਜਗਤ ਦੀ ਸਿਰਜਣਾ ਲਈ ਜ਼ਰੂਰੀ ਸੀ ਕਿ ਸਿੱਖ ਪਹਿਲਾਂ ਉਸ ਤਰ੍ਹਾਂ ਦਾ ਸਮਾਜ ਬਣਾਉਣ ਅਤੇ ਉਸਤੋਂ ਵੀ ਅਗਾਂਹ ਜਾ ਕੇ ਹੋਰਨਾਂ ਸਮਾਜਾਂ ਵਿੱਚ ਵੀ ਇਹਨਾਂ ਉਪਦੇਸ਼ਾਂ ਨੂੰ ਲਾਗੂ ਕਰਵਾਉਣ ਪਰ ਸਰਬੱਤ ਦੇ ਭਲੇ ਵਾਲੇ ਇਸ ਬਰਾਬਰਤਾ ਦੇ ਰਾਹ ਵਿੱਚ ਰਾਜਨੀਤਕ ਅੜਿੱਕੇ ਸਨ, ਸਰਬੱਤ ਦੇ ਭਲੇ ਲਈ ਨਿਸ਼ਕਾਮ ਭਾਵਨਾ ਤਹਿਤ ਸਿੱਖ ਲਗਾਤਾਰ ਛੇਵੇਂ ਪਾਤਸ਼ਾਹ ਜੀ ਦੇ ਵੇਲੇ ਤੋਂ ਹੀ ਸੰਘਰਸ਼ ਵਿੱਚ ਸਨ, ਦਸਵੇਂ ਪਾਤਸਾਹ ਜੀ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਇਹ ਸੰਘਰਸ਼ ਪੂਰੇ ਜ਼ੋਰ ਨਾਲ ਮਘਿਆ, ਜਿਵੇਂ ਜਿਵੇਂ ਕਾਬਜ਼ ਮੁਗਲ ਹਕੂਮਤ ਨੇ ਇਸ ਸੰਘਰਸ਼ ਦਾ ਸੇਕ ਮਹਿਸੂਸ ਕੀਤਾ ਤਾਂ ਉਨ੍ਹਾਂ ਨੇ ਜ਼ੁਲਮਾਂ ਦੀ ਹਨੇਰੀ ਲਿਆ ਦਿੱਤੀ ਅਤੇ ਇਸ ਸੰਘਰਸ਼ ਨੂੰ ਕੁਚਲਣ ਦੀ ਬਹੁਤ ਕੋਸ਼ਿਸ ਕੀਤੀ। ਮੁਗਲਾਂ ਦੀ ਸ਼ਕਤੀ ਢਿੱਲੀ ਪੈਂਦਿਆਂ ਹੀ ਪੰਜਾਬ ਵਿੱਚੋਂ ਦੀ ਲਾਂਘਾ ਲੈਂਦਿਆਂ ਹਿੰਦੁਸਤਾਨ ਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਨੇ ਹਮਲੇ ਸ਼ੁਰੂ ਕਰ ਦਿੱਤੇ। ਹਿੰਦੁਸਤਾਨ ਦੇ ਲੋਕਾਂ ਦਾ ਕਤਲੇਆਮ, ਲੁੱਟ ਖੋਹ ਅਤੇ ਉਨ੍ਹਾਂ ਦੀ ਇੱਜ਼ਤ ਉਨ੍ਹਾਂ ਦੀਆਂ ਔਰਤਾਂ ਨੂੰ ਵੀ ਵਾਪਸ ਮੁੜਦਿਆਂ ਨਾਲ ਲਿਜਾਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਵਲੋਂ ਸੌਂਪੇ ਗਏ, ਲੋਕਾਈ ਦੇ ਦੁੱਖ ਹਰਨ ਦੇ ਅਕਾਲੀ ਫਰਜ਼ ਨੂੰ ਚੇਤੇ ਕਰਦਿਆਂ ਸਿੱਖਾਂ ਨੇ ਰਣਨੀਤੀ ਤਹਿਤ ਅਬਦਾਲੀ ਦੀਆਂ ਜੇਤੂ ਫ਼ੌਜਾਂ ਨੂੰ ਪੰਜਾਬ ਦੇ ਰਸਤੇ ਵਿੱਚ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵੱਲੋਂ ਲੁੱਟ ਵਿੱਚ ਲਿਆਂਦੀਆਂ ਹਿੰਦੁਸਤਾਨ ਦੀਆਂ ਇਜ਼ਤਾਂ ਨੂੰ ਖੋਹ ਕੇ ਵਾਪਸ ਘਰੋਂ ਘਰੀਂ ਤੋਰ ਦਿੱਤਾ। ਦੂਸਰਾ ਸਿੱਖ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਸਨ ਅਤੇ ਪੰਜਾਬ ਵਿੱਚ ਸਿੱਖਾਂ ਦੀ ਮਰਜ਼ੀ ਤੋਂ ਬਿਨਾਂ ਫੌਜ ਲੈਕੇ ਖ਼ਲਕਤ ਉੱਪਰ ਜ਼ੁਲਮ ਕਰਦੇ ਫਿਰ ਰਹੇ ਅਬਦਾਲੀ ਨੂੰ ਸਿੱਖ ਬਿਨਾਂ ਸਜ਼ਾ ਤੋਂ ਪੰਜਾਬ ਤੋਂ ਬਾਹਰ ਨਿਕਲਣ ਨਹੀਂ ਦਿੰਦੇ ਸਨ। ਇਹ ਸਮਾਂ ਢੁਕਵਾਂ ਵੇਖਕੇ ਪੰਜਾਬ ਵਿੱਚ ਸਿੱਖ ਅਪਣਾ ਰਾਜ ਕਾਇਮ ਕਰ ਰਹੇ ਸਨ, ਅਬਦਾਲੀ ਵੀ ਹਿੰਦੁਸਤਾਨ ਨੂੰ ਆਪਣੀ ਬਸਤੀ ਬਣਾਉਣ ਅਤੇ ਪੰਜਾਬ ਨੂੰ ਅਫ਼ਗਾਨਿਸਤਾਨ ਨਾਲ ਜੋੜਨ ਲਈ ਹਰ ਸੰਭਵ ਯਤਨ ਕਰ ਰਿਹਾ ਸੀ। ਪੰਜਵੇਂ ਹਮਲੇ ਸਮੇਂ ਅਬਦਾਲੀ ਨੇ ਪਾਣੀਪਤ ਵਿੱਚ ਮਰੱਟਿਆ ਦਾ ਲੱਕ ਤੋੜ ਦਿੱਤਾ। ਹੁਣ ਅਗਲੇ ਹਮਲੇ ਨਾਲ ਪੰਜਾਬ ਨੂੰ ਅਫ਼ਗਾਨਿਸਤਾਨ ਨਾਲ ਜੋੜਨ ਦੀ ਤਿਆਰੀ ਨਾਲ ਅਬਦਾਲੀ ਨੇ ਪੰਜਾਬ ’ਤੇ ਹਮਲਾ ਕੀਤਾ, ਜਿਸ ਵਿੱਚ ਵੱਡੀ ਚੁਣੌਤੀ ਸਰਹਿੰਦ ਅਤੇ ਲਾਹੌਰ ਦੀਆਂ ਮੁਗਲ ਸਟੇਟਾਂ ਨਹੀਂ ਬਲਕਿ ਪੰਜਾਬ ਦੇ ਸਿੱਖ ਸਨ।

ਸਿੱਖਾਂ ਨੂੰ 5 ਫਰਵਰੀ 1762 ਨੂੰ ਕੁੱਪ-ਰੁਹੀੜੇ ਦੇ ਇਲਾਕੇ ਵਿੱਚ ਅਹਿਮਦ ਸ਼ਾਹ ਅਬਦਾਲੀ ਅਤੇ ਪੰਜਾਬ ਵਿਚਲੀਆਂ ਉਸਦੀਆਂ ਸਹਾਇਕ ਰਿਆਸਤਾਂ ਦੀਆਂ ਫ਼ੌਜਾਂ ਨੇ ਸਵੇਰੇ ਸੁਵਖਤੇ ਹੀ ਘੇਰਾ ਪਾ ਲਿਆ। ਸਿੱਖਾਂ ਨੂੰ ਅਬਦਾਲੀ ਦੇ ਇਸ ਹਮਲੇ ਦੀ ਪਹਿਲਾਂ ਤੋਂ ਕਨਸੋਅ ਸੀ, ਸਿੱਖਾਂ ਦੀ ਫੌਜ ਨਾਲ ਉਨ੍ਹਾਂ ਦੇ ਪਰਿਵਾਰ, ਬੱਚੇ, ਬੁੱਢੇ ਅਤੇ ਬੀਬੀਆਂ ਸਨ, ਜਿਨ੍ਹਾਂ ਨੂੰ ਸੁਰੱਖਿਅਤ ਥਾਂ ਤੇ ਛੱਡਣ ਲਈ ਸਿੱਖ ਮਲੇਰਕੋਟਲੇ ਨੇੜੇ ਆਰਾਮ ਲਈ ਰੁਕੇ ਹੋਏ ਸਨ। ਅਬਦਾਲੀ ਦੁਆਰਾ ਆਪਣੀਆਂ ਫ਼ੌਜਾਂ ਅਤੇ ਮਸ਼ੀਨਰੀ ਨਾਲ ਲਾਹੌਰ ਤੋਂ ਮਲੇਰਕੋਟਲੇ ਦੀ ਵਾਟ ਬਹੁਤੀ ਛੇਤੀ ਮੁਕਾ ਦੇਣ ਨਾਲ ਵੀ ਅਬਦਾਲੀ ਨੇ ਸਿੱਖਾਂ ਨੂੰ ਅਚਨਚੇਤ ਘੇਰਾ ਪਾ ਲਿਆ। ਪਰਿਵਾਰ ਨਾਲ ਹੋਣ ਕਰਕੇ ਭਾਵੇਂ ਸਿੱਖ ਦਲੇਰੀ ਅਤੇ ਜਾਨਾਂ ਹੂਲ ਕੇ ਸਾਰਾ ਦਿਨ ਲੜਦੇ ਅਤੇ ਅੱਗੇ ਵੀ ਵਧਦੇ ਗਏ, ਤਾਂ ਵੀ ਅਬਦਾਲੀ ਨੇ ਤਕਰੀਬਨ 30000 ਸਿੰਘ/ਸਿੰਘਣੀਆਂ ਨੂੰ ਸ਼ਹੀਦ ਕਰ ਦਿੱਤਾ।

ਇਹ ਇਤਿਹਾਸ ਦਾ ਇਕੋ ਇੱਕ ਦਿਨ ਸੀ, ਜਿਸ ਵਿੱਚ ਇਕੱਠੇ ਹੀ ਅੱਧੀ ਕੌਮ ਦਾ ਕਤਲੇਆਮ ਹੋ ਗਿਆ ਸੀ। ਦੁਨਿਆਵੀ ਪੱਖ ਤੋਂ ਏਨਾ ਘਾਟਾ ਝੱਲ ਕੇ ਕੋਈ ਕੌਮ ਇਸ ਨਿਰਾਸ਼ਤਾ ਵਿਚੋਂ ਬਾਹਰ ਨਾ ਆ ਸਕਦੀ ਅਤੇ ਨਾ ਹੀ ਅਬਦਾਲੀ ਨਾਲ ਦੁਬਾਰਾ ਤੋਂ ਝਗੜਾ ਲੈਣ ਬਾਰੇ ਸੋਚ ਸਕਦੀ ਸੀ ਪਰ ਸਿੱਖਾਂ ਦੀ ਅਵਸਥਾ ਦਾ ਓਸੇ ਸ਼ਾਮ ਇੱਕ ਨਿਹੰਗ ਸਿੰਘ ਦੇ ਬੋਲਾਂ ਤੋਂ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਹੈ ਜਦੋਂ ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ ‘ਤੱਤ ਖਾਲਸੋ ਸੋ ਰਹਯੋ, ਗਯੋ ਸੋ ਖੋਟ ਗਵਾਇ’ ਭਾਵ, ਖਾਲਸਾ ਜਿਉਂ ਦਾ ਤਿਉਂ ਅਡੋਲ ਹੈ ਮੋਹ ਮਾਇਆ ਦੀ ਨਾਸਵਾਨ ਮੂਰਤ ਜੋ ਸੀ ਉਹ ਅਲੋਪ ਹੋ ਗਈ ਹੈ।

ਇਹ ਹੈ ਚੜ੍ਹਦੀਕਲਾ, ਗੁਰੂ ਦੇ ਭਾਣੇ ਵਿੱਚ ਤੇ ਸਦਾ ਸ਼ੁਕਰ ਵਿੱਚ ਰਹਿਣ ਦੀ ਅਵਸਥਾ। ਇਸੇ ਸਦਕਾ ਇੰਨਾ ਵੱਡਾ ਘੱਲੂਘਾਰਾ ਵੀ ਸਿੱਖਾਂ ਨੂੰ ਡੁਲਾ ਨਾ ਸਕਿਆ ਤੇ ਉਸ ਤੋਂ ਬਾਅਦ ਵੀ ਸਿੱਖਾਂ ਨੇ ਕੋਈ ਸਮਝੌਤਾ ਨਹੀਂ ਕੀਤਾ ਬਲਕਿ ਜੰਗ ਕੀਤੀ। ਹੁਣ ਵੀ ਸਿੱਖ ਪਿਛਲੇ 50 ਸਾਲਾਂ ਤੋਂ ਕਈ ਕਤਲੇਆਮਾਂ ਵਿਚੋਂ ਲੰਘ ਚੁੱਕੇ ਸਨ। ਗੁਰੂ ਭਾਣੇ ਅੰਦਰ ਓਹ ਡੋਲੇ ਨਹੀਂ ਅਤੇ ਇਸ ਅਗੰਮੀ ਖੇਡ ਨੂੰ ਭਾਣਾ ਸਮਝ ਕੇ ਹੱਸ ਸਹਿ ਲਿਆ। ਸਿੱਖੀ ਦੀ ਓਟ ਗੁਰੂ ਉੱਤੇ ਹੋਣ ਕਰਕੇ ਸਿੱਖ ਅਜਿਹੇ ਮਨੋਵਿਗਿਆਨਿਕ ਹਮਲਿਆਂ ਵਿੱਚੋਂ ਨਿਕਲ ਆਉਂਦੇ ਹਨ। ਜੇ ਕੋਈ ਹੋਰ ਦੁਨਿਆਵੀ ਕਦਰਾਂ ਕੀਮਤਾਂ ਉੱਤੇ ਅਧਾਰਿਤ ਸੱਭਿਆਚਾਰ ਹੁੰਦਾ ਤਾਂ ਓਹਦੇ ਤੋਂ ਅਜਿਹੇ ਹਮਲੇ ਝੱਲ ਨਹੀਂ ਸੀ ਹੋਣੇ, ਬਾਕੀਆਂ ਨਾਲੋਂ ਸਿੱਖਾਂ ਦਾ ਫਰਕ ਇਹੀ ਹੈ। ਅਜਿਹੇ ਘੱਲੂਘਾਰਿਆਂ ਨੂੰ ਰੋਣ ਜਾਂ ਤਾਹਨੇ ਮਿਹਣੇ ਵਜੋਂ ਨਾ ਯਾਦ ਕਰਿਆ ਕਰੀਏ ਸਗੋਂ ਇਹਨਾਂ ਸੂਰਜਾਂ ਵਿਚੋਂ ਰੌਸ਼ਨੀ ਲੈ ਕੇ ਭਵਿੱਖ ਦੀਆਂ ਜੰਗਾਂ ਲਈ ਆਪਣੇ ਆਪ ਨੂੰ ਤਿਆਰ ਕਰੀਏ। ਮਹਾਰਾਜ ਕਿਰਪਾ ਕਰਨਗੇ, ਜਦੋਂ ਜਦੋਂ ਸਿੱਖ ਗੁਰੂ ਨੂੰ ਮਹਿਸੂਸ ਕਰੇਗਾ ਉਹ ਅਜਿਹੇ ਕਰੋੜਾਂ ਘੱਲੂਘਾਰੇ ਝੱਲੇਗਾ ਅਤੇ ਇਹਨਾਂ ਵਿੱਚੋਂ ਨਿੱਖਰ ਕੇ ਬਾਹਰ ਆਏਗਾ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਵਿਕਦਾ ਜਾ ਰਿਹਾ ਹੈ ਪੰਜਾਬ

## ਪੰਜਾਬ ’ਤੇ ਇਸ ਵੇਲੇ ਹੈ 3.27 ਲੱਖ ਕਰੋੜ ਰੁਪਏ ਦਾ ਕਰਜ਼ਾ

### ਤਰੱਕੀ ਅਤੇ ਵਿਕਾਸ ਦੇ ਮਾਮਲਿਆਂ ’ਚ ਪਹਿਲੇ ਦਸਾਂ ਸੂਬਿਆਂ ’ਚ ਵੀ ਸ਼ਾਮਲ ਨਹੀਂ ਹੈ ਪੰਜਾਬ



ਗੁਰਮੀਤ ਸਿੰਘ ਪਲਾਹੀ
9815802070




ਪੰਜਾਬ ’ਚ ਇੱਕ ਮੰਗ ਉੱਠਣ ਲੱਗੀ ਹੈ ਕਿ ਪੰਜਾਬ ਵਿੱਚ ਵੀ ਇੱਕ ਕਾਨੂੰਨ ਬਨਣਾ ਚਾਹੀਦਾ ਹੈ ਕਿ ਕੋਈ ਵੀ ਬਾਹਰਲਾ ਵਿਅਕਤੀ (ਪੰਜਾਬੀਆਂ ਤੋਂ ਬਿਨ੍ਹਾਂ) ਪੰਜਾਬ ਵਿੱਚ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਇਹ ਚਰਚਾ ਵੀ ਜੋਰ ਫ਼ੜ ਰਹੀ ਹੈ ਕਿ ਪੰਜਾਬ ਤੋਂ ਬਾਹਰਲੇ ਵਿਅਕਤੀ ਪੰਜਾਬ ਵਿੱਚ ਆਉਣ, ਕੋਈ ਕਿੱਤਾ ਕਰਨ, ਧਨ ਕਮਾਉਣ, ਪਰ ਜ਼ਮੀਨ-ਜਾਇਦਾਦ ਨਾ ਖਰੀਦਣ।

ਵਿਚਾਰ ਇਹ ਵੀ ਪਲਪ ਰਿਹਾ ਹੈ ਕਿ ਪੰਜਾਬ ਨੂੰ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਇਥੇ ਵਸਾਕੇ ਪੰਜਾਬ ਦੀ ਦਿੱਖ, ਪੰਜਾਬ ਦੀ ਬੋਲੀ, ਪੰਜਾਬ ਦਾ ਸਭਿਆਚਾਰ ਨੂੰ ਰੰਗੋਂ ਬੇਰੰਗ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਹਥਿਆਇਆ ਜਾ ਰਿਹਾ ਹੈ। ਪੰਜਾਬ ਨੂੰ ਕਾਬੂ ਕਰਨ ਲਈ ਕੀਤੇ ਪਹਿਲੇ ਯਤਨ ਕਿਉਂਕਿ ਸਫ਼ਲ ਨਹੀਂ ਹੋ ਸਕੇ, ਇਸ ਕਰਕੇ ਨਿੱਤ ਨਵੇਂ ਹੱਥ ਕੰਡੇ ਅਪਨਾਕੇ ਪੰਜਾਬ ਨੂੰ ਆਪਣੇ ਪਾਲੇ ’ਚ ਲਿਆਉਣ ਦਾ ਯਤਨ ਹੋ ਰਿਹਾ ਹੈ।

ਇਸ ਵੇਲੇ ਭਾਰਤ ’ਚ ਬਹੁ-ਸਭਿਆਚਾਰੀ ਅਤੇ ਬਹੁ-ਕੌਮੀ ਸੰਸਕ੍ਰਿਤੀ ਹੈ। ਮੌਜੂਦਾ ਹਾਕਮਾਂ ਵੱਲੋਂ ਇਸਨੂੰ ਇੱਕ ਦੇਸ਼, ਇੱਕ ਰਾਸ਼ਟਰ ’ਚ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ।

ਪੰਜਾਬ ਕੋਲ ਕੋਈ ਕੁਦਰਤੀ ਸਾਧਨ ਨਹੀਂ ਹੈ, ਬੰਦਰਗਾਹ ਨਹੀਂ ਹੈ, ਜੋ ਕਿ ਅੱਜ ਦੇ ਸਮੇਂ ਵਿੱਚ ਵਪਾਰ ਤੇ ਉਦਯੋਗੀਕਰਨ ਦੀ ਪਹਿਲੀ ਲੋੜ ਹੈ। ਲੋੜ ਤਾਂ ਇਸ ਗੱਲ ਦੀ ਸੀ ਕਿ ਪੰਜਾਬ ਵਿੱਚ ਚੰਗਾ ਮਾਹੌਲ ਸਥਾਪਿਤ ਕਰਨ ਲਈ ਅਤੇ ਆਰਥਿਕ ਮਜ਼ਬੂਤੀ ਲਈ ਗੁਆਂਢੀ ਦੇਸ਼ ਪਾਕਿਸਤਾਨ ਨਾਲ ਚੰਗਾ ਮਾਹੌਲ ਪੈਦਾ ਕਰਕੇ ਵਪਾਰ ਦੀ ਸਾਂਝ ਵਿਕਸਤ ਕੀਤੀ ਜਾਵੇ, ਪਰ 1947, ਫ਼ਿਰ 1965 ਦੀ ਜੰਗ, ਕਾਰਗਿਲ ਦੀ ਜੰਗ, ਜੋ ਦੇਸ਼ ਦੀਆਂ ਵੋਟਾਂ ਹਥਿਆਉਣ ਲਈ ਹਾਕਮਾਂ ਵੱਲੋਂ ਦੇਸ਼ ’ਤੇ ਮੜੀ ਗਈ, ਉਸਨੇ ਪੰਜਾਬ ਦਾ ਅਰਥਚਾਰਾ, ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਇੰਨਾ ਵਿਖਰਾਅ ਦਿੱਤਾ ਹੈ ਕਿ ਪੰਜਾਬ ਜਿਹੜਾ ਕਦੇ ਦੇਸ਼ ਦਾ ਮੋਹਰੀ ਸੂਬਾ ਸੀ, ਉਹ ਹੁਣ ਤਰੱਕੀ ਅਤੇ ਵਿਕਾਸ ਦੇ ਮਾਮਲਿਆਂ ’ਚ ਪਹਿਲੇ ਦਸਾਂ ਸੂਬਿਆਂ ’ਚ ਵੀ ਸ਼ਾਮਲ ਨਹੀਂ ਰਿਹਾ।

ਸਵਾਲ ਇਹ ਵੀ ਉੱਠ ਰਿਹਾ ਹੈ ਕਿ ਪੰਜਾਬ ਦੇ ਵਾਹੀ ਯੋਗ ਖੇਤ ਘਟਦੇ ਜਾ ਰਹੇ ਹਨ। ਪੰਜਾਬ ਦੇ ਹਰ ਪਾਸੇ, ਦੁਆਬੇ, ਮਾਲਵੇ, ਮਾਝੇ ’ਚ ਵੱਡੀਆਂ, ਚੌੜੀਆਂ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਖੇਤਾਂ ਦਾ ਸੀਨਾ ਵਿੰਨਿਆ ਜਾ ਰਿਹਾ ਹੈ। ਰਾਸ਼ਟਰੀ, ਸੂਬਾ ਹਾਈਵੇ ਵਾਹੀਯੋਗ ਜ਼ਮੀਨ ਨੱਪ ਰਹੇ ਹਨ। ਇਸਦਾ ਫ਼ਾਇਦਾ ਕਿਸਨੂੰ ਹੋਵੇਗਾ? ਪੰਜਾਬ ਨੂੰ? ਖੇਤੀ ਅਧਾਰਤ ਸੂਬੇ ’ਚ ਕਿਸਾਨਾਂ ਦੀ ਗਿਣਤੀ ਅਤੇ ਖੇਤਾਂ ਦੀ ਗਿਣਤੀ ਨਿੱਤ-ਦਿਹਾੜੇ ਊਣੀ ਹੋ ਰਹੀ ਹੈ। ਇਹੋ ਜਿਹੇ ’ਚ ਪੰਜਾਬ ਕਿਵੇਂ ਜੀਵੇਗਾ ਕਿਵੇਂ ਬਚੇਗਾ?

ਇਹ ਸੱਚ ਹੈ ਕਿ ਪੰਜ ਦਰਿਆਵਾਂ ਦੀ ਧਰਤੀ, ਢਾਈ ਦਰਿਆਵਾਂ ਤੱਕ ਸੀਮਤ ਹੋ ਚੁੱਕੀ ਹੈ। ਖੇਤੀ ਲਈ ਧਰਤੀ ਹੇਠਲਾ ਪਾਣੀ ਵੱਧ ਵਰਤੇ ਜਾਣ ਕਾਰਨ, ਸੂਬੇ ਦੇ 135 ਬਲਾਕਾਂ ਵਿਚੋਂ 127 ਬਲਾਕਾਂ ’ਚ ਪਾਣੀ ਹਰ ਵਰ੍ਹੇ ਨੀਵਾਂ ਉਤਰਨ ਕਾਰਨ, ਧਰਤੀ ਹੇਠੋਂ ਪਾਣੀ ਮੁੱਕਣ ਦੀ ਚਿਤਾਵਨੀ ਮਿਲ ਰਹੀ ਹੈ। ਇਹੋ ਜਿਹੀ ਸਥਿਤੀ ’ਚ ਜ਼ਰਖੇਜ਼ ਪੰਜਾਬ ਦੀ ਧਰਤੀ ਕੀ ਮਾਰੂਥਲ ਨਹੀਂ ਬਣ ਜਾਏਗੀ? ਬਿਲਕੁਲ ਇਹੋ ਜਿਹੇ ਸੰਕੇਤ ਪੰਜਾਬ ਦੀ ਆਬਾਦੀ ’ਚੋਂ ਨਿਕਾਸ ਹੋਣ ਅਤੇ ਨੌਜਵਾਨਾਂ ਦੇ ਪ੍ਰਵਾਸ ਦੇ ਮਿਲ ਰਹੇ ਹਨ। ਇਹ ਪ੍ਰਵਾਸ “ਮਨ ਭਾਉਂਦਾ” ਨਹੀਂ ਮਜ਼ਬੂਰੀ ਵੱਸ ਪ੍ਰਵਾਸ ਹੈ। ਸੂਬੇ ’ਚ ਨੌਕਰੀ ਨਹੀਂ, ਸੂਬੇ ’ਚ ਚੈਨ ਨਹੀਂ, ਸੂਬੇ ’ਚ ਸ਼ਾਂਤੀ ਨਹੀਂ, ਸੂਬੇ ’ਚ ਮਾਪਿਆਂ ਦੀ ਬੇਚੈਨੀ ਹੈ, ਨਸ਼ਾ ਅੰਤਾਂ ਦੇ ਪੈਰ ਪਸਾਰ ਬੈਠਾ ਹੈ, ਮਾਪੇ, ਆਪਣੇ ਖੇਤ, ਲਾਡਲੇ ਪੁੱਤਾਂ, ਧੀਆਂ ਖਾਤਰ ਵੇਚਣ ਲਈ ਮਜ਼ਬੂਰ ਹੋਏ ਪਏ ਹਨ। ਲੱਖਾਂ ਦਾ ਕਰਜ਼ਾ ਲੈਕੇ ਅਣਦਿਸਦੇ ਰਾਹਾਂ ਉਤੇ ਬੱਚਿਆਂ ਨੂੰ ਤੋਰਨ ਲਈ ਉਹ ਮਜ਼ਬੂਰ ਹਨ।

ਪੰਜਾਬ ਦੇ ਪਿੰਡਾਂ ਦਾ ਦ੍ਰਿਸ਼ ਵੇਖੋ। ਘਰਾਂ ਦੇ ਘਰ ਖਾਲੀ ਪਏ ਹਨ। ਮਕਾਨਾਂ ਨੂੰ ਜਿੰਦਰੇ ਲੱਗੇ ਹੋਏ ਹਨ। ਆਲੀਸ਼ਾਨ ਕੋਠੀਆਂ ਕਿਸੇ ਦੂਸਰੇ, ਅਜ਼ਨਬੀ ਦੇ ਹਵਾਲੇ ਕੀਤੀਆਂ ਪਈਆਂ ਹਨ। ਜ਼ਮੀਨਾਂ, ਕਿਰਾਏ ’ਤੇ ਚੜ੍ਹਾਕੇ, ਪੰਜਾਬ ਦੇ ਵਾਸੀ, ਖੇਤਾਂ ਦੇ ਮਾਲਕ ਆਪ ਕਿਰਤ ਕਰਦੇ ਵਿਦੇਸ਼ਾਂ ’ਚ ਬੈਠੇ ਹਨ। ਦੇਰ-ਸਵੇਰ ਉਹਨਾਂ ਦੇ ਮੁੜ ਪਰਤਣ ਦੀ ਉਮੀਦ ਬਹੁਤੀ ਨਹੀਂ, ਉਹਨਾਂ ਦੀ ਔਲਾਦ ਤਾਂ ਪੰਜਾਬ ਵੱਲ ਵੇਖਣ ਲਈ ਵੀ ਤਿਆਰ ਨਹੀਂ।

ਇਹੋ ਜਿਹੀਆਂ ਹਾਲਤਾਂ ਵਿੱਚ ਸੂਬੇ ਪੰਜਾਬ ਦੇ ਹਾਲਾਤ ਕਿਹੋ ਜਿਹੇ ਹਨ। ਸੂਬੇ ਦਾ ਹਰ ਵਿਅਕਤੀ ਕਰਜ਼ਾਈ ਹੈ। ਕਿਸੇ ਨੇ ਆੜ੍ਹਤੀਆਂ ਤੋਂ, ਕਿਸੇ ਨੇ ਬੈਂਕਾਂ ਤੋਂ ਲਿਮਟ ਬਣਾਕੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ਾ ਲੈ ਕੇ ਖੇਤੀ ਕਰਨ ਲਈ ਕਿਸਾਨ ਮਜ਼ਬੂਰ ਹਨ। ਨਰੇਗਾ ਕਾਮਿਆਂ ਨੂੰ ਸਾਲ ’ਚ ਮਸਾਂ 100 ਦਿਨ ਦਾ ਰੁਜ਼ਗਾਰ ਮਿਲਦਾ ਹੈ। ਖੇਤ ਮਜ਼ਦੂਰ ਲੰਮਾ ਸਮਾਂ ਕਿਸਾਨਾਂ ਦੇ ਨਾਲ-ਨਾਲ ਵਿਹਲੇ ਰਹਿੰਦੇ ਹਨ। ਕਰਜ਼ਦਾਰ ਹਨ। ਸਿਤਮ ਦੀ ਗੱਲ ਵੇਖੋ ਕਿ ਪੂਰੇ ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੀ 50 ਫ਼ੀਸਦੀ ਆਬਾਦੀ ਮੁਫ਼ਤ ਰਾਸ਼ਨ ਲੈਣ ਲਈ ਮਜ਼ਬੂਰ ਹੈ। ਸੂਬੇ ਸਿਰ ਇਸ ਵੇਲੇ 3.27 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਜਦੋਂ ਸੂਬਾ ਸਰਕਾਰ ਕੋਲ ਆਮਦਨ ਦੇ ਲੋੜੀਂਦੇ ਸਾਧਨ ਹੀ ਨਹੀਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਗੈਂਗਸਟਰ ਤੇ ਮਾਫ਼ੀਆ ਸੂਬੇ ’ਚ ਆਮ ਹੈ ਤਾਂ ਫ਼ਿਰ ਲੋਕਾਂ ਦਾ ਆਮ ਜੀਵਨ ਕਿਵੇਂ ਸੁਖਾਵਾਂ ਹੋਏਗਾ?

ਹਰ ਸੂਬੇ ਜਾਂ ਦੇਸ਼ ਦੇ ਵਿਕਾਸ ਲਈ ਉਥੇ ਸਿੱਖਿਆ ਅਤੇ ਸਿਹਤ ਸੇਵਾਵਾਂ ਚੰਗੀਆਂ ਹੋਣੀਆਂ ਲੋੜੀਂਦੀਆਂ ਹਨ। ਪੰਜਾਬ ’ਚ ਨਿੱਤ ਨਵੇਂ ਪ੍ਰਾਜੈਕਟ ਆ ਰਹੇ ਹਨ। 2024-25 ਦੇ ਸੈਸ਼ਨ ’ਚ ਸਰਕਾਰ ਵੋਕੇਸ਼ਨਲ ਐਜੂਕੇਸ਼ਨ ਦੇ ਨਾਅ ਉਤੇ 40 ਸਕੂਲਾਂ ’ਚ ਪਾਇਲਟ ਪ੍ਰਾਜੈਕਟ ਲਿਆ ਰਹੀ ਹੈ ਤਾਂ ਕਿ ਹੱਥੀਂ ਕਿੱਤਾ ਸਿਖਾਕੇ ਵਿਦਿਆਰਥੀ ਰੁਜ਼ਗਾਰਤ ਹੋ ਸਕਣ ਪਰ ਪੰਜਾਬ ਦੇ ਸਿੱਖਿਆ ਪ੍ਰਬੰਧ ਤੇ ਹਾਲਾਤ ਬਾਰੇ ਇੱਕ ਰਿਪੋਰਟ ਛਪੀ ਹੈ, ਜਿਸ ਵਿੱਚ ਪੰਜਾਬ ਦੇ 11000 ਬੱਚਿਆਂ ਦਾ ਮੁਲਾਂਕਣ ਕੀਤਾ ਗਿਆ। ਇਹਨਾਂ ਸਰਕਾਰੀ ਸਕੂਲਾਂ ’ਚ ਪੜ੍ਹਨ ਵਾਲੇ ਬੱਚਿਆਂ ’ਚੋਂ 39 ਫ਼ੀਸਦੀ ਹੀ ਪੰਜਾਬੀ ’ਚ ਲਿਖੀ ਕਹਾਣੀ ਪੜ੍ਹ ਪਾਉਂਦੇ ਹਨ। 4 ਫ਼ੀਸਦੀ ਨੂੰ ਅੱਖਰਾਂ ਦੀ ਪਹਿਚਾਣ ਨਹੀਂ। ਦੋ ਫ਼ੀਸਦੀ ਬੱਚੇ ਗਣਿਤ ਦੇ ਬਾਰੇ ਹੀ ਨਹੀਂ ਜਾਣਦੇ। ਇਸ ਤੋਂ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ’ਚ 13 ਫ਼ੀਸਦੀ ਸਕੂਲ ਇਹੋ ਜਿਹੇ ਹਨ ਜਿਥੇ ਪ੍ਰਾਇਮਰੀ ਸਕੂਲ ’ਚ ਪੜ੍ਹਨ ਵਾਲੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਲਈ ਇੱਕ ਅਧਿਆਪਕ ਹੈ। ਇਹ ਸਥਿਤੀ ਕੀ “ਤਰੱਕੀ ਕਰ ਚੁੱਕੇ” ਪੰਜਾਬ ਦੀ ਸਥਿਤੀ ਨਹੀਂ ਬਿਆਨਦੀ?

ਅਸਲ ’ਚ ਪੰਜਾਬ ਨੂੰ ਸਿਰਫ਼ ਆਰਥਿਕ ਮਰੋੜਾ ਹੀ ਨਹੀਂ ਚਾੜ੍ਹਿਆ ਗਿਆ, ਇਸਦੇ ਵਸ਼ਿੰਦਿਆਂ ਦੀ ਸਿਹਤ ਨਾਲ ਖਿਲਵਾੜ ਕਰਨ ਲਈ ਨਸ਼ਿਆਂ ਦੇ ਦਰਿਆ ਵਹਾਅ ਦਿੱਤੇ ਗਏ।

ਸਿੱਖਿਆ ਤੋਂ ਵਿਰਵੇ ਰੱਖਣ ਲਈ ਸਕੂਲਾਂ ’ਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਨਹੀਂ ਹੋਈਆਂ। ਸਿੱਟਾ ਨੌਜਵਾਨਾਂ ’ਚ ਵਧ ਰਹੀ ਸਿਹਤ ਤੇ ਸਿੱਖਿਆ ਪੱਖੋ ਘਾਟ ਸੂਬੇ ਦੇ ਨਿਘਰ ਦਾ ਕਾਰਨ ਬਣਦੀ ਗਈ ਹੈ। ਜ਼ਰਾ ਸੋਚੋ, ਜਦੋਂ ਪੰਜਾਬ ਆਰਥਿਕ ਤੌਰ ’ਤੇ ਕੰਮਜ਼ੋਰ ਹੋ ਰਿਹਾ ਹੈ। ਕਰਜ਼ੇ ਨਾਲ ਪਰੁੰਨਿਆ ਗਿਆ ਹੈ। ਪ੍ਰਵਾਸ ਦੇ ਰਸਤੇ ਪਾ ਦਿੱਤਾ ਗਿਆ ਹੈ ਤੇ ਇਥੋਂ ਦੇ ਵਸ਼ਿੰਦਿਆਂ ਦੀ ਜ਼ਮੀਨ ਬੈਂਕਾਂ ਦੀਆਂ ਲਿਮਟਾਂ ਦੇ ਹਵਾਲੇ ਪਈ ਹੈ ਤਾਂ ਦੇਰ ਨਹੀਂ ਤਾਂ ਸਵੇਰ ਕੀ ਇਹ ਹਥਿਆ ਨਹੀਂ ਲਈ ਜਾਏਗੀ?

ਇਸ ਸਥਿਤੀ ’ਤੇ ਕਾਬੂ ਪਾਉਣ ਲਈ ਖੇਤੀ ਅਧਾਰਤ ਫ਼ੂਡ ਪ੍ਰੋਸੈਸਿੰਗ ਛੋਟੇ ਉਦਯੋਗ, ਲਘੂ ਉਦਯੋਗ ਲਾਉਣ ਦੀ ਲੋੜ ਸੀ। ਪਰ ਪੰਜਾਬ ਦੇ ਸਿਆਸਤਦਾਨਾਂ, ਨੀਤੀਵਾਨਾਂ ਨੂੰ ਤਾਂ ਆਪਣੀ ਕੁਰਸੀ ਬਚਾਉਣ ਅਤੇ ਕੁਰਸੀ ਖੋਹਣ ਤੋਂ ਹੀ ਵਿਹਲ ਨਹੀਂ ਮਿਲੀ। ਕਿੰਨੇ ਕੁ ਨੇਤਾ ਨੇ, ਪੰਜਾਬ ’ਚ, ਜਿਹੜੇ ਸਿਰਫ਼ ਪੰਜਾਬ ਦੇ ਭਲੇ ਹਿੱਤ, ਵਿਕਦੇ ਜਾ ਰਹੇ ਕਰਜ਼ਾਈ ਪੰਜਾਬ ਨੂੰ, ਥਾਂ ਸਿਰ ਕਰਨ ਲਈ ਫ਼ਿਕਰਮੰਦ ਹਨ। ਪੰਜਾਬ ਹਿਤੈਸ਼ੀ ਕਿੰਨੇ ਕੁ ਬੁੱਧੀਜੀਵੀ ਹਨ, ਲੇਖਕ ਹਨ, ਚਿੰਤਕ ਹਨ, ਸਮਾਜੀ ਕਾਰਕੁੰਨ ਹਨ ਜਿਹੜੇ ਤਿਲ-ਤਿਲ ਮਰਦੇ ਜਾ ਰਹੇ, ਪੰਜਾਬ ਨੂੰ ਥਾਂ ਸਿਰ ਕਰਨ ਲਈ ਤਤਪਰ ਹਨ ਜਾਂ ਅੱਗੇ ਆ ਰਹੇ ਹਨ। ਮਾਯੂਸੀ ਹੁੰਦੀ ਹੈ ਉਦੋਂ ਜਦੋਂ ਕੋਈ ਪੰਜਾਬ ’ਚ ਹਾਅ ਦਾ ਨਾਹਰਾ ਜੇਕਰ ਕੋਈ ਮਾਰਦਾ ਹੈ, ਪਰ ਦੂਜੇ ਉਸਨੂੰ ਸਹੀ ਸਮਝਦਿਆਂ ਵੀ ਇੱਕ ਪਲੇਟਫ਼ਾਰਮ ਤੇ ਇਕੱਠੇ ਨਹੀਂ ਹੋ ਰਹੇ। ਅੱਜ ਦਸ ਖੇਤਾਂ ਦਾ ਮਾਲਕ ਵੀ ਪੰਜਾਬ ’ਚ ਕੰਗਾਲ ਹੈ। ਅੱਜ ਮਜ਼ਦੂਰ ਵੀ ਸਹੀ ਉਜਰਤ ਪ੍ਰਾਪਤ ਨਹੀਂ ਕਰਦਾ। ਅੱਜ ਪੰਜਾਬ ਦੇ ਮੱਧ ਵਰਗੀ ਪਰਿਵਾਰ ਵੀ ਕਰਜ਼ੇ ਹੇਠ ਜੀਊ ਰਹੇ ਹਨ। ਅੰਕੜੇ ਵੱਡੇ ਹਨ। ਸਰਕਾਰੀ ਅੰਕੜੇ ਤਾਂ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਮੁਫ਼ਤ ਬਿਜਲੀ ਲੈ ਰਿਹਾ ਹੈ। ਸਬਸਿਡੀ ਲੈ ਰਿਹਾ ਹੈ ਖਾਦਾਂ ਤੇ ਬੀਜਾਂ ’ਤੇ ਅਤੇ ਖੁਸ਼ਹਾਲ ਹੈ। ਤਾਂ ਫ਼ਿਰ ਉਹ ਸ਼ਤੀਰਾਂ ਨੂੰ ਜੱਫ਼ੇ ਕਿਉਂ ਪਾ ਰਿਹਾ। ਸੂਬੇ ਦੇ 90 ਫ਼ੀਸਦੀ ਛੋਟੇ ਕਿਸਾਨ ਕਰਜ਼ਾਈ ਹਨ। ਬੇਰੁਜ਼ਗਾਰੀ ਦੇ ਸਤਾਏ, ਮੱਧ ਵਰਗੀ ਲੋਕ ਪ੍ਰੇਸ਼ਾਨ ਹਨ। ਉਨੀ ਆਮਦਨ ਨਹੀਂ, ਜਿੰਨਾ ਖ਼ਰਚ ਹੈ। ਤੰਗੀਆਂ ਤੁਰਸ਼ੀਆਂ ਕਾਰਨ, ਹੋਰ ਕੁਝ ਸੋਚਣ ਤੋਂ ਬਿਨ੍ਹਾਂ ਬੱਸ ਰੋਟੀ ਟੁੱਕ ਦੇ ਜੁਗਾੜ ’ਚ ਹਨ। ਪੰਜਾਬ ਖੁਰ ਰਿਹਾ ਹੈ। ਨੈਤਿਕ ਤੌਰ ’ਤੇ ਕੰਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਬਰੇਨ, ਪ੍ਰਵਾਸ ਕਾਰਨ ਡਰੇਨ ਹੋ ਰਿਹਾ ਹੈ। ਆਉਣ ਵਾਲੇ ਸਮੇਂ ’ਚ ਖੇਤੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਨਹੀਂ ਰਹੇਗੀ। (ਬਾਕੀ ਸਫ਼ਾ 31 ’ਤੇ)

# ਕੈਨੇਡਾ ਲਈ ਸਮੱਸਿਆਵਾਂ ਪੈਦਾ ਕਰੇਗੀ ਇਮੀਗ੍ਰੈਂਟ ਉੱਪਰ ਪਾਬੰਦੀ



ਡਾ. ਸ਼ਿੰਦਰ ਪੁਰੇਵਾਲ




ਕੈਨੇਡਾ ਦੀ ਆਬਾਦੀ ਸਾਲ 2023 ਵਿੱਚ 40 ਮਿਲੀਅਨ (ਚਾਰ ਕਰੋੜ) ਦਾ ਅੰਕੜਾ ਪਾਰ ਕਰ ਗਈ। ਉਸ ਨਾਲ ਡੈਮੋਗ੍ਰਾਫਰ (ਆਬਾਦੀ ਦੀ ਸਟੱਡੀ ਕਰਨ ਵਾਲੇ) ਤੇ ਬਿਜ਼ਨਸ ਕਮਿਊਨਿਟੀ ਦੀ ਆਸ ਪੂਰੀ ਹੋ ਗਈ ਕਿ ਇਮੀਗ੍ਰੇਸ਼ਨ ਨੇ ਉਹ ਕੰਮ ਕਰ ਦਿੱਤਾ ਜੋ ਕੈਨੇਡੀਅਨ ਸਮਾਜ ਕੁਦਰਤੀ ਤਰੀਕੇ ਨਾਲ ਆਪ ਕਰਨ ਦੇ ਅਸਮਰੱਥ ਹੈ। ਜੇ ਕੈਨੇਡਾ ਵਿੱਚ ਇਮੀਗ੍ਰੈਂਟ ਨਾ ਆਉਣ ਤਾਂ ਕੈਨੇਡਾ ਦੀ ਆਬਾਦੀ ਵਧਣ ਦੀ ਬਜਾਏ ਘਾਟੇ ਵੱਲ ਤੁਰ ਪਵੇਗੀ। ਡੈਮੋਗ੍ਰਾਫਰ ਦੱਸਦੇ ਹਨ ਕਿ ਆਬਾਦੀ ਨੂੰ ਬਰਕਰਾਰ ਰੱਖਣ ਲਈ 100 ਔਰਤਾਂ ਪਿੱਛੇ 230 ਬੱਚੇ ਹੋਣੇ ਲਾਜ਼ਮੀ ਹਨ ਪਰ ਕੈਨੇਡਾ ਵਿੱਚ ਇਨ੍ਹਾਂ ਦੀ ਦਰ ਘਟ ਕੇ 148 ਰਹਿ ਗਈ ਹੈ ਇਸ ਕਰ ਕੇ ਇਮੀਗ੍ਰੈਂਟਸ ਤੋਂ ਬਿਨਾਂ ਆਪਣੇ-ਆਪ ਕੈਨੇਡਾ ਦੀ ਆਬਾਦੀ ਵਧਣ ਦੀ ਵਜਾਏ ਘਟਣ ਵੱਲ ਜਾ ਰਹੀ ਹੈ। ਵੈਸੇ ਵੀ ਹਾਕਮ ਕੈਨੇਡਾ ਨੂੰ ਇੱਕ ਇਮੀਗ੍ਰੈਂਟਸ ਦਾ ਦੇਸ਼ ਪ੍ਰਚਾਰਦੇ ਹਨ। ਇਸ ਨਾਲ ਨਾ ਤਾਂ ਕੈਨੇਡਾ ਦੇ ਆਦਿਵਾਸੀ ਸਹਿਮਤ ਹਨ ਅਤੇ ਨਾ ਹੀ ਮਜ਼ਦੂਰ ਜਮਾਤ, ਖ਼ਾਸ ਤੌਰ 'ਤੇ ਏਸ਼ੀਆ-ਅਫਰੀਕਾ ਤੋਂ ਆਏ ਮਜ਼ਦੂਰ।

ਦਲੀਲ ਹੈ ਕਿ ਆਦਿਵਾਸੀ ਪਹਿਲਾਂ ਹੀ ਇੱਥੇ ਰਹਿੰਦੇ ਸਨ ਤੇ ਏਸ਼ੀਆ-ਅਫਰੀਕਾ ਦੇ ਮਜ਼ਦੂਰਾਂ ਨੂੰ ਯੂਰਪੀ ਬਸਤੀਆਂ ਤੋਂ ਕੈਨੇਡਾ ਵਿੱਚ ਗੁਲਾਮੀ ਵਰਗੀ ਮਜ਼ਦੂਰੀ ਕਰਨ ਲਈ ਲਿਆਂਦਾ ਗਿਆ ਸੀ। ਇਸ ਦੇ ਉਲਟ ਯੂਰਪੀ ਬਸਤੀਵਾਦੀ ਇਸ ਦੇਸ਼ ਨੂੰ ਇੱਕ ਬਸਤੀ ਬਣਾਉਣ ਆਏ ਸਨ। ਇਸ ਕਰਕੇ ਸਾਰਿਆਂ ਨੂੰ ਪਰਵਾਸੀ ਕਹਿਣਾ ਠੀਕ ਨਹੀਂ। ਇਹੀ ਗੱਲ ਅਮਰੀਕਾ ਵਿੱਚ ਇੱਕ ਵਾਰ ਪ੍ਰੈਜ਼ੀਡੈਂਟ ਓਬਾਮਾ ਕਹਿ ਕੇ ਫਸ ਗਏ ਸਨ ਕਿ ਅਮਰੀਕਾ ਇਮੀਗ੍ਰੈਂਟਸ ਦਾ ਦੇਸ਼ ਹੈ। ਕਾਲੇ ਲੋਕਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਕਿਉਂਕਿ ਉਨ੍ਹਾਂ ਨੂੰ ਗੁਲਾਮ ਬਣਾ ਕੇ ਲਿਆਂਦਾ ਜਾਂਦਾ ਸੀ।

ਆਬਾਦੀ ਨਾਲ ਸਬੰਧਿਤ ਇੱਕ ਹੋਰ ਚਿੰਤਾ, ਜੋ ਕੈਨੇਡੀਅਨ ਸਰਕਾਰ ਲਈ ਚੁਣੌਤੀ ਬਣੀ ਹੋਈ ਹੈ, ਉਹ ਹੈ ਆਬਾਦੀ ਦੀ ਲਗਾਤਾਰ ਵਧ ਰਹੀ ਔਸਤਨ ਉਮਰ। ਕੈਨੇਡੀਅਨ ਲੋਕਾਂ ਦੀ ਔਸਤਨ ਉਮਰ ਚਾਲੀ ਨੂੰ ਟੱਪ ਕੇ ਉੱਪਰ ਵੱਲ ਜਾ ਰਹੀ ਹੈ। ਇਸ ਦਾ ਮਤਲਬ ਇਹ ਹੈ ਕਿ ਵੱਡੀ ਉਮਰ ਦੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਤੇ ਘੱਟ ਉਮਰ ਦੇ ਕਾਮਿਆਂ ਦੀ ਗਿਣਤੀ ਘਟ ਰਹੀ ਹੈ। ਟੈਕਸ ਦੇਣ ਵਾਲੇ ਘਟ ਰਹੇ ਹਨ ਪਰ ਪੈਨਸ਼ਨ ਆਦਿ ਸਰਕਾਰੀ ਸਹੂਲਤਾਂ ਲੈਣ ਵਾਲੇ ਵਧ ਰਹੇ ਹਨ। ਇਸ ਦੇ ਉਲਟ ਭਾਰਤ ਵਿੱਚ ਔਸਤਨ ਉਮਰ ਥੱਲੇ ਵੱਲ ਜਾ ਰਹੀ ਹੈ। ਇਸ ਦਾ ਮਤਲਬ ਕੰਮ ਕਰਨ ਵਾਲਿਆਂ ਦੀ ਵੱਡੀ ਗਿਣਤੀ ਭਾਰਤ ਵਿੱਚ ਹੋਵੇਗੀ। ਕੈਨੇਡਾ ਸਣੇ ਸਾਰੇ ਪੱਛਮੀ ਮੁਲਕਾਂ ਦੀਆਂ ਨਜ਼ਰਾਂ ਭਾਰਤ 'ਤੇ ਹਨ। ਅੰਗਰੇਜ਼ੀ ਬੋਲਣ ਵਾਲੇ ਜਵਾਨ ਲੋਕਾਂ ਦਾ ਵੱਡਾ ਭੰਡਾਰ ਭਾਰਤ ਵਿੱਚ ਹੈ। ਇੰਟਰਨੈਸ਼ਨਲ ਸਟੂਡੈਂਟਸ ਦੇ ਨਾਂ ਹੇਠਾਂ ਕੈਨੇਡਾ ਵੱਲੋਂ ਚਲਾਇਆ ਇਮੀਗ੍ਰੇਸ਼ਨ ਪ੍ਰੋਗਰਾਮ ਦਰਅਸਲ ਬਿਜ਼ਨਸ ਕਮਿਊਨਿਟੀ ਦੀਆਂ ਲੇਬਰ ਲੋੜਾਂ ਪੂਰੀਆਂ ਕਰ ਰਿਹਾ ਹੈ। ਇਸ ਦੇ ਨਾਲ ਹੀ ਪ੍ਰਾਈਵੇਟ ਤੇ ਪਬਲਿਕ ਸੰਸਥਾਵਾਂ ਲਈ ਇਹ ਪ੍ਰੋਗਰਾਮ ਸੋਨੇ ਦੀ ਖਾਨ ਬਣਿਆ ਹੋਇਆ ਹੈ। ਉਨ੍ਹਾਂ ਨੂੰ ਬਾਹਰੋਂ ਆਏ ਸਟੂਡੈਂਟ ਕੈਨੇਡੀਅਨ ਸਟੂਡੈਂਟਸ ਨਾਲੋਂ ਚਾਰ ਗੁਣਾ ਵੱਧ ਫੀਸ ਦਿੰਦੇ ਹਨ ਤੇ ਵਕਤੀ ਵੀਜ਼ੇ ਤੇ ਆਏ ਕਾਮਿਆਂ ਨੂੰ ਕੈਨੇਡੀਅਨ ਬਿਜ਼ਨਸ ਵੱਲੋਂ ਦਿਨ-ਦਿਹਾੜੇ ਸ਼ਰੇਆਮ ਲੁੱਟਿਆ ਜਾ ਰਿਹਾ ਹੈ ਜੋ ਵਿਚਾਰੇ ਰੋਣ ਜੋਗੇ ਵੀ ਨਹੀਂ। ਇਸ ਵਕਤ ਕੈਨੇਡਾ ਵਿੱਚ ਨੌਂ ਲੱਖ ਇੰਟਰਨੈਸ਼ਨਲ ਸਟੂਡੈਂਟ ਸਟੱਡੀ ਕਰ ਰਹੇ ਹਨ ਜਿਨ੍ਹਾਂ ਵਿੱਚੋਂ ਚਾਲੀ ਫ਼ੀਸਦੀ ਭਾਰਤ ਤੋਂ ਆਏ ਹੋਏ ਹਨ। ਵਕਤੀ ਕਾਮਿਆਂ ਦੀ ਗਿਣਤੀ ਲੱਖਾਂ ਵਿਚ ਹੈ। ਸਰਕਾਰ ਨੂੰ ਇਸ ਵਕਤ ਅੰਕੜੇ ਦੱਸਣੇ ਮੁਸ਼ਕਲ ਲੱਗਦੇ ਹਨ। ਸਰਕਾਰ ਨੇ ਇੱਕ ਜਵਾਬ ਵਿੱਚ ਇਹ ਗਿਣਤੀ 25 ਲੱਖ ਦੱਸੀ ਹੈ ਪਰ ਕੈਨੇਡੀਅਨ ਬੈਂਕ ਸੀਆਈਬੀਸੀ ਦੇ ਮੁੱਖ ਅਰਥ ਸ਼ਾਸਤਰੀ ਨੇ ਪਾਰਲੀਮੈਂਟ ਦੀ ਇਕ ਕਮੇਟੀ ਨੂੰ ਦੱਸਿਆ ਕਿ ਸਰਕਾਰ ਦੇ ਅੰਕੜੇ ਦਸ ਲੱਖ ਲੋਕਾਂ ਦੀ ਗਿਣਤੀ ਨਹੀਂ ਕਰ ਰਹੇ ਕਿਉਂਕਿ ਸਰਕਾਰ ਇਹ ਸਮਝਦੀ ਹੈ ਕਿ ਜਿਸ ਦਾ ਵੀਜ਼ਾ ਖ਼ਤਮ ਹੋ ਗਿਆ, ਉਹ ਚਲਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸਾਡੀ ਗਿਣਤੀ ਮੁਤਾਬਕ ਕੈਨੇਡਾ ਵਿੱਚ ਪੈਂਤੀ ਲੱਖ ਗ਼ੈਰ-ਪਰਵਾਸੀ ਬੈਠੇ ਹਨ ਜਿਨ੍ਹਾਂ ਵਿੱਚ ਢਾਈ ਲੱਖ ਇੰਟਰਨੈਸ਼ਨਲ ਸਟੂਡੈਂਟ ਹਨ ਜਿਨ੍ਹਾਂ ਕੋਲ ਕੋਈ ਵੀਜ਼ਾ ਨਹੀਂ, ਭਾਵ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਚੁੱਕੀ ਹੈ। ਸਰਕਾਰ ਇੱਕ ਪਾਸੇ ਤਾਂ ਡੈਮੋਗ੍ਰਾਫਰਾਂ, ਬਿਜ਼ਨਸ, ਕਾਲਜਾਂ ਤੇ ਯੂਨੀਵਰਸਟੀਆਂ ਅਤੇ ਨਵੇਂ ਪਰਵਾਸੀ ਭਾਈਚਾਰਿਆਂ ਨੂੰ ਖ਼ੁਸ਼ ਕਰਨ ਲਈ ਕਹਿ ਰਹੀ ਹੈ ਕਿ ਅਸੀਂ ਹਰ ਸਾਲ ਪੰਜ ਲੱਖ ਪਰਵਾਸੀ ਜ਼ਰੂਰ ਲਿਆਵਾਂਗੇ, ਦੂਸਰੇ ਪਾਸੇ ਲੋਕ ਰਾਇ ਤੋਂ ਡਰਦਿਆਂ ਸਰਕਾਰ ਨਵੀਆਂ ਨੀਤੀਆਂ ਐਲਾਨ ਰਹੀ ਹੈ। ਇਸ ਅਕਾਦਮਿਕ ਸਾਲ ਵਿੱਚ ਭਾਰਤ ਵਿੱਚੋਂ ਆਉਣ ਵਾਲੇ ਸਟੂਡੈਂਟਸ ਦੇ ਸਟੱਡੀ ਪਰਮਿਟ 86 ਫ਼ੀਸਦੀ ਘੱਟ ਹਨ। ਇਸ ਦਾ ਭਾਂਡਾ ਮੰਤਰੀ ਨੇ ਭਾਰਤ ਵੱਲੋਂ ਕੈਨੇਡਾ ਦੇ ਇਕਤਾਲੀ ਡਿਪਲੋਮੈਟਸ ਕੱਢਣ ਸਿਰ ਭੰਨਿਆ ਹੈ ਜਦਕਿ ਵੀਜ਼ਾ ਪ੍ਰੋਸੈਸਿੰਗ ਮਸ਼ੀਨਾਂ ਕਰਦੀਆਂ ਹਨ। ਕੈਨੇਡੀਅਨ ਸਰਕਾਰ ਨੇ ਅਗਲੇ ਦੋ ਸਾਲਾਂ ਲਈ ਇੰਟਰਨੈਸ਼ਨਲ ਸਟੂਡੈਂਟਸ 'ਤੇ ਪੈਂਤੀ ਫ਼ੀਸਦੀ ਕੱਟ ਵੀ ਲਗਾ ਦਿੱਤਾ ਹੈ ਜਿਸ ਦਾ ਅਸਰ ਪੋਸਟ ਗ੍ਰੈਜੂਏਟ ਅਤੇ ਪੀਐੱਚਡੀ ਸਟੂਡੈਂਟਸ ਅਤੇ ਪ੍ਰਾਇਮਰੀ ਤੇ ਹਾਈ ਸਕੂਲਾਂ ਦੇ ਸਟੂਡੈਂਟਸ ਉੱਤੇ ਨਹੀਂ ਪਵੇਗਾ। ਪੋਸਟ ਗ੍ਰੈਜੂਏਟ ਅਤੇ ਪੀਐੱਚਡੀ ਸਟੂਡੈਂਟਸ ਦੇ ਪਤੀ-ਪਤਨੀ ਨੂੰ ਵਰਕ-ਪਰਮਿਟ ਵੀ ਮਿਲਦਾ ਰਹੇਗਾ। ਭਾਵ ਲਿਬਰਲ ਸਰਕਾਰ ਨੇ ਹਾਰਨ ਤੋਂ ਪਹਿਲਾਂ ਹੀ ਅਗਲੀ ਸਰਕਾਰ ਅੱਗੇ ਇੱਕ ਚੈਲੇਂਜ ਖੜ੍ਹਾ ਕਰ ਦਿੱਤਾ ਹੈ। ਲੋਕ ਰਾਇ ਦਾ ਪਰਵਾਸੀਆਂ ਦੇ ਖ਼ਿਲਾਫ਼ ਹੋਣਾ ਕੈਨੇਡੀਅਨ ਹਾਊਸਿੰਗ ਪਾਲਿਸੀ ਨਾਲ ਜ਼ਿਆਦਾ ਸਬੰਧ ਰੱਖਦਾ ਹੈ।

ਰਹਿਣ ਵਾਲੇ ਘਰ ਤੇ ਅਪਾਰਟਮੈਂਟ ਲਗਾਤਾਰ ਲੋਕਲ ਸਰਕਾਰਾਂ ਦੀ ਬੇਧਿਆਨੀ, ਵਧ ਰਹੀਆਂ ਫੀਸਾਂ ਤੇ ਰੈਗੂਲੇਸ਼ਨਾਂ ਕਾਰਨ ਘੱਟ ਸਪਲਾਈ ਵਿਚ ਹਨ ਤੇ ਆਬਾਦੀ ਵੱਲੋਂ ਵਧੀ ਮੰਗ ਕਾਰਨ ਪਹੁੰਚੋਂ ਬਾਹਰ ਹੋ ਚੁੱਕੇ ਹਨ। ਚੋਣਾਂ ਨਜ਼ਦੀਕ ਹੋਣ ਕਾਰਨ ਸਰਕਾਰ ਨੂੰ ਹਰ ਪਾਸਾ ਖ਼ੁਸ਼ ਰੱਖਣ ਲਈ ਦੂਸਰਿਆਂ ਵੱਲ ਉਂਗਲੀਆਂ ਕਰਨੀਆਂ ਹੀ ਪੈਂਦੀਆਂ ਹਨ। ਬਿਜ਼ਨਸ ਨੂੰ ਲਗਾਤਾਰ ਲੇਬਰ ਸਪਲਾਈ ਦੀ ਚਿੰਤਾ ਹੈ ਤੇ ਨਾਲ ਹੀ ਬਹੁਤੇ ਲੋਕਾਂ ਵੱਲੋਂ ਉਨ੍ਹਾਂ ਦੀਆਂ ਵਸਤਾਂ ਜ਼ਿਆਦਾ ਖ਼ਰੀਦਣ ਦਾ ਲਾਲਚ ਹੈ। ਕਾਲਜਾਂ ਤੇ ਯੂਨੀਵਰਸਿਟੀਆਂ ਦੇ ਮੂੰਹ ਨੂੰ ਅੰਤਾਂ ਦਾ ਪੈਸਾ ਲੱਗ ਚੁੱਕਾ ਹੈ ਜਿਸ ਨਾਲ ਸੂਬਿਆਂ ਦੀਆਂ ਸਰਕਾਰਾਂ ਵੀ ਖ਼ੁਸ਼ ਹਨ ਕਿਉਂਕਿ ਪੋਸਟ ਸੈਕੰਡਰੀ ਪੜ੍ਹਾਈ ਦਾ ਖ਼ਰਚਾ ਇੰਟਰਨੈਸ਼ਨਲ ਸਟੂਡੈਂਟ ਚੁੱਕ ਰਹੇ ਹਨ।

ਸੂਬਾ ਅਤੇ ਕੇਂਦਰੀ ਸਰਕਾਰਾਂ 'ਹਾਊਸਿੰਗ' ਦੇ ਨਾਲ-ਨਾਲ ਸਿਹਤ ਸੇਵਾਵਾਂ ਪ੍ਰਦਾਨ ਕਰਨ ਤੋਂ ਵੀ ਅਸਮਰੱਥ ਹਨ। ਕੋਰੋਨਾ ਕਾਲ ਸਮੇਂ ਕੈਨੇਡਾ ਦਾ ਸਰਕਾਰੀ ਸਿਹਤ ਸਿਸਟਮ ਜਿਸ ਰਫ਼ਤਾਰ ਨਾਲ ਢਹਿ-ਢੇਰੀ ਹੋਇਆ, ਉਸ ਨੇ ਕੈਨੇਡੀਅਨ ਲੋਕਾਂ ਨੂੰ ਇਸ ਸਿਸਟਮ ਦਾ ਬਦਲ ਲੱਭਣ ਲਈ ਸੋਚਣ ਲਾ ਦਿੱਤਾ ਹੈ। ਇਮੀਗ੍ਰੈਂਟਸ ਸਭ ਤੋਂ ਪਹਿਲਾਂ ਸ਼ਿਕਾਰ ਹੁੰਦੇ ਹਨ। ਹੁਣ ਕੈਨੇਡੀਅਨ ਸਰਕਾਰ ਲਗਾਤਾਰ ਮਾਂ-ਬਾਪ ਦੀਆਂ ਅਰਜ਼ੀਆਂ ਘਟਾ ਰਹੀ ਹੈ। ਚੋਣਾਂ ਵੇਲੇ ਥੋੜ੍ਹੇ ਸਮੇਂ ਲਈ ਕੁਝ ਵਾਅਦੇ ਕੀਤੇ ਜਾਂਦੇ ਹਨ ਪਰ ਚੋਣਾਂ ਤੋਂ ਬਾਅਦ ਵਾਅਦਿਆਂ 'ਤੇ ਮਿੱਟੀ ਪਾਉਣ ਦੀ ਤਰਕੀਬ ਹਰ ਸਰਕਾਰ ਨੂੰ ਆਉਂਦੀ ਹੈ। ਚੋਣਾਂ ਲਾਗੇ ਹਨ ਤੇ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਤਿਹਾਸ ਦੀ ਰੱਦੀ ਵਾਲੀ ਟੋਕਰੀ ਵੱਲ ਵਧ ਰਹੇ ਹਨ। ਚੋਣਾਂ ਤੋਂ ਬਾਅਦ ਸਰਕਾਰ ਬਦਲਣ ਨਾਲ ਇਮੀਗ੍ਰੇਸ਼ਨ ਪਾਲਿਸੀ ਵਿੱਚ ਹੋਰ ਉਤਰਾਅ-ਚੜ੍ਹਾਅ ਆਉਣ ਵਾਲੇ ਹਨ।

# ਭਾਰਤ ਦੀ ਆਰਥਿਕਤਾ ਅਤੇ ਅੰਤਰਿਮ ਬਜਟ

ਸੁੱਚਾ ਸਿੰਘ ਗਿੱਲ
98550-82857




ਦੇਸ਼ ਦਾ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕਰਨ ਦੀ ਪ੍ਰਥਾ ਪਿਛਲੇ ਕੁਝ ਸਾਲਾਂ ਤੋਂ ਚਲ ਰਹੀ ਹੈ। ਐਤਕੀਂ ਵੀ ਬਜਟ ਇੱਕ ਫਰਵਰੀ ਨੂੰ ਪੇਸ਼ ਕੀਤਾ ਗਿਆ ਪਰ ਇਹ ਬਜਟ ਪੂਰੇ ਸਾਲ ਦਾ ਨਹੀਂ ਸਗੋਂ ਕੁਝ ਮਹੀਨਿਆਂ ਦਾ ਅੰਤਰਿਮ ਬਜਟ ਹੈ। ਅੰਤਰਿਮ ਬਜਟ ਇਸ ਕਰ ਕੇ ਪੇਸ਼ ਕੀਤਾ ਗਿਆ ਹੈ ਕਿ ਕੁਝ ਮਹੀਨਿਆਂ ਤੱਕ ਲੋਕ ਸਭਾ ਚੋਣਾਂ ਹੋਣੀਆਂ ਹਨ। ਚੋਣ ਨਤੀਜਿਆਂ ਤੋਂ ਬਾਅਦ ਨਵੀਂ ਸਰਕਾਰ ਬਣੇਗੀ, ਫਿਰ ਰਹਿੰਦੇ ਵਿੱਤੀ ਸਾਲ 2024-25 ਦਾ ਬਜਟ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ।

**ਆਰਥਿਕਤਾ ਦੀ ਦਸ਼ਾ**

ਅੰਤਰਿਮ ਬਜਟ ਦੀ ਮਹੱਤਤਾ ਇਹ ਹੈ ਕਿ ਇਸ ਤੋਂ ਦੇਸ਼ ਦੀ ਆਰਥਿਕਤਾ ਦੀ ਦਸ਼ਾ ਦੇ ਅੰਦਾਜ਼ੇ ਸਾਹਮਣੇ ਆ ਗਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ 2023-24 ਵਿੱਚ ਆਰਥਿਕ ਵਿਕਾਸ ਦੀ ਸਾਲਾਨਾ ਵਿਕਾਸ ਅਧਿਕਾਰਤ ਤੌਰ ਕੀ ਰਹੀ ਹੈ। ਪਿਛਲੇ ਬਜਟ ਵਿੱਚ ਆਰਥਿਕਤਾ ਦੇ ਵੱਖ- ਵੱਖ ਸੈਕਟਰਾਂ ਨੂੰ ਬਜਟ ਵਿੱਚ ਅਲਾਟ ਕੀਤੇ ਸਾਧਨਾਂ ਵਿਚੋਂ ਕਿੰਨੇ ਖਰਚੇ ਗਏ ਹਨ। ਇਸ ਤੋਂ ਇਲਾਵਾ ਇਹ ਵੀ ਇਲਮ ਹੋ ਗਿਆ ਹੈ ਕਿ ਸਰਕਾਰ ਟੈਕਸ ਅਤੇ ਗੈਰ-ਟੈਕਸਾਂ ਤੋਂ ਵਿੱਤੀ ਸਾਧਨ ਇਕੱਠੇ ਕਰਨ ਵਿਚ ਕਿਥੋਂ ਤੱਕ ਸਫ਼ਲ ਰਹੀ ਹੈ।

ਦੇਸ਼ ਦੀ ਆਰਥਿਕਤਾ ਦੀ ਦਸ਼ਾ ਬਾਰੇ ਸਰਕਾਰ ਦੇ ਦਾਅਵੇ ਅਤੇ ਨਿਰਪੱਖ ਸੰਸਥਾਵਾਂ ਦੇ ਅੰਕੜੇ ਮੇਲ ਨਹੀਂ ਖਾਂਦੇ। ਵਿੱਤ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਦੇਸ਼ ਦੀ ਕੁੱਲ ਆਮਦਨ ਦੀ ਵਿਕਾਸ ਦਰ 2023-24 ਦੌਰਾਨ ਸਾਲਾਨਾ 7.3% ਪ੍ਰਾਪਤ ਹੋਣ ਬਾਰੇ ਬਿਆਨ ਦੇ ਰਹੇ ਹਨ ਪਰ ਮੁੰਬਈ ਆਧਾਰਿਤ ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ ਦੇ ਅੰਕੜੇ ਆਮਦਨ ਵਿਕਾਸ ਦਰ 6% ਦੇ ਆਸਪਾਸ ਰਹਿਣ ਬਾਰੇ ਜਾਣਕਾਰੀ ਦੇ ਰਹੇ ਹਨ। ਕੌਮਾਂਤਰੀ ਮੁਦਰਾ ਕੋਸ਼ ਦੇ ਅੰਕੜੇ 2023 ਦੇ ਸਾਲ ਵਿੱਚ ਵਿਕਾਸ ਦਰ 6.3% ਤੱਕ ਸੀਮਤ ਰੱਖ ਰਹੇ ਹਨ। ਇਸ ਵਿਕਾਸ ਦੇ ਬਾਵਜੂਦ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਕਾਫੀ ਵਧਦੀ ਨਜ਼ਰ ਆਉਂਦੀਹੈ। ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕੌਨਮੀ ਅਨੁਸਾਰ, ਬੇਰੁਜ਼ਗਾਰੀ ਦੀ ਦਰ 10% ਤੋਂ ਵੱਧ ਹੋ ਗਈ ਹੈ। ਸੰਸਾਰ ਬੈਂਕ ਵੀ ਅਜਿਹੇ ਅੰਕੜੇ (7.3%) ਪੇਸ਼ ਕਰ ਰਿਹਾ ਹੈ ਪਰ ਸਰਕਾਰ ਲੋਕਾਂ ਨੂੰ ਬੇਰੁਜ਼ਗਾਰੀ ਬਹੁਤ ਘਟਾ ਕੇ (3.2%) ਦੱਸ ਰਹੀ ਹੈ। ਕੌਮਾਂਤਰੀ ਕਿਰਤ ਸੰਸਥਾ (ਇੰਟਰਨੈਸ਼ਨਲ ਲੇਬਰ ਆਰਗਨਾਈਜੇਸ਼ਨ) ਦੇ ਅੰਕੜਿਆਂ ਅਨੁਸਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਖ਼ਤਰਨਾਕ ਪੱਧਰ (22%) 'ਤੇ ਪਹੁੰਚ ਗਈ ਹੈ। ਇਸ ਬਾਰੇ ਸਰਕਾਰ ਬਿਲਕੁਲ ਚੁੱਪ ਵੱਟੀ ਬੈਠੀ ਹੈ। ਇਸ ਦੀ ਬਜਾਇ ਸਟਾਰਟਅਪ ਪ੍ਰੋਗਰਾਮ ਬਾਰੇ ਗੱਲ ਕਰਦਿਆਂ ਭੁਲੇਖੇ ਪਾ ਰਹੀ ਹੈ। ਅਸਲ ਵਿਚ ਸਰਕਾਰੀ ਤੌਰ 'ਤੇ ਬੇਰੁਜ਼ਗਾਰੀ ਠੱਲ੍ਹਣ ਲਈ ਕੋਈ ਠੋਸ ਯੋਜਨਾ ਪਿਛਲੇ ਦਸ ਸਾਲਾਂ ਵਿਚ ਨਹੀਂ ਬਣਾਈ ਗਈ। ਇਸ ਦੇ ਨਾਲ ਨਾਲ ਕੌਮਾਂਤਰੀ ਬੇਯਕੀਨੀ ਦੇ ਹਾਲਾਤ ਅਤੇ ਦੇਸ਼ ਦੇ ਅੰਦਰੂਨੀ ਕਾਰਨਾਂ ਕਰ ਕੇ ਕੀਮਤਾਂ ਵਿਚ ਵਾਧਾ ਆਮ ਲੋਕਾਂ ਦਾ ਕਚੂੰਮਰ ਕੱਢ ਰਿਹਾ ਹੈ।

ਸਰਕਾਰੀ ਅੰਕੜੇ ਦੱਸਦੇ ਹਨ ਕਿ ਖਾਧ ਪਦਾਰਥਾਂ ਦੀਆਂ ਕੀਮਤਾਂ ਹੁਣ 8% ਤੋਂ ਵੱਧ ਦੀ ਦਰ ਨਾਲ ਵਧ ਰਹੀਆਂ ਹਨ। ਸਬਜ਼ੀਆਂ ਅਤੇ ਫਲ ਮੱਧ ਵਰਗ ਵਾਸਤੇ ਖਰੀਦਣੇ ਮੁਸ਼ਕਿਲ ਹੋ ਗਏ ਹਨ, ਗਰੀਬ ਵਸੋਂ ਦੀ ਪਹੁੰਚ ਤੋਂ ਦੂਰ ਹੋ ਗਏ ਹਨ। ਪ੍ਰਧਾਨ ਮੰਤਰੀ ਦੇ ਬਿਆਨ ਅਨੁਸਾਰ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਅਗਲੇ ਪੰਜ ਸਾਲਾਂ ਦੌਰਾਨ ਦਿੱਤਾ ਜਾਵੇਗਾ। ਇਹ ਦੇਸ਼ ਦੀ ਕੁੱਲ ਆਬਾਦੀ ਦਾ 57% ਬਣਦਾ ਹੈ। ਮਤਲਬ, ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਗਰੀਬ ਹੈ। ਇਸ ਆਬਾਦੀ ਨੂੰ ਸਰਕਾਰੀ ਮਦਦ ਨਾ ਦਿੱਤੀ ਜਾਵੇ ਤਾਂ ਭੁਖਮਰੀ ਦਾ ਸ਼ਿਕਾਰ ਹੋ ਸਕਦੀ ਹੈ। ਆਬਾਦੀ ਦੇ ਇੰਨੇ ਵੱਡੇ ਹਿੱਸੇ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਅਜੇ ਸਰਕਾਰ ਕੋਲ ਕੋਈ ਠੋਸ ਪ੍ਰੋਗਰਾਮ ਜਾਂ ਯੋਜਨਾ ਨਹੀਂ। ਇਸ ਨੂੰ ਇਕਲੌਤੀ ਵਿਕਾਸ ਦੀ ਦਰ ਹੱਲ ਨਹੀਂ ਕਰ ਸਕਦੀ। ਮੌਜੂਦਾ ਆਰਥਿਕ ਵਿਕਾਸ ਦੀ ਦਰ ਆਮ ਲੋਕਾਂ ਦੀ ਆਮਦਨ ਨਹੀਂ ਵਧਾ ਰਹੀ। ਇਸ ਦਾ ਫਾਇਦਾ ਥੋੜ੍ਹੇ ਜਿਹੇ ਕਾਰਪੋਰੇਟ ਘਰਾਣਿਆਂ ਨੂੰ ਹੀ ਹੋ ਰਿਹਾ ਹੈ। ਦੇਸ਼ ਵਿੱਚ ਆਮਦਨ ਅਤੇ ਦੌਲਤ ਦੀ ਵੰਡ ਕਾਫ਼ੀ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਸੰਸਾਰ ਨਾਬਰਾਬਰੀ ਰਿਪੋਰਟ-2022 ਮੁਤਾਬਕ ਭਾਰਤ ਦੇ ਉਪਰਲੇ 10% ਅਮੀਰਾਂ ਕੋਲ 57% ਆਮਦਨ ਅਤੇ 64.6% ਦੌਲਤ ਇਕੱਠੀ ਹੋ ਗਈ ਹੈ। ਦੂਜੇ ਪਾਸੇ 50% ਹੇਠਲੇ ਗਰੀਬ ਲੋਕਾਂ ਕੋਲ 13% ਆਮਦਨ ਅਤੇ 5.9% ਦੌਲਤ ਰਹਿ ਗਈ ਹੈ। ਇਸ ਕਰ ਕੇ ਆਮ ਖਪਤ ਦੀ ਮੰਗ ਧੀਮੀ ਗਤੀ ਨਾਲ ਵਧਣ ਨਾਲ ਆਰਥਿਕ ਵਿਕਾਸ ਦੀ ਗਤੀ ਧੀਮੀ ਹੋ ਸਕਦੀ ਹੈ। ਅਸੰਗਠਿਤ ਖੇਤਰ, ਖਾਸ ਕਰ ਕੇ ਕਿਸਾਨੀ ਅਤੇ ਖੇਤੀ, ਸੰਕਟ ਦਾ ਸਿ ?ਕਾਰ ਹਨ। ਕਿਸਾਨ ਅਤੇ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਗੈਰ-ਸਰਕਾਰੀ ਸੰਸਥਾ ਪ੍ਰਥਮ ਨੇ ਸਕੂਲ ਸਿੱਖਿਆ ਦੀ ਗੁਣਵੱਤਾ ਬਾਰੇ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਪ੍ਰੇਸ਼ਾਨ ਕਰਨ ਵਾਲੇ ਹਨ। ਇਨ੍ਹਾਂ ਅੰਕੜਿਆਂ ਅਨੁਸਾਰ 14 ਤੋਂ 18 ਸਾਲ ਵਰਗ ਵਾਲੇ ਬੱਚਿਆਂ ਵਿਚੋਂ 25% ਦੂਜੀ ਜਮਾਤ ਦੀ ਕਿਤਾਬ ਮਾਤਭਾਸ਼ਾ ਵਿੱਚ ਨਹੀਂ ਪੜ੍ਹ ਸਕਦੇ। ਅੰਗਰੇਜ਼ੀ ਪੜ੍ਹਨ ਵਿੱਚ ਇਸ ਤੋਂ ਵੀ ਬੁਰਾ ਹਾਲ ਹੈ। ਇਸ ਉਮਰ ਦੇ 43% ਬੱਚੇ ਅੰਗਰੇਜ਼ੀ ਦਾ ਫਿਕਰਾ ਵੀ ਨਹੀਂ ਪੜ੍ਹ ਸਕਦੇ। ਇਹ ਬੱਚੇ 9ਵੀਂ ਅਤੇ 10ਵੀਂ ਜਮਾਤ ਵਿੱਚ ਪੜ੍ਹ ਰਹੇ ਹਨ। ਗਣਿਤ ਵਿੱਚ ਇਸ ਤੋਂ ਵੀ ਮਾੜੀ ਹਾਲਤ ਹੈ, ਉਨ੍ਹਾਂ ਨੂੰ ਸਾਧਾਰਨ ਰਕਮ ਨੂੰ ਤਕਸੀਮ ਕਰਨਾ ਵੀ ਨਹੀਂ ਆਉਂਦਾ। ਕੌਮੀ ਸਿਹਤ ਤੇ ਪਰਿਵਾਰ ਸਰਵੇਖਣ ਦੇ ਤਾਜ਼ਾ ਅੰਕੜੇ ਲੋਕਾਂ ਦੀ ਸਿਹਤ, ਖਾਸ ਕਰ ਕੇ ਪੇਂਡੂ ਔਰਤਾਂ ਤੇ ਬੱਚਿਆਂ ਦੀ ਮਾੜੀ ਤਸਵੀਰ ਪੇਸ਼ ਕਰਦੇ ਹਨ। ਆਰਥਿਕਤਾ ਦੀ ਦਸ਼ਾ ਮੰਗ ਕਰਦੀ ਹੈ ਕਿ ਵਿਕਾਸ ਮਾਡਲ ਨੂੰ ਕਾਰਪੋਰੇਟ ਪੱਖੀ ਤੋਂ ਬਦਲ ਕੇ ਲੋਕ ਪੱਖੀ ਬਣਾਇਆ ਜਾਵੇ।

**ਬਜਟ ਦੀ ਦਿਸ਼ਾ**

ਆਰਥਿਕਤਾ ਦੀ ਦਸ਼ਾ ਮੰਗ ਕਰਦੀ ਹੈ ਕਿ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਲੁਕਾਉਣ ਦੀ ਬਜਾਇ ਤਸਲੀਮ ਕਰ ਲਿਆ ਜਾਵੇ ਅਤੇ ਇਨ੍ਹਾਂ ਦੇ ਹੱਲ ਵਾਸਤੇ ਠੋਸ ਕਦਮ ਚੁੱਕੇ ਜਾਣ। ਇਸ ਕਾਰਜ ਲਈ ਬਜਟ ਵਿੱਚ ਖਾਸ ਪ੍ਰੋਗਰਾਮ ਉਲੀਕੇ ਜਾਣ ਅਤੇ ਉਨ੍ਹਾਂ ਵਾਸਤੇ ਲੋੜੀਂਦੇ ਫੰਡਾਂ ਦਾ ਬੰਦੋਬਸਤ ਕੀਤਾ ਜਾਵੇ। ਇਵੇਂ ਹੀ ਟੈਕਸ ਲਗਾਉਣ ਅਤੇ ਇਕੱਠੇ ਕਰਨ ਲਈ ਉਨ੍ਹਾਂ ਲੋਕਾਂ ਤੋਂ ਉਗਰਾਹੀ ਕੀਤੀ ਜਾਵੇ ਜਿਨ੍ਹਾਂ ਕੋਲ ਆਮਦਨ ਅਤੇ ਦੌਲਤ ਇਕੱਠੀ ਹੋ ਗਈ ਹੈ। ਇਸ ਨਜ਼ਰੀਏ ਤੋਂ ਵਿਚਾਰ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਮੌਜੂਦਾ ਅੰਤਰਿਮ ਬਜਟ ਦੀ ਦਿਸ਼ਾ ਕੀ ਹੈ। ਪਿਛਲੇ ਸਾਲ (2023-24) ਦੇ ਬਜਟ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਆਪਣਾ ਖਰਚਾ ਚਲਾਉਣ ਵਾਸਤੇ ਕਾਫੀ ਪੈਸੇ ਉਧਾਰ ਲੈ ਕੇ ਕੰਮ ਚਲਾਉਣਾ ਪੈ ਰਿਹਾ ਹੈ। ਕੁੱਲ ਬਜਟ ਦਾ 34% ਖਰਚਾ ਉਧਾਰ ਲੈ ਕੇ ਕਰਨ ਬਾਰੇ ਅੰਦਾਜ਼ੇ ਪੇਸ਼ ਕੀਤੇ ਗਏ ਸਨ। ਅਸਿੱਧੇ ਕਰ ਜਿਵੇਂ ਜੀਐੱਸਟੀ, ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ ਤੋਂ 28% ਇੱਕਠੇ ਕਰਨ ਦਾ ਅਨੁਮਾਨ ਪੇਸ਼ ਕੀਤਾ ਗਿਆ ਸੀ। ਮੱਧ ਵਰਗ ਤੋਂ ਆਮਦਨ ਕਰ ਅਤੇ ਕਾਰਪੋਰੇਟ ਆਮਦਨ ਕਰ ਤੋਂ ਕ੍ਰਮਵਾਰ 15%-15% ਇਕੱਠਾ ਕਰਨਾ ਸੀ। ਕਾਰਪੋਰੇਟ ਘਰਾਣਿਆਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 40% ਤੋਂ ਵੱਧ ਹਿੱਸਾ ਹਰ ਸਾਲ ਚਲਾ ਜਾਂਦਾ ਹੈ ਪਰ ਟੈਕਸ ਲਗਾਉਣ ਸਮੇਂ ਇਨ੍ਹਾਂ ਨੂੰ ਛੋਟਾਂ ਅਤੇ ਰਿਆਤਾਂ ਦਿੱਤੀਆਂ ਜਾਂਦੀਆਂ ਹਨ। ਖਰਚ ਕਰਦੇ ਸਮੇਂ 20% ਬਜਟ ਵਿਆਜ ਅਦਾ ਕਰਨ 'ਤੇ ਚਲਾ ਜਾਂਦਾ ਹੈ। ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਮੁਆਫ਼ ਕੀਤੇ ਜਾਂਦੇ ਹਨ।

(ਬਾਕੀ ਸਫ਼ਾ 31 'ਤੇ)

# ਯੂ.ਪੀ. 'ਚ ਬਸਪਾ ਨਾਲ ਗੱਠਜੋੜ ਹੋਏ ਬਿਨਾਂ ਸਮਾਜਵਾਦੀ ਪਾਰਟੀ ਦੀ ਰਾਹ ਸੌਖੀ ਨਹੀਂ



**ਅਭੈ ਦੂਬੇ**
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਜੇਕਰ ਕਾਂਗਰਸ ਨੇ ਮਨਜ਼ੂਰ ਕਰ ਲਿਆ ਤਾਂ ਇੰਝ ਲੱਗਦਾ ਹੈ ਕਿ ਉੱਤਰ ਪ੍ਰਦੇਸ਼ 'ਚ ਵਿਰੋਧੀ ਗੱਠਜੋੜ ਦੇ ਖੇਤਰੀ ਦਲਾਂ ਵਿਚਾਲੇ ਸੀਟਾਂ ਦਾ ਤਾਲਮੇਲ ਹੋ ਗਿਆ ਹੈ। ਇਸ ਦੇ ਮੁਤਾਬਿਕ ਕਾਂਗਰਸ ਲਈ ਸਮਾਜਵਾਦੀ ਪਾਰਟੀ ਨੇ 11 ਸੀਟਾਂ ਛੱਡੀਆਂ ਹਨ ਅਤੇ ਰਾਸ਼ਟਰੀ ਲੋਕ ਦਲ ਲਈ 7। ਜੈਅੰਤ ਚੌਧਰੀ ਦਾ ਰਾਸ਼ਟਰੀ ਲੋਕ ਦਲ ਸਪਾ ਦਾ ਇਹ ਪ੍ਰਸਤਾਵ ਪਹਿਲਾਂ ਤੋਂ ਹੀ ਮੰਨ ਚੁੱਕਾ ਹੈ। ਭਾਵ 62 ਸੀਟਾਂ 'ਤੇ ਸਪਾ ਖ਼ੁਦ ਲੜੇਗੀ। ਬਹੁਜਨ ਸਮਾਜ ਪਾਰਟੀ ਵਿਰੋਧੀ ਗੱਠਜੋੜ ਵਿਚ ਆਉਣ ਲਈ ਤਿਆਰ ਨਹੀਂ ਸੀ। ਜੇਕਰ ਮਾਇਆਵਤੀ ਨੇ ਫ਼ਰਵਰੀ ਦੇ ਆਖ਼ਰੀ ਹਫ਼ਤੇ ਤੱਕ ਆਪਣੇ ਰਵੱਈਏ 'ਤੇ ਮੁੜ ਵਿਚਾਰ ਨਾ ਕੀਤਾ ਤਾਂ ਰਾਜਨੀਤਿਕ ਸਥਿਤੀਆਂ ਇਸੇ ਤਰ੍ਹਾਂ ਹੀ ਰਹਿਣਗੀਆਂ। ਪਰ ਜੇਕਰ ਮਾਇਆਵਤੀ ਨੇ ਅਚਾਨਕ ਵਿਰੋਧੀ ਧਿਰ ਨਾਲ ਜਾਣ ਦਾ ਫ਼ੈਸਲਾ ਕਰ ਲਿਆ ਤਾਂ ਸੀਟਾਂ ਦਾ ਇਹ ਤਾਲਮੇਲ ਦੁਬਾਰਾ ਹੋਵੇਗਾ ਜਾਂ ਇਹ ਵੀ ਹੋ ਸਕਦਾ ਹੈ ਕਿ ਕਾਂਗਰਸ ਅਤੇ ਆਰ.ਐਲ.ਡੀ. ਦੀਆਂ ਸੀਟਾਂ ਦੀ ਗਿਣਤੀ ਇੰਨੀ ਹੀ ਬਣੀ ਰਹੇ ਅਤੇ ਸਪਾ 62 ਸੀਟਾਂ 'ਚੋਂ ਅੱਧੀਆਂ ਬਸਪਾ ਨੂੰ ਦੇ ਦੇਵੇ। ਜੋ ਵੀ ਹੋਵੇ, ਇਸ ਸਮੇਂ ਤਾਂ ਬਸਪਾ ਦੇ ਵਿਰੋਧੀ ਗੱਠਜੋੜ 'ਚ ਆਉਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ।

ਸਪਾ ਦੇ ਨੇਤਾ ਅਖਿਲੇਸ਼ ਯਾਦਵ ਨੇ ਦਾਅਵਾ ਕੀਤਾ ਹੈ ਕਿ ਇਹ ਗੱਠਜੋੜ ਉੱਤਰ ਪ੍ਰਦੇਸ਼ ਵਿੱਚ ਇਤਿਹਾਸ ਬਣਾ ਦੇਵੇਗਾ। ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦਾ 'ਪੀ.ਡੀ.ਏ.' ਫਾਰਮੂਲਾ (ਪੱਛੜਾ, ਦਲਿਤ ਅਤੇ ਘੱਟ-ਗਿਣਤੀਆਂ) ਭਾਜਪਾ ਨੂੰ ਹਰਾ ਸਕਦਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਨੇ ਆਪਣੀ ਯਾਦਵ ਬਰਾਦਰੀ ਦੀਆਂ 80 ਫ਼ੀਸਦੀ ਤੋਂ ਵਧੇਰੇ ਵੋਟਾਂ ਪ੍ਰਾਪਤ ਕੀਤੀਆਂ ਸਨ। ਮੁਸਲਮਾਨਾਂ ਨੇ ਵੀ ਉਨ੍ਹਾਂ ਨੂੰ ਅਸਾਧਾਰਨ ਸਮਰਥਨ ਦਿੱਤਾ ਸੀ। ਯਾਦਵਾਂ ਤੋਂ ਇਲਾਵਾ ਹੋਰ ਪੱਛੜੀਆਂ ਜਾਤੀਆਂ ਦੇ ਕੁਝ ਨੇਤਾ ਵੀ ਉਨ੍ਹਾਂ ਦੇ ਨਾਲ ਸਨ। ਇਸੇ ਕਾਰਨ ਉਹ ਪੱਛੜੀਆਂ ਜਾਤੀਆਂ ਦੀਆਂ ਵੋਟਾਂ ਦੇ ਇੱਕ ਹੱਦ ਤੱਕ ਏਕਤਾ ਬਣਾ ਸਕੇ ਸਨ। ਪਰ ਕੀ ਉਨ੍ਹਾਂ ਨੂੰ ਦਲਿਤ ਵੋਟਾਂ ਵੀ ਮਿਲੀਆਂ ਸਨ? ਸੀ.ਐਸ.ਡੀ.ਐਸ.-ਲੋਕਨੀਤੀ ਦੇ ਚੋਣਾਂ ਉਪਰੰਤ ਕੀਤੇ ਸਰਵੇਖਣ 'ਤੇ ਭਰੋਸਾ ਕਰੀਏ ਤਾਂ ਅਖਿਲੇਸ਼ ਨੂੰ ਜਾਟਵ ਵੋਟਾਂ ਨਾ-ਮਾਤਰ ਹੀ ਮਿਲੀਆਂ ਸਨ, ਪਰ ਗ਼ੈਰ-ਜਾਟਵ ਦਲਿਤਾਂ ਦੇ ਇੱਕ ਛੋਟੇ ਹਿੱਸੇ ਨੇ ਉਨ੍ਹਾਂ ਨੂੰ ਸਮਰਥਨ ਜ਼ਰੂਰ ਦਿੱਤਾ ਸੀ। ਉਨ੍ਹਾਂ ਦੀ ਰਣਨੀਤੀ ਦਾ ਮੁਕਾਬਲਾ ਕਰਨ ਲਈ ਭਾਜਪਾ ਦੀ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਕਈ ਮਹੀਨਿਆਂ ਤੱਕ ਅਖ਼ਬਾਰਾਂ ਅਤੇ ਟੀ.ਵੀ. 'ਤੇ ਸੈਂਕੜੇ ਕਰੋੜ ਰੁਪਏ ਦੇ ਇਸ਼ਤਿਹਾਰ ਦੇ ਕੇ ਸੂਬੇ ਦੇ ਆਰਥਿਕ ਵਿਕਾਸ ਦੇ ਬਹੁਤ ਦਾਅਵੇ ਕੀਤੇ ਸਨ। ਇੱਕ ਪਾਸੇ ਤਾਂ ਇਹ ਸਰਕਾਰ ਦਿਖਾ ਰਹੀ ਸੀ ਕਿ ਉਸ ਦੇ ਕਾਰਜਕਾਲ 'ਚ ਸੂਬੇ ਨੇ ਬੇਮਿਸਾਲ ਤਰੱਕੀ ਕੀਤੀ ਹੈ ਅਤੇ ਦੂਜੇ ਪਾਸੇ ਚੋਣ ਮੁਹਿੰਮ 'ਚ ਪਹਿਲੇ ਦਿਨ ਤੋਂ ਹੁਣ ਤੱਕ ਮੁੱਖ ਮੰਤਰੀ ਆਦਿੱਤਿਆਨਾਥ 'ਅਖਿਲੇਸ਼ ਦੇ ਅੱਬਾਜਾਨ', 'ਅੱਸੀ ਬਨਾਮ ਬੀਸ', 'ਮੁਗ਼ਲੋਂ ਸੇ ਸੰਘਰਸ਼ ਕੀ ਵਿਰਾਸਤ' ਜਿਹੇ ਜੁਮਲੇ ਵਰਤ ਰਹੇ ਸਨ। ਭਾਜਪਾ ਦੀ ਰਣਨੀਤੀ ਸਪੱਸ਼ਟ ਤੌਰ 'ਤੇ ਹਿੰਦੂਆਂ ਦੀ ਮੁਸਲਮਾਨ ਵਿਰੋਧੀ ਏਕਤਾ ਦੇ ਆਧਾਰ 'ਤੇ ਵੋਟਾਂ ਪ੍ਰਾਪਤ ਕਰਨ ਦੀ ਸੀ।

ਸਵਾਲ ਇਹ ਹੈ ਕਿ, ਕੀ ਅਖਿਲੇਸ਼ ਯਾਦਵ ਗ਼ੈਰ-ਭਾਜਪਾ ਪਾਰਟੀਆਂ, ਖ਼ਾਸਕਰ ਸਪਾ, ਦੇ ਪ੍ਰਸ਼ਾਸਨਿਕ ਕੰਮਾਂ ਅਤੇ ਵਿਕਾਸ ਦੇ ਰਿਕਾਰਡ ਦੇ ਦਮ 'ਤੇ ਆਮ ਵੋਟਰਾਂ ਤੋਂ ਸਮਰਥਨ ਪ੍ਰਾਪਤ ਕਰ ਸਕਦੇ ਹਨ? ਅਤੇ ਉੱਤਰ ਪ੍ਰਦੇਸ਼ ਦੀ ਮੌਜੂਦਾ ਸਰਕਾਰ ਦਾ ਇਸ ਸੰਬੰਧ 'ਚ ਰਿਕਾਰਡ ਕਿਹੋ ਜਿਹਾ ਹੈ? ਲਗਭਗ ਦੋ ਸਾਲ ਪਹਿਲਾਂ ਸੀਨੀਅਰ ਆਰਥਿਕ ਪੱਤਰਕਾਰ ਨੀਰਜ ਕੌਸ਼ਲ ਨੇ ਰਿਜ਼ਰਵ ਬੈਂਕ ਦੇ ਅੰਕੜਿਆਂ ਦੀ ਹੈਂਡਬੁੱਕ ਦਾ ਸਹਾਰਾ ਲੈ ਕੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਆਦਿੱਤਿਆਨਾਥ ਦੇ 2017 ਤੋਂ 2022 ਤੱਕ ਦੇ ਸ਼ਾਸਨਕਾਲ 'ਚ ਉੱਤਰ ਪ੍ਰਦੇਸ਼ ਦੀ ਆਰਥਿਕ ਹਾਲਤ ਕਿਹੋ ਜਿਹੀ ਰਹੀ ਸੀ? ਉਨ੍ਹਾਂ ਨੇ ਦਿਖਾਇਆ ਕਿ ਵੱਖ-ਵੱਖ ਸੂਬਿਆਂ ਵਿਚਾਲੇ ਤੁਲਨਾ ਕਰਨ 'ਤੇ ਉੱਤਰ ਪ੍ਰਦੇਸ਼ ਕਿੱਥੇ ਠਹਿਰਦਾ ਹੈ ਅਤੇ ਇਹ ਵੀ ਦੱਸਿਆ ਕਿ ਅਖ਼ਿਲੇਸ਼ ਯਾਦਵ ਦੀ 2012 ਤੋਂ 2017 ਤੱਕ ਚੱਲੀ ਸਰਕਾਰ ਦੇ ਮੁਕਾਬਲੇ ਯੋਗੀ ਦਾ ਆਰਥਿਕ ਰਿਕਾਰਡ ਕਿਹੋ ਜਿਹਾ ਰਿਹਾ? ਨੀਰਜ ਕੌਸ਼ਲ ਮੁਤਾਬਿਕ ਦੇਸ਼ ਦੇ 33 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ 2016-17 ਤੋਂ 2019-20 ਦਰਮਿਆਨ ਆਰਥਿਕ ਵਿਕਾਸ ਦੇ ਸੰਦਰਭ 'ਚ ਉੱਤਰ ਪ੍ਰਦੇਸ਼ ਦੀ ਸਥਿਤੀ ਹੇਠੋਂ ਦੂਜੀ ਭਾਵ 32ਵੀਂ ਰਹੀ। ਜੇਕਰ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ ਮੁਲਾਂਕਣ ਕੀਤਾ ਜਾਵੇ ਤਾਂ ਉੱਤਰ ਪ੍ਰਦੇਸ਼ ਤੋਂ ਹੇਠਾਂ ਸਿਰਫ਼ ਗੋਆ ਹੀ ਆਉਂਦਾ ਹੈ। ਬਾਕੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਨੇ ਉੱਤਰ ਪ੍ਰਦੇਸ਼ ਤੋਂ ਚੰਗਾ ਪ੍ਰਦਰਸ਼ਨ ਕੀਤਾ ਹੈ। ਪ੍ਰਤੀ ਵਿਅਕਤੀ ਆਮਦਨੀ ਦੇ ਨਜ਼ਰੀਏ ਨਾਲ ਦੇਖਣ 'ਤੇ ਵੀ ਉੱਤਰ ਪ੍ਰਦੇਸ਼ ਦੀ ਸਥਿਤੀ ਹੇਠਾਂ ਤੋਂ ਤੀਜੀ ਨਿਕਲੀ। ਸਿਰਫ਼ ਗੋਆ ਅਤੇ ਮੇਘਾਲਿਆ ਹੀ ਉਸ ਤੋਂ ਹੇਠਾਂ ਰਹੇ। ਜੇਕਰ 21 ਰਾਜਾਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਕੁੱਲ ਘਰੇਲੂ ਉਤਪਾਦ 'ਤੇ ਗੌਰ ਕੀਤਾ ਜਾਵੇ ਤਾਂ ਇਸ ਦੌਰਾਨ ਉੱਤਰ ਪ੍ਰਦੇਸ਼ ਤੀਜੇ ਸਭ ਤੋਂ ਬੁਰੇ ਪ੍ਰਦਰਸ਼ਨ ਕਰਨ ਵਾਲੇ ਰਾਜ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਆਦਿੱਤਿਆਨਾਥ ਸਰਕਾਰ ਨੇ ਆਪਣੇ ਇਸ਼ਤਿਹਾਰਾਂ 'ਚ ਦਾਅਵਾ ਕੀਤਾ ਸੀ ਕਿ ਪਹਿਲੇ ਚਾਰ ਸਾਲਾਂ 'ਚ ਉੱਤਰ ਪ੍ਰਦੇਸ਼ ਨੇ ਆਪਣੀ ਅਰਥਵਿਵਸਥਾ ਦਾ ਆਕਾਰ ਦੁੱਗਣਾ ਵਧਾ ਲਿਆ ਹੈ। ਇਹ ਅੰਕੜੇ ਝੂਠੇ ਹੀ ਨਹੀਂ, ਸਗੋਂ ਸਫ਼ੈਦ ਝੂਠ ਨੂੰ ਵੀ ਸ਼ਰਮਾ ਦੇਣ ਲਈ ਕਾਫ਼ੀ ਸਨ। ਨੀਰਜ ਕੌਸ਼ਲ ਦੇ ਵਿਸ਼ਲੇਸ਼ਣ ਦਾ ਇੱਕ ਹੋਰ ਦਿਲਚਸਪ ਪਹਿਲੂ ਅਖਿਲੇਸ਼ ਯਾਦਵ ਦੇ ਕਾਰਜਕਾਲ ਤੋਂ ਆਦਿੱਤਿਆਨਾਥ ਦੇ ਕਾਰਜਕਾਲ ਦੀ ਤੁਲਨਾ ਦਾ ਸੀ। ਇੱਥੇ ਅਖਿਲੇਸ਼ ਦੀ ਸਰਕਾਰ ਵਿਸ਼ੇਸ਼ ਲਾਭ 'ਚ ਦਿਖਾਈ ਦਿੰਦੀ ਹੈ, ਕਿਉਂਕਿ 2017 'ਚ ਚੋਣਾਂ ਹਾਰਨ ਤੋਂ ਪਹਿਲਾਂ ਉਨ੍ਹਾਂ ਨੂੰ ਪੂਰੇ ਪੰਜ ਸਾਲ ਤੱਕ ਮਹਾਂਮਾਰੀ ਜਿਹੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਪਰ ਜੇਕਰ ਮਹਾਂਮਾਰੀ ਦੇ ਦੋ ਸਾਲਾਂ ਨੂੰ ਵੱਖ ਕਰ ਕੇ ਦੇਖਿਆ ਜਾਵੇ ਤਾਂ ਹੀ ਅਖਿਲੇਸ਼ ਦੇ ਸ਼ਾਸਨਕਾਲ 'ਚ ਉੱਤਰ ਪ੍ਰਦੇਸ਼ ਨੇ ਸੱਤ ਫ਼ੀਸਦੀ ਦੀ ਔਸਤ ਵਾਧਾ ਦਰ ਦਿਖਾਈ ਸੀ ਅਤੇ ਆਦਿੱਤਿਆਨਾਥ ਦੀ ਅਗਵਾਈ 'ਚ ਉੱਤਰ ਪ੍ਰਦੇਸ਼ ਸਿਰਫ਼ 5 ਫ਼ੀਸਦੀ ਦੀ ਵਾਧਾ ਦਰ ਨਾਲ ਅੱਗੇ ਵਧਦਾ ਹੋਇਆ ਦਿਖਾਈ ਦਿੰਦਾ ਹੈ। ਜਿਸ ਸਮੇਂ ਆਦਿੱਤਿਆਨਾਥ ਨੇ ਸਹੁੰ ਚੁੱਕੀ ਸੀ, ਉਸ ਸਮੇਂ ਪ੍ਰਤੀ ਵਿਅਕਤੀ ਆਮਦਨੀ ਦੇ ਲਿਹਾਜ਼ ਨਾਲ ਉੱਤਰ ਪ੍ਰਦੇਸ਼ ਹੇਠਾਂ ਤੋਂ ਦੂਜੇ ਨੰਬਰ 'ਤੇ ਸੀ, ਭਾਵ ਸਿਰਫ਼ ਬਿਹਾਰ ਤੋਂ ਉੱਪਰ। ਇਸ ਮਾਮਲੇ 'ਚ ਰਾਸ਼ਟਰੀ ਔਸਤ ਤੋਂ ਉੱਤਰ ਪ੍ਰਦੇਸ਼ ਦੀ ਪ੍ਰਤੀ ਵਿਅਕਤੀ ਆਮਦਨੀ ਅੱਧੀ ਸੀ। ਪੰਜ ਸਾਲ ਦੇ ਭਾਜਪਾ ਸ਼ਾਸਨ ਤੋਂ ਬਾਅਦ ਵੀ ਇਹ ਅੰਕੜਾ ਜਿਵੇਂ ਦਾ ਤਿਵੇਂ ਹੀ ਹੈ। ਪ੍ਰਤੀ ਵਿਅਕਤੀ ਆਮਦਨੀ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਨੇ ਕੋਈ ਤਰੱਕੀ ਨਹੀਂ ਕੀਤੀ। ਅਖਿਲੇਸ਼ ਦੀ ਸਰਕਾਰ ਨੇ ਆਪਣੇ ਆਖ਼ਰੀ ਦੋ ਸਾਲਾਂ 'ਚ ਦਸ ਫ਼ੀਸਦੀ ਦੀ ਜ਼ਬਰਦਸਤ ਵਾਧਾ ਦਰ ਦਿਖਾਈ ਸੀ। ਪਰ, ਉਹ ਬੁਰੀ ਤਰ੍ਹਾਂ ਚੋਣ ਹਾਰ ਗਏ ਸਨ। ਕਿਉਂ? ਇਸ ਲਈ ਕਿ ਉਨ੍ਹਾਂ ਦੇ ਪ੍ਰਸ਼ਾਸਨ (ਗਵਰਨੈਂਸ) ਦਾ ਰਿਕਾਰਡ (ਖ਼ਾਸਕਰ ਕਾਨੂੰਨ ਵਿਵਸਥਾ ਦੇ ਮਾਮਲੇ 'ਚ) ਦਰੁਸਤ ਨਹੀਂ ਸੀ।



2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਹਾਲਾਤ 'ਚ ਕੁਝ ਪਰਿਵਰਤਨ ਹੋਇਆ ਹੈ। ਅਖਿਲੇਸ਼ ਚੋਣਾਂ ਜ਼ਰੂਰ ਹਾਰੇ, ਪਰ ਉਨ੍ਹਾਂ ਦਾ ਪ੍ਰਦਰਸ਼ਨ ਸਨਮਾਨਜਨਕ ਰਿਹਾ। ਸਪਾ ਇਸ ਸਮੇਂ ਭਾਜਪਾ ਤੋਂ ਬਾਅਦ ਸੂਬੇ 'ਚ ਦੂਜੇ ਨੰਬਰ ਦੀ ਪ੍ਰਭਾਵੀ ਪਾਰਟੀ ਹੈ। ਪਰ, ਦੋ ਪਹਿਲੂ ਅਜਿਹੇ ਹਨ, ਜਿਨ੍ਹਾਂ 'ਤੇ ਭਰੋਸਾ ਨਹੀਂ ਹੁੰਦਾ। ਪਹਿਲਾ, ਉਨ੍ਹਾਂ ਨੂੰ ਦਲਿਤ ਵੋਟਾਂ ਮਿਲਣ ਦੀ ਸੰਭਾਵਨਾ ਨਾ ਦੇ ਬਰਾਬਰ ਹੈ। ਜੇਕਰ ਮਾਇਆਵਤੀ ਨੇ ਵੱਖ ਹੋ ਕੇ ਚੋਣਾਂ ਲੜੀਆਂ, ਤਾਂ ਦਲਿਤ ਵੋਟਾਂ ਉਨ੍ਹਾਂ ਦੇ ਅਤੇ ਭਾਜਪਾ ਵਿਚਾਲੇ ਵੰਡੀਆਂ ਜਾਣਗੀਆਂ। ਅਖਿਲੇਸ਼ ਨੂੰ ਦਲਿਤ ਵੋਟਾਂ ਉਸੇ ਚੋਣਵੇਂ ਖੇਤਰਾਂ 'ਚ ਮਿਲਣਗੀਆਂ, ਜਿੱਥੇ ਉਨ੍ਹਾਂ ਦਾ ਉਮੀਦਵਾਰ ਯਾਦਵ-ਮੁਸਲਮਾਨ ਵੋਟਾਂ ਦੀ ਮਦਦ ਨਾਲ ਜਿੱਤਦਾ ਹੋਇਆ ਲੱਗੇਗਾ। ਕਾਂਗਰਸ ਨਾਲ ਗੱਠਜੋੜ ਕਰਨ ਕਾਰਨ ਉਹ ਇੱਕ ਵਾਰ ਫਿਰ ਮੁਸਲਮਾਨ ਵੋਟ ਥੋਕ ਮਾਤਰਾਂ 'ਚ ਪ੍ਰਾਪਤ ਕਰ ਸਕਣਗੇ। ਦੂਜੇ, ਕਾਨੂੰਨ ਅਤੇ ਵਿਵਸਥਾ ਦੇ ਸੰਦਰਭ 'ਚ ਆਦਿੱਤਿਆਨਾਥ ਸਰਕਾਰ ਅਪਰਾਧੀਆਂ ਦੇ ਖ਼ਿਲਾਫ਼ ਹਮਲਾਵਰ ਮੁਹਿੰਮ ਚਲਾਉਣ ਦੀ ਦਾਅਵੇਦਾਰੀ ਦੇ ਨਾਲ ਸਾਹਮਣੇ ਆਏਗੀ। ਅਖਿਲੇਸ਼ ਦੀ ਪਿਛਲੀ ਸਰਕਾਰ ਦਾ ਅਕਸ ਸ਼ਾਇਦ ਹੀ ਇਸ ਦਾ ਮੁਕਾਬਲਾ ਕਰ ਸਕੇ।

ਦਲਿਤ ਅਤੇ ਅਤਿ ਪੱਛੜੇ ਲੋਕਾਂ ਦੀਆਂ ਵੋਟਾਂ ਨੂੰ ਆਪਣੇ ਵੱਲ ਖਿੱਚਣ 'ਚ ਭਾਜਪਾ ਜਿਵੇਂ ਹੀ ਕਾਮਯਾਬ ਹੁੰਦੀ ਹੈ, ਉੱਤਰ ਪ੍ਰਦੇਸ਼ 'ਚ ਉਸ ਦਾ ਜਨਆਧਾਰ ਅਜੇਤੂ ਹੋ ਜਾਂਦਾ ਹੈ। ਬ੍ਰਾਹਮਣ, ਠਾਕੁਰ, ਵੈਸ਼, ਭੂਮੀਹਾਰ ਅਤੇ ਕਾਇਸਥ ਵੋਟਾਂ ਦੇ ਨਾਲ ਜਿਵੇਂ ਹੀ ਇਹ ਵੋਟਾਂ ਜੁੜਦੀਆਂ ਹਨ, ਉੱਤਰ ਪ੍ਰਦੇਸ਼ ਦੇ ਖ਼ਾਸ ਹਾਲਾਤ 'ਚ ਭਾਜਪਾ ਬਹੁਤ ਤਾਕਤਵਰ ਹੋ ਜਾਂਦੀ ਹੈ। ਜ਼ਾਹਿਰ ਹੈ ਕਿ ਲੋਕ ਸਭਾ ਚੋਣਾਂ 'ਚ ਬਿਨਾਂ ਮਾਇਆਵਤੀ ਦੇ ਯੋਗਦਾਨ ਦੇ ਅਖਿਲੇਸ਼ ਦਾ 'ਪੀ.ਡੀ.ਏ.' ਸਿਰਫ਼ ਪੀ.ਏ. ਹੀ ਰਹਿ ਜਾਣ ਲਈ ਮਜਬੂਰ ਹੈ। ਉੱਤਰ ਪ੍ਰਦੇਸ਼ 'ਚ ਉਨ੍ਹਾਂ ਦੀ ਰਾਹ ਮੁਸ਼ਕਿਲ ਹੈ।

# ਕੋਚਿੰਗ ਸਨਅਤ ਨੂੰ ਨੱਥ ਪਾਉਣ ਦੀ ਪਹਾੜ ਜਿੱਡੀ ਚੁਣੌਤੀ



**ਪ੍ਰਣਯ ਕੁਮਾਰ**

ਹਾਲ ਹੀ ਵਿੱਚ ਸਿੱਖਿਆ ਮੰਤਰਾਲੇ ਨੇ ਕੋਚਿੰਗ ਸੰਸਥਾਵਾਂ ਦੀ ਰਜਿਸਟ੍ਰੇਸ਼ਨ, ਵਿਦਿਆਰਥੀਆਂ ਦੇ ਦਾਖ਼ਲੇ ਦੀ ਉਮਰ, ਉੱਥੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਯੋਗਤਾ, ਉਨ੍ਹਾਂ ਸੰਸਥਾਵਾਂ ਦੁਆਰਾ ਵਿਦਿਆਰਥੀਆਂ ਅਤੇ ਮਾਪਿਆਂ ਨਾਲ ਕੀਤੇ ਜਾਣ ਵਾਲੇ ਵਾਅਦੇ, ਫ਼ੀਸ ਆਦਿ ਨੂੰ ਲੈ ਕੇ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਦੀ ਉਲੰਘਣਾ 'ਤੇ ਸਜ਼ਾ ਦੀਆਂ ਵਿਵਸਥਾਵਾਂ ਵੀ ਕੀਤੀਆਂ ਗਈਆਂ ਹਨ। ਇਹ ਦਿਸ਼ਾ-ਨਿਰਦੇਸ਼ ਸਵਾਗਤਯੋਗ ਹਨ ਪਰ ਇਨ੍ਹਾਂ ਦਾ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਵਿਚਾਲੇ ਵਿਆਪਕ ਵਿਚਾਰ-ਚਰਚਾ ਜ਼ਰੂਰੀ ਹੈ।

ਨਿਰਸੰਦੇਹ ਸਫ਼ਲਤਾ ਦਾ ਸਬਜ਼ਬਾਗ ਦਿਖਾਉਂਦੇ ਅਤੇ ਸੁਪਨੇ ਵੇਚਦੀਆਂ ਕੋਚਿੰਗ ਸੰਸਥਾਵਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। ਲਗਪਗ ਸਾਰੇ ਛੋਟੇ-ਵੱਡੇ ਸ਼ਹਿਰਾਂ ਵਿੱਚ ਕੋਚਿੰਗ ਸੰਸਥਾਵਾਂ ਖੁੰਬਾਂ ਵਾਂਗ ਉੱਗ ਆਈਆਂ ਹਨ। ਕੋਚਿੰਗ ਨੇ ਆਮ ਕਾਰੋਬਾਰ ਤੋਂ ਅੱਗੇ ਨਿਕਲ ਕੇ ਸੰਗਠਿਤ ਸਨਅਤ ਦਾ ਰੂਪ ਲੈ ਲਿਆ ਹੈ। ਆਨਲਾਈਨ ਕੋਚਿੰਗ ਦੀ ਪੈਂਠ ਤਾਂ ਹੁਣ ਘਰ ਦੇ ਅੰਦਰ ਤੱਕ ਹੋ ਗਈ ਹੈ। ਇਨਫ਼ਿਨਿਯਮ ਗਲੋਬਲ ਰਿਸਰਚ ਰਿਪੋਰਟ, 2023 ਅਨੁਸਾਰ ਭਾਰਤ ਵਿੱਚ ਕੋਚਿੰਗ ਸਨਅਤ ਦਾ ਸਾਲਾਨਾ ਕਾਰੋਬਾਰ ਲਗਪਗ 58 ਹਜ਼ਾਰ ਕਰੋੜ ਰੁਪਏ ਦਾ ਹੈ ਅਤੇ ਅਗਲੇ ਪੰਜ ਸਾਲਾਂ ਵਿੱਚ ਇਹ ਵਧ ਕੇ ਲਗਪਗ ਇੱਕ ਲੱਖ 34 ਹਜ਼ਾਰ ਕਰੋੜ ਰੁਪਏ ਤੱਕ ਪੁੱਜ ਸਕਦਾ ਹੈ।

ਇੰਡੀਅਨ ਕੌਂਸਲ ਫ਼ਾਰ ਰਿਸਰਚ ਆਨ ਨੈਸ਼ਨਲ ਐਜੂਕੇਸ਼ਨ ਦੀ 2019 ਦੀ ਰਿਪੋਰਟ ਮੁਤਾਬਕ ਦੇਸ਼ ਵਿਚ 85 ਲੱਖ ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੀ ਕੋਚਿੰਗ ਲੈ ਰਹੇ ਹਨ। ਸੰਨ 2023-24 ਵਿੱਚ ਇਕੱਲੇ ਕੋਟਾ ਵਿੱਚ ਹੀ ਲਗਪਗ 2.05 ਲੱਖ ਵਿਦਿਆਰਥੀ ਕੋਚਿੰਗ ਲਈ ਆਏ। ਨੈਸ਼ਨਲ ਸੈਂਪਲ ਸਰਵੇ ਆਫ਼ਿਸ ਦਾ 2020 ਦਾ ਸਰਵੇਖਣ ਦੱਸਦਾ ਹੈ ਕਿ ਸ਼੍ਰੇਣੀ 11 ਤੇ 12 ਦੇ ਲਗਪਗ 25 ਪ੍ਰਤੀਸ਼ਤ ਵਿਦਿਆਰਥੀ ਅਲੱਗ-ਅਲੱਗ ਵਿਸ਼ਿਆਂ ਲਈ ਕੋਚਿੰਗ ਲੈ ਰਹੇ ਸਨ। ਇਹ ਸਥਿਤੀ ਚਿੰਤਤ ਕਰਨ ਵਾਲੀ ਹੈ।

ਇਕ ਦੌਰ ਸੀ ਜਦ ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਲਈ ਹੀ ਕੋਚਿੰਗ ਦੀ ਜ਼ਰੂਰਤ ਸਮਝੀ ਜਾਂਦੀ ਸੀ ਪਰ ਇਨ੍ਹੀਂ ਦਿਨੀਂ ਕੋਚਿੰਗ ਇੱਕ ਚਲਨ ਹੀ ਨਹੀਂ, 'ਸਟੇਟਸ ਸਿੰਬਲ' ਮੰਨੀ ਜਾਣ ਲੱਗੀ ਹੈ। ਆਖ਼ਰ ਇਨ੍ਹਾਂ ਸਥਿਤੀਆਂ ਦਾ ਜ਼ਿੰਮੇਵਾਰ ਕੌਣ ਹੈ? ਕੀ ਗੁਣਵੱਤਾਪੂਰਨ ਸਿੱਖਿਆ ਦੀ ਘਾਟ ਵਿੱਚ ਕੋਚਿੰਗ ਸਨਅਤ ਵਧ-ਫੁੱਲ ਰਹੀ ਹੈ? ਕਿਤੇ ਅਜਿਹਾ ਤਾਂ ਨਹੀਂ ਕਿ ਪਾਠਕ੍ਰਮ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਢਾਂਚੇ ਅਤੇ ਪ੍ਰਣਾਲੀ ਵਿਚਾਲੇ ਮੌਜੂਦ ਪਾੜਾ ਵਿਦਿਆਰਥੀਆਂ ਨੂੰ ਕੋਚਿੰਗ ਲਈ ਮਜਬੂਰ ਕਰਦਾ ਹੈ? ਆਮ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵੀ ਅੱਜ ਕੋਚਿੰਗ ਜ਼ਰੂਰੀ ਹੋ ਗਈ ਹੈ। ਸਿੱਖਿਆ ਜਗਤ ਦੇ ਨੀਤੀ ਘਾੜੇ ਜੇ ਡੂੰਘਾਈ ਨਾਲ ਵਿਚਾਰ ਕਰਨ ਤਾਂ ਦੇਖਣਗੇ ਕਿ ਸਿੱਖਿਆ ਖੇਤਰ ਵਿੱਚ ਮੌਜੂਦ ਜ਼ਿਆਦਾਤਰ ਸਮੱਸਿਆਵਾਂ ਤੇ ਬੇਨਿਯਮੀਆਂ ਦੀ ਜਣਨੀ ਕੋਚਿੰਗ ਦੀ ਵਧਦੀ-ਫੁੱਲਦੀ ਸੰਸਕ੍ਰਿਤੀ ਹੈ। ਸਫ਼ਲਤਾ ਨੂੰ ਕਦੇ ਨਿਰੰਤਰ ਸਾਧਨਾ ਦਾ ਫ਼ਲ ਸਮਝਿਆ ਜਾਂਦਾ ਸੀ ਪਰ ਅੱਜ ਹਰ ਕੋਈ ਉਸ ਦਾ ਸ਼ਾਰਟਕੱਟ ਲੱਭ ਰਿਹਾ ਹੈ।

ਕੋਈ ਇਹ ਸਮਝਣ ਨੂੰ ਤਿਆਰ ਨਹੀਂ ਕਿ ਵਿਦਿਆਰਥੀਆਂ ਦੀ ਕਾਮਯਾਬੀ, ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਕਾਸ ਜਾਂ ਨਿਰਮਾਣ ਦਾ ਕੋਈ ਨਿਰਧਾਰਤ ਸੂਤਰ ਜਾਂ ਦਰਸਾਇਆ ਫ਼ਾਰਮੂਲਾ ਨਹੀਂ ਹੁੰਦਾ। ਇਸ ਦੇ ਲਈ ਹਰੇਕ ਵਿਦਿਆਰਥੀ ਦਾ ਸੁਭਾਅ, ਬਿਰਤੀ, ਸਮਰੱਥਾ ਅਤੇ ਹੱਦਬੰਦੀਆਂ ਨੂੰ ਸਮਝਣਾ ਹੋਵੇਗਾ। ਉਨ੍ਹਾਂ ਨਾਲ ਲੰਬਾ ਅਤੇ ਗੁਣਵੱਤਾਯੁਕਤ ਸਮਾਂ ਬਿਤਾਏ ਬਿਨਾਂ ਇਹ ਸੰਭਵ ਨਹੀਂ ਹੋਵੇਗਾ।

ਕੀ ਕੋਚਿੰਗ ਸੰਸਥਾਵਾਂ ਦੇ ਸੀਮਤ ਟੀਚੇ, ਕਾਰੋਬਾਰੀ ਦ੍ਰਿਸ਼ਟੀਕੋਣ, ਮਸ਼ੀਨਰੀ ਜਿਹੀ ਰੋਜ਼ਮੱਰਾ, ਅੰਕਾਂ-ਰੈਂਕਾਂ ਦਾ ਗੁਣਾ-ਭਾਗ, ਇਮਤਿਹਾਨ ਦਰ ਇਮਤਿਹਾਨ ਦੀ ਅੰਤਹੀਣ ਲੜੀ ਆਦਿ ਦੀ ਪ੍ਰਚਲਿਤ ਵਿਵਸਥਾ ਵਿੱਚ ਇਹ ਸਭ ਸੰਭਵ ਹੈ? ਚੇਤੇ ਰਹੇ ਕਿ ਵਿਦਿਆਰਥੀ ਨੀਰਸ ਅਤੇ ਉਕਾਊ ਰੋਜ਼-ਮੱਰਾ ਦੀ ਦੁਹਰਾਈ ਦੇ ਯੰਤਰ ਜਾਂ ਅੰਕ ਬਟੋਰਨ ਦੀ ਮਸ਼ੀਨ ਨਹੀਂ ਹਨ ਅਤੇ ਨਾ ਹੀ ਉਹ ਬਣੇ-ਬਣਾਏ ਢਾਂਚੇ ਵਿੱਚ ਤਿਆਰ ਕੀਤੇ ਜਾਣ ਵਾਲੇ ਉਤਪਾਦ ਹਨ।

ਉਹ ਮਨ, ਬੁੱਧੀ, ਭਾਵਨਾ ਅਤੇ ਸੰਵੇਦਨਾ ਤੋਂ ਯੁਕਤ ਮਨੁੱਖ ਹਨ ਜਿਨ੍ਹਾਂ ਦਾ ਸਮੁੱਚਾ ਤੇ ਸੰਪੂਰਨ ਵਿਕਾਸ ਇਕ ਸਿਹਤਮੰਦ, ਸੰਤੁਲਿਤ ਮੁਹਾਂਦਰੇ ਅਤੇ ਦਿਲਚਸਪੀ ਵਾਲੀਆਂ-ਰਚਨਾਤਮਕ ਨਿੱਤ ਦੀਆਂ ਗਤੀਵਿਧੀਆਂ ਦੀ ਉਮੀਦ ਰੱਖਦਾ ਹੈ। ਸਕੂਲੀ ਸਿੱਖਿਆ ਵਿੱਚ ਤਾਂ ਫ਼ਿਰ ਵੀ ਵਿਦਿਆਰਥੀਆਂ ਦੇ ਮਾਨਸਿਕ-ਬੌਧਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੇ ਸਿਰਜਣਾਤਮਕ ਅਤੇ ਭਾਵਨਾਤਮਕ ਵਿਕਾਸ ਦੀ ਮਾੜੀ-ਮੋਟੀ ਚਿੰਤਾ ਕੀਤੀ ਜਾਂਦੀ ਹੈ ਅਤੇ ਉਸ ਅਨੁਸਾਰ ਪਾਠਕ੍ਰਮ ਅਤੇ ਹੋਰ ਸਬੰਧਿਤ ਕਿਰਿਆਵਾਂ ਆਦਿ ਦੀ ਰਚਨਾ ਕੀਤੀ ਜਾਂਦੀ ਹੈ ਪਰ ਕੋਚਿੰਗ ਦਾ ਵਾਤਾਵਰਨ, ਗਲਵੱਢ ਮੁਕਾਬਲੇਬਾਜ਼ੀ, ਸਫ਼ਲਤਾ ਦਾ ਦਬਾਅ ਉਨ੍ਹਾਂ ਨੂੰ ਗ਼ੈਰ-ਜ਼ਰੂਰੀ ਤਣਾਅ ਅਤੇ ਚਿੜਚਿੜੇਪਣ ਵੱਲ ਲੈ ਕੇ ਜਾਂਦਾ ਹੈ। ਇਸ ਦਾ ਭਿਆਨਕ ਨਤੀਜਾ ਕੋਚਿੰਗ ਸੰਸਥਾਵਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਵਿੱਚ ਵਧਦੇ ਖ਼ੁਦਕੁਸ਼ੀ ਦੇ ਰੁਝਾਨ ਵਜੋਂ ਸਾਹਮਣੇ ਆ ਰਿਹਾ ਹੈ। ਸਾਲ 2023 ਵਿੱਚ ਇਕੱਲੇ ਕੋਟਾ ਵਿੱਚ ਹੀ ਕੋਚਿੰਗ ਲੈ ਰਹੇ 26 ਵਿਦਿਆਰਥੀਆਂ ਨੇ ਆਤਮਹੱਤਿਆ ਕਰ ਲਈ। ਇਸ ਨਾਲ ਕੋਚਿੰਗ ਸੰਸਥਾਵਾਂ ਦੀ ਭਿਆਨਕਤਾ ਅਤੇ ਉੱਥੇ ਪੜ੍ਹ-ਲਿਖ ਰਹੇ ਵਿਦਿਆਰਥੀਆਂ ਦੀ ਹਕੀਕੀ ਮਨੋਦਸ਼ਾ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਕੋਚਿੰਗ ਸੰਸਥਾਵਾਂ ਸੁਪਨਿਆਂ ਦੀਆਂ ਸੌਦਾਗਰ ਹਨ।

ਸਿਰਫ਼ ਭੇਡ-ਚਾਲ ਕਾਰਨ ਬਹੁਤ ਛੋਟੀ ਉਮਰ ਵਿਚ ਬੱਚਿਆਂ ਨੂੰ ਕੋਚਿੰਗ ਦੀ ਭੱਠੀ ਵਿੱਚ ਸੁੱਟਣ ਨਾਲ ਉਨ੍ਹਾਂ ਦਾ ਬਚਪਨ ਖੋਹ ਲਿਆ ਜਾਂਦਾ ਹੈ। ਆਪਣੇ ਸਹਿਪਾਠੀਆਂ ਨਾਲ ਮੁਕਾਬਲੇਬਾਜ਼ੀ ਕਰਦੇ-ਕਰਦੇ ਅਤੇ ਕੋਚਿੰਗ ਦੀ ਮਸ਼ੀਨਰੀ ਵਰਗੀ ਜੀਵਨ-ਸ਼ੈਲੀ ਦਾ ਭਾਰ ਢੋਂਦੇ-ਢੋਂਦੇ ਉਨ੍ਹਾਂ ਦੇ ਜੀਵਨ ਤੋਂ ਬਚਪਨ ਦਾ ਸਹਿਜ ਆਨੰਦ ਤੇ ਖ਼ੁਸ਼ੀਆਂ-ਖੇੜੇ ਲਗਪਗ ਲੁਪਤ ਹੋ ਜਾਂਦੇ ਹਨ। ਚੰਗਾ ਹੁੰਦਾ ਕਿ ਨੀਤੀ ਘਾੜੇ ਇਸ 'ਤੇ ਵਿਚਾਰ ਕਰਨ ਕਿ ਵਿਦਿਆਰਥੀਆਂ ਨੂੰ ਕਿਨ੍ਹਾਂ ਕਾਰਨਾਂ ਕਾਰਨ ਕੋਚਿੰਗ ਦਾ ਸਹਾਰਾ ਲੈਣਾ ਪੈਂਦਾ ਹੈ? ਇਨ੍ਹਾਂ ਕਾਰਨਾਂ ਦੀ ਪਛਾਣ ਕਰ ਕੇ ਉਨ੍ਹਾਂ ਦਾ ਨਿਵਾਰਨ ਕਰ ਕੇ ਹੀ ਬੇਲਗਾਮ ਕੋਚਿੰਗ ਸਨਅਤ ਨੂੰ ਕਾਬੂ ਕੀਤਾ ਜਾ ਸਕਦਾ ਹੈ। ਕੋਚਿੰਗ ਸਨਅਤ ਟਿਊਸ਼ਨ ਦੀ ਸੰਸਕ੍ਰਿਤੀ ਦਾ ਵਿਸਥਾਰ ਹੈ ਅਤੇ ਇਹ ਕਿਸੇ ਤੋਂ ਛੁਪਿਆ ਨਹੀਂ ਕਿ ਅੱਜ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਟਿਊਸ਼ਨ ਪੜ੍ਹਨੀ ਪੈਂਦੀ ਹੈ। ਇਹ ਸਥਿਤੀ ਸਾਡੇ ਸਿੱਖਿਆ ਵਿਵਸਥਾ ਦਾ ਮਜ਼ਾਕ ਹੀ ਹੈ।

# ‘ਆਪ’ ਸਰਕਾਰ ਤੋਂ ਕਿਉਂ ਨਿਰਾਸ਼ ਨੇ ਪੰਜਾਬੀ ?



ਦਰਬਾਰਾ ਸਿੰਘ ਕਾਹਲੋਂ

ਜੋ ਲੜਾਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਕੇਂਦਰ ਸਰਕਾਰ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਰੋਧੀਆਂ, ਰਾਜ ਅੰਦਰ ਆਪਣੇ ਰਾਜਨੀਤਕ ਵਿਰੋਧੀਆਂ, ਨਸ਼ੀਲੇ ਪਦਾਰਥਾਂ ਤੇ ਤਸਕਰਾਂ, ਸ਼ਰਾਬ, ਕੇਬਲ, ਟ੍ਰਾਂਸਪੋਰਟ, ਰੇਤ-ਬਜਰੀ, ਇੰਮੀਗਰੇਸ਼ਨ, ਭ੍ਰਿਸ਼ਟਾਚਾਰ, ਮਾਫੀਆਵਾਂ ਅਤੇ ਬੇਰੋਜ਼ਗਾਰੀ ਦੇ ਦੈਂਤ ਵਿਰੁੱਧ ਲੜਨੀ ਚਾਹੀਦੀ ਸੀ, ਅਫਸਰਸ਼ਾਹਾਂ ਦੇ ਤਾਕਤਵਰ ਗ੍ਰੋਹ ਵਿਰੁੱਧ ਲੜਨੀ ਚਾਹੀਦੀ ਸੀ, ਪੰਜਾਬ ਦਾ ਵਪਾਰ ਵਾਹਗਾ, ਹੁਸੈਨੀਵਾਲਾ ਅਤੇ ਕਰਤਾਰਪੁਰ ਸਾਹਿਬ ਲਾਂਘਿਆਂ ਰਾਹੀਂ ਪਾਕਿਸਤਾਨ, ਅਫ਼ਗਾਨਿਸਤਾਨ, ਇਰਾਨ ਅਤੇ ਅਰਬ ਮੁਲਕਾਂ ਨਾਲ ਖੋਲ੍ਹਣ ਲਈ ਲੜਨੀ ਚਾਹੀਦੀ ਸੀ, ਉਹ ਗਲਤ ਸਲਾਹਕਾਰਾਂ ਦੀ ਉਕਸਾਹਟ ਅਤੇ ਸੰਕੁਚਿਤ ਸੋਚ ਦਾ ਸ਼ਿਕਾਰ ਹੋ ਕੇ ਆਪਣੇ ਲੋਕਾਂ ਨਾਲ ਹੀ ਵਿੱਢ ਲਈ ਹੈ। ਗਲਤੀ ’ਤੇ ਮਹਾਂ ਗਲਤੀ ਕਰਦੇ ਹੋਏ ਉਹ ਆਪਣੇ ਜੱਦੀ ਜ਼ਿਲ੍ਹੇ ਦੇ ਉਨ੍ਹਾਂ ਲੋਕਾਂ ਨਾਲ ਸਹੇੜ ਲਈ ਹੈ ਜੋ ਉਨ੍ਹਾਂ ਦੇ ਕਦੇ ਫੈਨ ਅਤੇ ਸਮਰਥਕ ਹੁੰਦੇ ਸਨ। ਪੰਜਾਬੀ ਦੀ ਕਹਾਵਤ ਹੈ, ਇੱਕ ਘਰ ਤਾਂ ਡੈਣ ਵੀ ਛੱਡ ਲੈਂਦੀ ਹੈ, ਤੁਸੀਂ ਉਹ ਵੀ ਨਹੀਂ ਛੱਡਿਆ।

ਅਕਸਰ ਉੱਚੇ ਪਦਾਂ ’ਤੇ ਆਸੀਨ ਲੋਕ ਵੱਡੀਆਂ ਵੱਡੀਆਂ ਗਲਤੀਆਂ ਕਰਦੇ ਵੇਖੇ ਜਾਂਦੇ ਹਨ। ਇਹੀ ਗਲਤੀ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕਰਦੇ ਨਜ਼ਰ ਆ ਰਹੇ ਹਨ। ਸੰਨ 2015 ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਜਨਤਕ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਵਿੱਚ ਕੋਟਕਪੂਰਾ ਅਤੇ ਬਰਗਾੜੀ ਗੋਲੀ ਕਾਂਡ ਕਰਕੇ ਉੱਠਿਆ ਸੀ, ਉਸਦੀ ਤਾਬ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਗਠਜੋੜ ਬਾਦਲ ਸਰਕਾਰ, ਸ਼੍ਰੋਮਣੀ ਅਕਾਲੀ ਦਲ, ਸਿੱਖ ਸੰਸਥਾਵਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ਼੍ਰੀ ਅਕਾਲ ਤਖਤ ਸਾਹਿਬ ਆਦਿ ਨੂੰ ਨੇਸਤੇ ਨਾਬੂਦ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ, ਜੋ ਪੰਜਾਬ ਅਤੇ ਖਾਸ ਕਰਕੇ ਸਿੱਖ ਧਾਰਮਿਕ ਅਤੇ ਰਾਜਨੀਤਕ ਹਿਤਾਂ ਦੀ ਰਾਖੀ ਲਈ ਸ਼ਾਨਮੱਤਾ ਕੁਰਬਾਨੀਆਂ ਦਾ ਇਤਿਹਾਸ ਰੱਖਦਾ ਸੀ, ਅੱਜ ਵਿਧਾਨ ਸਭਾ ਪੰਜਾਬ ਵਿੱਚ ਤਿੰਨ ਸ਼ਰਮਨਾਕ ਸੀਟਾਂ ਤਕ ਸੀਮਤ ਹੋ ਕੇ ਰਹਿ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਭਾਰਤੀ ਰਾਜ ਅੰਦਰ ਇੱਕ ਤਾਕਤਵਰ ਖੁਦਮੁਖ਼ਤਾਰ ਰਾਜ ਦੀ ਹੈਸੀਅਤ ਰੱਖਦੀ ਸੀ ਅਤੇ ਜਿਸਦੇ ਪ੍ਰਧਾਨ ਦੀ ਯਲਗਾਰ ’ਤੇ ਕੇਂਦਰ ਸਰਕਾਰ ਦੇ ਦਿੱਲੀ ਤਖ਼ਤ ਦੇ ਪਾਵਿਆਂ ਦੀਆਂ ਚੂਲਾਂ ਹਿੱਲ ਜਾਂਦੀਆਂ ਸਨ, ਅੱਜ ਉਹ ਇੰਨੀ ਕਮਜ਼ੋਰ ਅਤੇ ਨਿਤਾਣੀ ਹੋ ਚੁੱਕੀ ਹੈ ਕਿ ਉਸਦਾ ਇੱਕ ਵਿਰੋਧ ਪੱਤਰ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਤਾਂ ਦੂਰ, ਐੱਸ.ਡੀ.ਐੱਮ. ਵੀ ਲੈਣ ਨਹੀਂ ਆਉਂਦਾ। ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਉਨ੍ਹਾਂ ਦੀ ਗੱਲ ਸੁਣਨ ਲਈ ਸਮਾਂ ਨਹੀਂ ਦਿੰਦੇ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਜਦੋਂ ਕੋਟਕਪੂਰਾ-ਬਰਗਾੜੀ ਕਾਂਡ ਵੇਲੇ ਸੰਨ 2015 ਵਿੱਚ ਕੈਨੇਡਾ ਤੋਂ ਪੰਜਾਬ ਪਰਤਿਆ ਤਾਂ ਚੰਡੀਗੜ੍ਹ ਤੋਂ ਆਪਣੇ ਸੁਸਰਾਲ ਤਲਵੰਡੀ ਸਾਬੋ (ਬਠਿੰਡਾ) ਜਾਂਦਿਆਂ ਸੜਕ ਦੇ ਦੋਹੀਂ ਪਾਸੀਂ ਹਜ਼ਾਰਾਂ ਦੀ ਤਾਦਾਦ ਵਿੱਚ ਰੋਸ ਵਜੋਂ ਬੱਚੇ, ਬੁੱਢੇ, ਨੌਜਵਾਨ ਸਿਰਾਂ ’ਤੇ ਕਾਲੇ ਪਟਕੇ, ਔਰਤਾਂ ਕਾਲੀਆਂ ਚੁੰਨੀਆਂ ਲਈ ਅਤੇ ਹੱਥਾਂ ਵਿੱਚ ਬਾਦਲ ਸਰਕਾਰ ਵਿਰੁੱਧ ਬੈਨਰ ਲਈ ਖੜ੍ਹੇ ਵੇਖੇ। ਉਨ੍ਹੀਂ ਦਿਨੀਂ ਬਾਦਲ ਸਰਕਾਰ ਦੇ ਇੱਕ ਮੰਤਰੀ ਦਾ ਡਰ ਨਾਲ ਕੰਬਦੇ ਦਾ ਮੈਨੂੰ ਫੋਨ ਆਇਆ, ਕਾਹਲੋਂ ਸਾਹਿਬ, ਕੀ ਅਸੀਂ



ਨੇੜ ਦੇ ਭਵਿੱਖ ਵਿੱਚ ਆਪਣੇ ਘਰਾਂ ਤੋਂ ਬਾਹਰ ਨਿਕਲ ਕੇ ਸਿੱਖ ਸੰਗਤਾਂ ਵਿੱਚ ਵਿਚਰ ਸਕਾਂਗੇ ? ਮੇਰਾ ਇਸ ਬਿਰਤਾਂਤ ਦਾ ਵਰਣਨ ਕਰਨ ਦਾ ਮੰਤਵ ਸਿਰਫ ਭਗਵੰਤ ਮਾਨ ਸਰਕਾਰ ਨੂੰ ਝਲਕ ਦਰਸਾਉਣਾ ਹੈ ਕਿ ਜਦੋਂ ਸੱਤਾਧਾਰੀ ਸਰਕਾਰਾਂ ਦੀਆਂ ਬੱਜਰ ਖੁਨਾਮੀਆਂ ਤੋਂ ਲੋਕ-ਆਕ੍ਰੋਸ਼ ਭਾਂਬੜ ਬਣ ਜਾਵੇ ਤਾਂ ਫਿਰ ਫਰਾਂਸ ਦੇ 5 ਮਈ, 1789 ਨੂੰ ਉੱਠੇ ਆਪਮੁਹਾਰੇ ਇਨਕਲਾਬ ਦੀ ਸਥਿਤੀ ਉਤਪਨ ਹੋਣ ਨੂੰ ਬਹੁਤਾ ਸਮਾਂ ਨਹੀਂ ਲਗਦਾ। ਕੋਟਦੁਨੇ ਦੇ ਵਾਸੀ ਭਾਨੇ ਸਿੱਧੂ ਉੱਤੇ ਚਾਰ ਪਰਚੇ ਠੋਕਣ, ਉਸ ਨੂੰ ਪੁਲਿਸ ਹਿਰਾਸਤ ਵਿੱਚ ਜ਼ਲੀਲ ਕਰਨ, ਉਸ ਦੇ ਭਾਈ ਨੂੰ ਵੀ ਚੌਥੇ ਪਰਚੇ ਵਿੱਚ ਸ਼ਾਮਲ ਕਰਨ ਨਾਲ 29 ਜਨਵਰੀ, 2024 ਨੂੰ ਉਸਦੇ ਪਿੰਡ ਕੋਟਦੁਨੇ ਵਿੱਚ ਆਮ ਲੋਕ, ਨਿਹੰਗ, ਕਿਸਾਨ, ਮਜ਼ਦੂਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਸੰਗਰੂਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਕਾਂਗਰਸ ਪਾਰਟੀ ਆਗੂ ਸੁਖਪਾਲ ਸਿੰਘ ਖਹਿਰਾ, ਰਾਗੀ, ਢਾਡੀ, ਸੋਸ਼ਲ ਮੀਡੀਆ ਸਬੰਧਿਤ ਪੱਤਰਕਾਰ, ਸਮਾਜ ਸੇਵੀ ਲੱਖਾ ਸਿਧਾਣਾ, ਪਰਮਿੰਦਰ ਝੋਟਾ, ਕਿਸਾਨ ਆਗੂ ਸ. ਬਲਦੇਵ ਸਿੰਘ ਸਿਰਸਾ, ਰੁਲਦੂ ਸਿੰਘ, ਬੰਦੀ ਸਿੰਘਾਂ ਦੇ ਸਬੰਧਿਤ ਨੁਮਾਇੰਦੇ ਆਦਿ ਹਜ਼ਾਰਾਂ ਦੀ ਤਾਦਾਦ ਵਿੱਚ ਇਕੱਤਰ ਹੋਏ। ਚੰਗਾ ਹੋਵੇ ਜੇ ਸਾਂਸਦ ਸਿਮਰਨਜੀਤ ਸਿੰਘ ਮਾਨ ਦੀ ਸਲਾਹ ’ਤੇ ਭਗਵੰਤ ਮਾਨ ਅਤੇ ਉਸਦੀ ਆਮ ਆਦਮੀ ਦੀ ਅਗਵਾਈ ਵਾਲੀ ਸਰਕਾਰ ਉਨ੍ਹਾਂ ਵਿਰੁੱਧ ਪੰਜਾਬ ਵਿੱਚ ਉੱਭਰ ਰਹੇ ਜਨਤਕ ਆਕ੍ਰੋਸ਼ ਦੇ ਲਾਵੇ ਦੀ ਹੋਣੀ ਸੰਬੰਧੀ ਕੰਧ ’ਤੇ ਲਿਖਿਆ ਪੜ੍ਹ ਲਵੇ। ਇਹ ਵਿਰੋਧ ਨਿਸ਼ਚਿਤ ਤੌਰ ’ਤੇ ਦੇਸ਼ ਵਿਦੇਸ਼ ਵਿੱਚ ਫੈਲੇਗਾ। ਕੀ ਆਮ ਆਦਮੀ ਪਾਰਟੀ ਸੁਪਰੀਮੋ ਸ਼੍ਰੀ ਕੇਜਰੀਵਾਲ ਜੋ ਪਹਿਲਾਂ ਹੀ ਕੇਂਦਰ ਅਤੇ ਈ.ਡੀ. ਦੇ ਨਿਸ਼ਾਨੇ ’ਤੇ ਹਨ ਅਤੇ ਉਨ੍ਹਾਂ ਦਾ ਕੋਰ ਗਰੁੱਪ, ਜਿਸ ਵਿੱਚ ਪ੍ਰਮੁੱਖ ਤੌਰ ’ਤੇ ਸ਼੍ਰੀ ਰਾਘਵ ਚੱਢਾ ਅਤੇ ਸੰਦੀਪ ਪਾਠਕ ਸ਼ਾਮਲ ਹਨ, ਇਸ ਜਨਤਕ ਅਕ੍ਰੋਸ਼ ਦਾ ਨੋਟਿਸ ਲੈਂਦੇ ਇਸ ਨੂੰ ਤੁਰੰਤ ਸ਼ਾਂਤ ਕਰਨ ਲਈ ਲੋੜੀਂਦੇ ਕਦਮ ਪੁੱਟਣਗੇ ? ਕੋਟਦੁਨਾ ਰੈਲੀ ਵਿੱਚ ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਸਰਕਾਰ ਵਿਰੋਧੀ ਲੋਕ ਹਰਿਆਣਾ, ਰਾਜਸਥਾਨ, ਯੂ.ਪੀ. ਅਤੇ ਉਤਰਾਖੰਡ ਤੋਂ ਸ਼ਾਮਲ ਹੋਏ ਦੱਸੀਦੇ ਹਨ। ਜੇ ਇਹ ਵਿਰੋਧ ਵਿਦੇਸ਼ਾਂ ਅੰਦਰ ਯੂ.ਕੇ., ਅਮਰੀਕਾ, ਕੈਨੇਡਾ, ਅਸਟ੍ਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ, ਮਲੇਸ਼ੀਆ, ਇਟਲੀ ਤਕ ਫੈਲ ਗਿਆ ਤਾਂ ਲੋਕਸਭਾ ਚੋਣਾਂ-2024 ਜੋ ਅਪਰੈਲ-ਮਈ ਵਿੱਚ ਹੋਣ ਜਾ ਰਹੀਆਂ ਹਨ, ਆਮ ਆਦਮੀ ਪਾਰਟੀ ਨੂੰ ਵੱਡੀ ਕੀਮਤ ਚੁਕਾਉਣੀ ਪਏਗੀ। ਭਗਵੰਤ ਮਾਨ ਸਰਕਾਰ ਨੂੰ ਗਲਤ ਸਮੇਂ ਇਸ ਬੱਜਰ ਗਲਤੀ ਨੂੰ ਤੁਰੰਤ ਸੁਧਾਰਦਿਆਂ ਭਾਨੇ ਸਿੱਧੂ ਵਿਰੁੱਧ ਦਰਜ ਪਰਚੇ ਵਾਪਸ ਲੈ ਕੇ ਉਸ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ।

ਦਰਅਸਲ ਪੰਜਾਬ ਅੰਦਰ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਪੰਜਾਬੀਆਂ ਨੂੰ ਵਧੀਆ, ਪਾਰਦਰਸ਼ੀ, ਭ੍ਰਿਸ਼ਟਾਚਾਰ ਰਹਿਤ, ਵੀ.ਆਈ.ਪੀ. ਸੱਭਿਆਚਾਰ ਮੁਕਤ ਲੋਕ ਸ਼ਮੂਲੀਅਤ ਨਾਲ ਭਰਪੂਰ ਸਰਕਾਰ ਦੇਣ ਦੀ ਥਾਂ ਉਸੇ ਅੰਨ੍ਹੀ ਬਦਲਾਖੋਰੀ ਦੀ ਦਲਦਲ ਭਰੀ ਖਾਈ ਵਿੱਚ ਧਸਦੀ ਚਲੀ ਗਈ, ਜਿਸ ਵਿੱਚ ਕਦੇ ਪੰਜਾਬ ਦੀ ਕਾਂਗਰਸ ਪਾਰਟੀ ਵਾਲੀ ਅਮਰਿੰਦਰ ਅਤੇ ਅਕਾਲੀ-ਭਾਜਪਾ ਗਠਜੋੜ ਵਾਲੀਆਂ ਬਾਦਲ ਸਰਕਾਰਾਂ ਧਸ ਗਈਆਂ ਸਨ ਜਾਂ ਗੁਆਂਢੀ ਹਰਿਆਣਾ ਅੰਦਰ ਬੰਸੀ ਲਾਲ ਅਤੇ ਦੇਵੀ ਲਾਲ ਸਰਕਾਰਾਂ ਧਸਦੀਆਂ ਅਤੇ ਵੱਡਾ ਰਾਜਨੀਤਕ ਨੁਕਸਾਨ ਉਠਾਉਂਦੀਆਂ ਵੇਖੀਆਂ ਗਈਆਂ ਸਨ।

ਸਰਕਾਰਾਂ ਵਿਰੁੱਧ ਅਕਸਰ ਆਮ ਲੋਕ, ਰਾਜਨੀਤਕ ਵਿਰੋਧੀ, ਸਮਾਜਿਕ ਸਖਸ਼ੀਅਤਾਂ, ਮੁਲਾਜ਼ਮ, ਬੇਰੁਜ਼ਗਾਰ ਮਜ਼ਦੂਰ, ਕਿਸਾਨ ਅਤੇ ਮਜ਼ਦੂਰ ਆਗੂ ਬੋਲਦੇ ਹਨ। ਬੁੱਧੀਜੀਵੀ ਅਤੇ ਪੱਤਰਕਾਰ ਉਨ੍ਹਾਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਸੀਸ਼ਾ ਵਿਖਾਉਣ ਲਈ ਲਿਖਦੇ ਅਤੇ ਰਿਪੋਰਟਿੰਗ ਕਰਦੇ ਹਨ। ਉਨ੍ਹਾਂ ਦਾ ਮੂੰਹ ਬੰਦ ਕਰਨ ਲਈ ਘਟੀਆ, ਗੈਰ ਲੋਕਤੰਤਰੀ, ਅਣਮਨੁੱਖੀ ਹਰਕਤਾਂ ’ਤੇ ਉੱਤਰਨ ਜਾਂ ਰਾਜਕੀ ਅਤੇ ਪੁਲਿਸ ਡੰਡੇ ਨਾਲ ਚੁੱਪ ਕਰਾਉਣ ਦੀ ਬਜਾਇ ਸਰਕਾਰਾਂ ਨੂੰ ਆਪਣੀਆਂ ਗਲਤੀਆਂ ਵਿੱਚ ਸੁਧਾਰ ਕਰਕੇ, ਆਪਣੀ ਵਧੀਆ ਲੋਕ ਪੱਖੀ ਕਾਰਗੁਜ਼ਾਰੀ, ਜਨਤਕ ਹਿਤ ਵਿਕਾਸ ਪ੍ਰੋਗਰਾਮਾਂ, ਵਧੀਆ ਸਿੱਖਿਆ, ਸਿਹਤ, ਆਵਾਜਾਈ, ਰੁਜ਼ਗਾਰ ਅਤੇ ਨਿਵੇਸ਼ ਸੁਧਾਰਾਂ ਰਾਹੀਂ ਉਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। **(ਬਾਕੀ ਸਫ਼ਾ 31 ’ਤੇ)**

# 3 ਲੱਖ ਕਰੋੜ ਤੋਂ ਵੀ ਵੱਧ ਦੇ ਕਰਜ਼ਾਈ ਪੰਜਾਬ ਦੀ ਨਵਉਸਾਰੀ ਕਰਨ ਦੀ ਲੋੜ

ਡਾ. ਰਣਜੀਤ ਸਿੰਘ

ਪੰਜਾਬ ਦੇਸ਼ ਦਾ ਸਭ ਤੋਂ ਵੱਧ ਖ਼ੁਸ਼ਹਾਲ ਸੂਬਾ ਹੈ। ਇੱਥੋਂ ਦੇ ਲੋਕ ਚੰਗਾ ਖਾਂਦੇ, ਚੰਗਾ ਪਹਿਨਦੇ ਅਤੇ ਵਿਖਾਵੇ ਲਈ ਖੁੱਲ੍ਹਾ ਖ਼ਰਚ ਕਰਦੇ ਹਨ। ਪਿੰਡ ਵੀ ਸ਼ਹਿਰਾਂ ਵਰਗੇ ਹੀ ਹੋ ਗਏ ਹਨ। ਸਾਰੇ ਪਿੰਡਾਂ ਦੇ ਘਰ ਪੱਕੇ, ਬਿਜਲੀ, ਪਾਣੀ ਅਤੇ ਪੱਕੀਆਂ ਸੜਕਾਂ ਨਾਲ ਜੁੜੇ ਹੋਏ ਹਨ। ਇਸੇ ਸੂਬੇ ਵਿੱਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋਇਆ ਹੈ। ਭਾਵੇਂ ਬਹੁਤ ਘੱਟ ਹੈ ਪਰ ਕਿਸਾਨ ਦੀ ਆਮਦਨ ਦੂਜੇ ਸੂਬਿਆਂ ਤੋਂ ਵੱਧ ਹੈ ਤੇ ਇੱਥੇ ਮਜ਼ਦੂਰ ਦੀ ਮਜ਼ਦੂਰੀ ਤੇ ਕਾਰੀਗਰਾਂ ਦੀ ਫੀਸ ਵੀ ਦੂਜਿਆਂ ਸੂਬਿਆਂ ਨਾਲੋਂ ਵੱਧ ਹੈ। ਇੱਕ ਅੰਦਾਜ਼ੇ ਮੁਤਾਬਕ ਸੂਬੇ ਵਿੱਚ 25 ਲੱਖ ਤੋਂ ਵੱਧ ਸਿੱਖਿਅਤ ਅਤੇ ਆਮ ਕਾਮੇ ਦੂਜੇ ਸੂਬਿਆਂ ਤੋਂ ਆ ਕੇ ਕਮਾਈ ਕਰਦੇ ਹਨ। ਅਜਿਹਾ ਹੋਣ ਦੇ ਬਾਵਜੂਦ ਇੱਥੋਂ ਦੇ ਸਰਕਾਰੀ ਖ਼ਜ਼ਾਨੇ ਦੀ ਹਾਲਤ ਪਿਛਲੇ ਕਈ ਸਾਲਾਂ ਤੋਂ ਕਈ ਹੋਰ ਸੂਬਿਆਂ ਤੋਂ ਮਾੜੀ ਹੈ। ਸਰਕਾਰ ਸਿਰ 3 ਲੱਖ ਕਰੋੜ ਤੋਂ ਵੀ ਵੱਧ ਦਾ ਕਰਜ਼ਾ ਹੈ।

ਇਸ ਕਰਜ਼ੇ ਦਾ ਵਿਆਜ ਮੋੜਨ ਲਈ ਵੀ ਸਰਕਾਰ ਨੂੰ ਕਰਜ਼ਾ ਲੈਣਾ ਪੈ ਰਿਹਾ ਹੈ। ਰਾਜ ਦੀ ਹਾਲਤ ਮਾੜੀ ਹੋਣ ਦੇ ਬਾਬਜੂਦ ਇੱਥੋਂ ਦੇ ਮੁੱਖ ਮੰਤਰੀ, ਮੰਤਰੀ, ਐੱਮਐੱਲਏਜ਼ ਤੇ ਸਰਕਾਰੀ ਕਰਮਚਾਰੀਆਂ ਕੋਲ ਦੂਜੇ ਕਈ ਸੂਬਿਆਂ ਦੇ ਆਪਣੇ ਹਮਰੁਤਬਾ ਵਿਅਕਤੀਆਂ ਨਾਲੋਂ ਵੱਧ ਸਹੂਲਤਾਂ ਹਨ। ਇਸ ਅਜੀਬ ਸਥਿਤੀ ਬਾਰੇ ਡੂੰਘੀ ਵਿਚਾਰ ਕਰਨ ਦੀ ਲੋੜ ਹੈ। ਇਸ ਰਾਜ ਵਿੱਚ ਵਸੋਂ ਦੇ ਅਨੁਪਾਤ ਨਾਲ ਵਾਹਨਾਂ ਦੀ ਗਿਣਤੀ, ਖ਼ਰੀਦਦਾਰੀ, ਸ਼ਰਾਬ ਦੀ ਵਰਤੋਂ ਮਕਾਨ ਉਸਾਰੀ ਵੱਧ ਕੀਤੀ ਜਾਂਦੀ ਹੈ। ਇੰਜ ਸਰਕਾਰ ਦੀ ਆਮਦਨ ਇੰਨੀ ਕੁ ਜ਼ਰੂਰ ਹੋ ਸਕਦੀ ਹੈ ਜਿਸ ਨਾਲ ਲੋਕਾਂ ਦੀਆਂ ਦੋ ਮੁੱਢਲੀਆਂ ਲੋੜਾਂ ਵਿੱਦਿਆ ਅਤੇ ਡਾਕਟਰੀ ਸਹੂਲਤਾਂ ਵਧੀਆ ਹੋ ਸਕਦੀਆਂ ਹਨ। ਇਸ ਦੇ ਨਾਲ ਹੀ ਆਵਾਜਾਈ ਲਈ ਸੜਕਾਂ ਵੀ ਵਧੀਆ ਬਣ ਸਕਦੀਆਂ ਹਨ। ਪੰਜਾਬ ਦੀਆਂ ਮੁੱਖ ਫ਼ਸਲਾਂ ਕਣਕ ਤੇ ਝੋਨੇ ਦੀ ਵਿਕਰੀ ਉੱਤੇ ਵੀ ਟੈਕਸ ਵਸੂਲਿਆ ਜਾਂਦਾ ਹੈ।

ਹੜ੍ਹ ਪੀੜਤ ਇਲਾਕਿਆਂ ’ਚ ਮਨੁੱਖੀ ਜਾਨਾਂ ਤੇ ਪਸ਼ੂ ਧਨ ਬਚਾਓ

ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਇਸ ਸਦੀ ਵਿੱਚ ਇਸ ਵੇਲੇ ਜਿਹੜਾ ਥੋੜ੍ਹਾ ਸੁਧਾਰ ਹੋਇਆ ਹੈ ਉਹ ਕੇਂਦਰ ਵੱਲੋਂ ਮਿਲੀ ਮਾਲੀ ਸਹਾਇਤਾ ਨਾਲ ਹੀ ਹੋਇਆ ਹੈ। ਸਰਕਾਰ ਕੇਂਦਰ ਕੋਲੋਂ ਵੀ ਪੂਰੀ ਮਾਲੀ ਸਹਾਇਤਾ ਲੈਣ ਤੋਂ ਅਸਮਰੱਥ ਹੈ ਕਿਉਂਕਿ ਕਈ ਸਕੀਮਾਂ ਵਿੱਚ ਰਾਜ ਸਰਕਾਰ ਨੂੰ 40 ਪ੍ਰਤੀਸ਼ਤ ਹਿੱਸਾ ਦੇਣਾ ਪੈਂਦਾ ਹੈ। ਸਰਕਾਰ ਦੀ ਵਿਗੜੀ ਹਾਲਤ ਦੇ ਕਈ ਕਾਰਨ ਹੋ ਸਕਦੇ ਹਨ ਪਰ ਮੁੱਖ ਤੌਰ ਉੱਤੇ ਟੈਕਸ ਚੋਰੀ, ਰਿਸ਼ਵਤਖੋਰੀ, ਨਾਕਾਮ ਮਾਲੀ ਪ੍ਰਬੰਧ, ਮੁਫ਼ਤ ਦੀਆਂ ਰਿਓੜੀਆਂ ਤੇ ਬੇਕਾਬੂ ਸਰਕਾਰੀ ਖ਼ਰਚੇ ਹਨ। ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਸਬਜ਼ਬਾਗ




ਵਿਖਾਉਂਦੀਆਂ ਹਨ। ਮਾਲੀਏ ਦੀ ਹੋ ਰਹੀ ਚੋਰੀ ਰੋਕਣ ਦੀਆਂ ਵੀ ਡੀਂਗਾਂ ਮਾਰੀਆਂ ਜਾਂਦੀਆਂ ਹਨ। ਭ੍ਰਿਸ਼ਟਾਚਾਰ ਉੱਤੇ ਕਾਬੂ ਪਾਉਣ ਦਾ ਵੀ ਵਾਅਦਾ ਕੀਤਾ ਜਾਂਦਾ ਹੈ ਪਰ ਜਦੋਂ ਕੁਰਸੀ ਪ੍ਰਾਪਤ ਹੋ ਜਾਂਦੀ ਹੈ ਤਾਂ ਇਹ ਸਾਰਾ ਕੁਝ ਵਿਸਰ ਜਾਂਦਾ ਹੈ। ਪੰਜਾਬ ਦੀ ਧਰਤੀ ’ਤੇ ਇਮਾਨਦਾਰੀ ਨੂੰ ਸਭ ਤੋਂ ਵੱਡੀ ਢਾਹ ਲੱਗੀ ਹੈ। ਹਰੇਕ ਦਾ ਯਤਨ ਹੁੰਦਾ ਹੈ ਕਿ ਕਿਵੇਂ ਟੈਕਸ ਦੀ ਚੋਰੀ ਕੀਤੀ ਜਾ ਸਕੇ। ਰਿਸ਼ਵਤਖੋਰੀ ਤਾਂ ਸਿਖ਼ਰ ’ਤੇ ਹੈ। ਪੈਸੇ ਦੇ ਕੇ ਕਿਸੇ ਵੀ ਦਫ਼ਤਰ ਤੋਂ ਕੋਈ ਵੀ ਕੰਮ ਕਰਵਾਇਆ ਜਾ ਸਕਦਾ ਹੈ। ਜੇਕਰ ਦੋ ਨੰਬਰੀ ਫੀਸ ਨਾ ਦਿੱਤੀ ਜਾਵੇ ਤਾਂ ਬਹੁਤ ਖੱਜਲ-ਖੁਆਰੀ ਝੱਲਣੀ ਪੈਂਦੀ ਹੈ। ਕਈ ਤਰ੍ਹਾਂ ਦੇ ਬੇ-ਸਿਰ-ਪੈਰ ਇਤਰਾਜ਼ ਲਗਾ ਦਿੱਤੇ ਜਾਂਦੇ ਹਨ। ਸਰਕਾਰੀ ਫੀਸ ’ਚ ਬੱਚਤ ਕਰਨ ਦੇ ਵੀ ਢੰਗ-ਤਰੀਕੇ ਕਰਮਚਾਰੀ ਹੀ ਦੱਸਦੇ ਹਨ।

ਪੰਜਾਬ ਦੇ ਲੋਕਾਂ ਨੇ ਹਾਲਾਤ ਨਾਲ ਸਮਝੌਤਾ ਕਰ ਲਿਆ ਸੀ ਕਿ ਇੱਥੇ ਕੁਝ ਨਹੀਂ ਹੋ ਸਕਦਾ ਪਰ ਕਿਸਾਨ ਮੋਰਚੇ ਦੀ ਜਿੱਤ ਨੇ ਉਨ੍ਹਾਂ ਦੀ ਆਪਣੀ ਸ਼ਕਤੀ ’ਤੇ ਮੁੜ ਭਰੋਸਾ ਕਰਵਾਇਆ। ਸਰਕਾਰ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ। ਰਾਜ ’ਚ ਹੋ ਰਹੀ ਵੱਡੇ ਪੱਧਰ ’ਤੇ ਟੈਕਸ ਚੋਰੀ ਨੂੰ ਰੋਕਿਆ ਜਾਵੇ। ਇਸ ਪਾਸੇ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ। ਨਾਲ ਹੀ ਸਰਕਾਰੀ ਕਰਮਚਾਰੀਆਂ ਨੂੰ ਇਮਾਨਦਾਰੀ ਦਾ ਪਾਠ ਪੜ੍ਹਾਇਆ ਜਾਵੇ।

ਸਰਕਾਰੀ ਖ਼ਰਚੇ ਘੱਟ ਕੀਤੇ ਜਾਣ। ਪੰਜਾਬ ’ਚ ਵਜ਼ੀਰਾਂ ਤੇ ਅਫ਼ਸਰਾਂ ਨੂੰ ਲੋੜ ਤੋਂ ਵੱਧ ਸਹੂਲਤਾਂ, ਸੁਰੱਖਿਆ ਤੇ ਵਸੀਲੇ ਦਿੱਤੇ ਜਾ ਰਹੇ ਹਨ। ਇਨ੍ਹਾਂ ਦੀ ਪੜਚੋਲ ਕਰ ਕੇ ਇਹ ਘਟਾਏ ਜਾਣੇ ਚਾਹੀਦੇ ਹਨ। ਸਰਕਾਰ ਦੀਆਂ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਤੇ ਬੋਰਡ ਹਨ। ਇਨ੍ਹਾਂ ’ਚੋਂ ਬਹੁਤੇ ਤਾਂ ਘਾਟੇ ’ਚ ਜਾ ਰਹੇ ਹਨ।

ਜਦੋਂ ਇਹ ਬਣਾਈਆਂ ਗਈਆਂ ਸਨ ਤਾਂ ਮੰਤਵ ਸਰਕਾਰੀ ਲਾਲ ਫੀਤਾਸ਼ਾਹੀ ਨੂੰ ਰੋਕਣਾ ਲਈ ਤੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨਾ ਸੀ। ਪਰ ਹੁਣ ਇਹ ਸਰਕਾਰ ’ਤੇ ਬੋਝ ਬਣ ਗਈਆਂ ਹਨ ਅਤੇ ਇਨ੍ਹਾਂ ਦੀ ਵਰਤੋਂ ਪਾਰਟੀ ਲੀਡਰਾਂ ਨੂੰ ਚੇਅਰਮੈਨੀ ਦੇ ਰੂਪ ਵਿੱਚ ਰਿਓੜੀਆਂ ਵੰਡਣ ਲਈ ਕੀਤੀ ਜਾ ਰਹੀ ਹੈ। ਮਿਸਾਲ ਵਜੋਂ ਸਨਅਤੀ ਵਿਕਾਸ ਲਈ ਸਰਕਾਰੀ ਵਿਭਾਗ ਹਨ ਪਰ ਨਾਲ ਹੀ ਛੋਟੇ, ਦਰਮਿਆਨੇ, ਵੱਡੇ ਅਤੇ ਖੇਤੀ ਸਨਅਤਾਂ ਨੂੰ ਪ੍ਰਫੁੱਲਿਤ ਕਰਨ ਲਈ ਚਾਰ ਕਾਰਪੋਰੇਸ਼ਨਾਂ ਹਨ। ਕੀ ਇੱਕ ਕਾਰਪੋਰੇਸ਼ਨ ਨਾਲ ਕੰਮ ਨਹੀਂ ਸਾਰਿਆ ਜਾ ਸਕਦਾ।

ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ’ਚ ਲੱਖਾਂ ਰੇਹੜੀਆਂ ਤੇ ਫੜ੍ਹੀਆਂ ਹਨ। ਇਹ ਸਾਰੀਆਂ ਸਬੰਧਤ ਅਧਿਕਾਰੀਆਂ ਨੂੰ ਹਫ਼ਤਾ ਦਿੰਦੀਆਂ ਹਨ। ਸਰਕਾਰ ਵੱਲੋਂ ਇਨ੍ਹਾਂ ਦੀ ਫੀਸ ਨਿਰਧਾਰਤ ਕਰ ਕੇ ਟੋਕਨ ਦੇਣੇ ਚਾਹੀਦੇ ਹਨ। ਇੰਜ ਸ਼ਹਿਰਾਂ ਤੇ ਕਸਬਿਆਂ ਦੇ ਵਿਕਾਸ ਲਈ ਲੋੜੀਦਾ ਧਨ ਪ੍ਰਾਪਤ ਹੋ ਜਾਵੇਗਾ। ਜੇ ਇਨ੍ਹਾਂ ਕੋਲੋਂ ਵੀ ਲੋੜੀਂਦੀ ਫੀਸ ਵਸੂਲੀ ਜਾਵੇ ਤੇ ਸਬਜ਼ੀਆਂ ਦੀ ਕੀਮਤ ਮਿੱਥੀ ਜਾਵੇ ਤਾਂ ਮੰਡੀ ਬੋਰਡ ਵੀ ਅਮੀਰ ਹੋ ਜਾਵੇਗਾ ਤੇ ਖ਼ਪਤਕਾਰਾਂ ਨੂੰ ਵਾਜਿਬ ਮੁੱਲ ਉੱਤੇ ਫਲ-ਸਬਜ਼ੀਆਂ ਮਿਲ ਜਾਣਗੇ। ਪੰਜਾਬ ’ਚ ਸੈਰ-ਸਪਾਟਾ ਸਨਅਤ ਨੂੰ ਵਿਕਸਤ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ।

ਕਦੇ ਡਾ. ਮਹਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਸੈਰ-ਸਪਾਟਾ ਕਾਰਪੋਰੇਸ਼ਨ ਨੇ ਮੁੱਖ ਸੜਕਾਂ ’ਤੇ ਮੋਟਲ ਬਣਾਏ ਸਨ। ਹੁਣ ਇਨ੍ਹਾਂ ’ਚੋਂ ਬਹੁਤੇ ਬੰਦ ਹੋ ਗਏ ਹਨ ਜਾਂ ਵੇਚ ਦਿੱਤੇ ਗਏ ਹਨ। ਕਾਰਪੋਰੇਸ਼ਨ ਵੱਲੋਂ ਸੈਰ-ਸਪਾਟੇ ਦੇ ਵਧੀਆ ਪ੍ਰੋਗਾਰਾਮ ਉਲੀਕੇ ਜਾਣ। ਪੰਜਾਬ ’ਚ ਧਾਰਮਿਕ ਯਾਤਰਾ ਤੇ ਸੱਭਿਆਚਾਰਕ ਮੇਲਿਆਂ ਰਾਹੀਂ ਸੈਲਾਨੀਆਂ ਨੂੰ ਖਿੱਚਿਆ ਜਾ ਸਕਦਾ ਹੈ। ਸੈਰ-ਸਪਾਟਾ ਪੈਕੇਜ ਬਣਾਏ ਜਾਣ ਤੇ ਖੇਤੀ ਉਪਜ ਆਧਾਰਿਤ ਮੇਲੇ ਲਗਾਏ ਜਾਣ।

ਪਿੰਡਾਂ ਦੇ ਸਕੂਲਾਂ ਤੇ ਕਲੀਨਿਕਾਂ ਨੂੰ ਵਧੀਆ ਬਣਾਉਣ ਲਈ ਐੱਨਆਰਆਈਜ਼ ਦੀ ਸਹਾਇਤਾ ਲੈਣੀ ਚਾਹੀਦੀ ਹੈ। ਹਰ ਪਿੰਡ ’ਚੋਂ ਬਾਹਰ ਵਸਦੇ ਪਰਿਵਾਰ ਆਪਣੇ ਪਿੰਡਾਂ ’ਚ ਵਿੱਦਿਆ ਤੇ ਸਿਹਤ ਸਹੂਲਤਾਂ ਵਧੀਆ ਬਣਾਉਣ ਲਈ ਅੱਗੇ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਲੋੜ ਹੈ ਇਸ ਨੂੰ ਇਕ ਮਹਿੰਮ ਦਾ ਰੂਪ ਦਿੱਤਾ ਜਾਵੇ। ਲੋਕਾਂ ਨੂੰ ਮੁਫ਼ਤ ਸਿਰਫ਼ ਵਿੱਦਿਅਕ ਤੇ ਸਿਹਤ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਬਾਕੀ ਸਹੂਲਤਾਂ ਕੇਵਲ ਗ਼ਰੀਬ ਵਰਗ ਨੂੰ ਦਿੱਤੀਆਂ ਜਾਣ। ਨਹਿਰਾਂ ਨੂੰ ਪੱਕੀਆਂ ਕਰਨ ਦੀ ਥਾਂ ਇਨ੍ਹਾਂ ਦੀ ਸਾਫ਼-ਸਫ਼ਾਈ ਕੀਤੀ ਜਾਵੇ। ਪਿੰਡਾਂ ’ਚ ਫੋਕਲ ਪੁਆਇੰਟ ਸੁਰਜੀਤ ਕੀਤੇ ਜਾਣ। ਇੱਥੇ ਖੇਤੀ ਆਧਾਰਤ ਸਨਅਤਾਂ ਲਗਾਈਆਂ ਜਾਣ। ਇਸ ਨਾਲ ਸਰਕਾਰ ਦੀ ਆਮਦਨ ’ਚ ਵਾਧਾ ਹੋਵੇਗਾ ਤੇ ਲੋਕਾਂ ਨੂੰ ਰੁਜ਼ਗਾਰ ਵੀ ਮਿਲੇਗਾ ਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਵੀ ਪੂਰਾ ਮੁੱਲ ਮਿਲ ਸਕੇਗਾ। ਰੇਤਾ, ਬਜਰੀ ਅਤੇ ਸ਼ਰਾਬ ਦੀ ਚੋਰੀ ਰੋਕਣ ਦੀ ਲੋੜ ਹੈ।

# ਫੱਗਣ ਮਾਹ ਮੁਬਾਰਕ ਚੜ੍ਹਿਆ, ਬੈਠੀ ਤਖ਼ਤ ਬਸੰਤੋ ਰਾਣੀ












ਇੱਕ ਸਾਲ ਵਿੱਚ '6 ਰੁੱਤਾਂ' ਦਾ 'ਵਣਜ' ਕਰਨ ਵਾਲੇ 'ਪੰਜਾਬ' ਵਿੱਚ 'ਫੁੱਲਾਂ ਦੀ ਰੁੱਤ' ਭਾਵ ਫੱਗਣ ਮਹੀਨੇ ਦੀ ਸ਼ੁਰੂਆਤ ਹੋਣ ਵਾਲੀ ਹੈ। ਭਾਵੇਂ ਇਹ ਸਤਰਾਂ ਲਿਖਣ ਸਮੇਂ ਪੰਜਾਬ 'ਚ ਪਤਝੜ ਦੀ ਰੁੱਤ ਚੱਲ ਰਹੀ ਹੈ, ਜਿਸ ਕਰਕੇ ਵੱਡੀ ਗਿਣਤੀ ਦਰਖ਼ਤਾਂ ਦੇ ਪੱਤੇ ਰੁੱਖਾਂ ਦੀਆਂ ਟਾਹਣੀਆਂ ਨਾਲੋਂ ਟੁੱਟ ਕੇ ਧਰਤੀ 'ਤੇ ਵਿਛੇ ਹੋਏ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੇ ਹਨ। ਭਾਵੇਂ ਕੈਨੇਡਾ ਦੀ ਪਤਝੜ ਰੁੱਤ ਪੂਰੀ ਦੁਨੀਆਂ ਵਿੱਚ ਸਭ ਤੋਂ ਸੋਹਣੀ ਮੰਨੀ ਜਾਂਦੀ ਹੈ ਪਰ ਪੰਜਾਬ ਦੀ ਪਤਝੜ ਰੁੱਤ ਦਾ ਆਪਣਾ ਵੱਖਰਾ ਹੀ ਆਨੰਦ ਹੁੰਦਾ ਹੈ। ਤੇਜ਼ ਅਤੇ ਠੰਡੀ ਹਵਾ ਕਾਰਨ ਰੁੱਖਾਂ ਤੋਂ ਟੁੱਟ ਕੇ ਹੇਠਾਂ ਡਿੱਗਦੇ ਪੱਤਿਆਂ ਨੂੰ ਵੇਖ ਕੇ ਵੱਖਰਾ ਹੀ ਨਜ਼ਾਰਾ ਨਜ਼ਰ ਆਉਂਦਾ ਹੈ। ਇਸ ਦੇ ਨਾਲ ਹੀ ਰੁੱਖਾਂ 'ਤੇ ਨਵੀਆਂ ਕਰੂੰਬਲਾਂ ਫੁੱਟਣ ਵਾਲੀਆਂ ਹਨ, ਜੋ ਕਿ ਜਲਦੀ ਹੀ 'ਬਸੰਤ ਰੁੱਤ' ਆਉਣ ਦੀਆਂ ਸੂਚਕ ਹਨ। ਫੱਗਣ ਮਹੀਨੇ ਠੰਡ ਦਾ ਜੋਬਨ ਢਲਨ ਲੱਗਦਾ ਹੈ ਅਤੇ ਬਨਸਪਤੀ ਮੌਲਣ ਲੱਗਦੀ ਹੈ। ਪਤਝੜ ਦੀ ਰੁੱਤ ਦੌਰਾਨ ਰੁੰਡ ਮਰੁੰਡ ਹੋਏ ਰੁੱਖਾਂ ਉੱਪਰ ਫੱਗਣ ਮਹੀਨੇ ਬਹਾਰ ਆ ਕੇ ਪੈਲਾਂ ਪਾਉਣ ਲੱਗਦੀ ਹੈ।

ਫੱਗਣ ਮਹੀਨੇ ਖੇਤਾਂ ਵਿੱਚ ਖੜੀ ਕਣਕ, ਸਰ੍ਹੋਂ, ਜੌਂ, ਮਸਰ ਦੀ ਫਸਲ ਦੇ ਨਾਲ ਹੀ ਹਰ ਵੇਲ ਬੂਟੇ, ਰੁੱਖ ਉੱਪਰ ਹੀ ਬਹਾਰ ਨੱਚਦੀ ਗਾਉਂਦੀ ਪ੍ਰਤੀਤ ਹੁੰਦੀ ਹੈ। ਇਸ ਮਹੀਨੇ ਖਿੜਦੇ ਵੱਖ- ਵੱਖ ਰੰਗਾਂ ਦੇ ਫੁੱਲ ਤਰ੍ਹਾਂ ਤਰ੍ਹਾਂ ਦੀਆਂ ਸੁਗੰਧੀਆਂ ਫੈਲਾਉਂਦਿਆਂ ਮੌਸਮ ਨੂੰ ਹੋਰ ਵੀ ਸੋਹਾਵਣਾ ਬਣਾ ਦਿੰਦੇ ਹਨ। ਫੱਗਣ ਮਹੀਨੇ ਅੰਬਾਂ ਦੇ ਰੁੱਖਾਂ ਨੂੰ ਪਿਆ ਬੂਰ ਦੂਰ-ਦੂਰ ਤੱਕ ਸੁੰਗਧੀਆਂ ਫੈਲਾਉਂਦਾ ਹੈ ਅਤੇ ਗਵਾਹੀ ਭਰਦਾ ਹੈ ਕਿ ਇਸ ਵਾਰ ਅੰਬਾਂ ਦੀ ਫਸਲ ਭਰਪੂਰ ਹੋਵੇਗੀ। ਅੰਬਾਂ ਦੇ ਰੁੱਖਾਂ ਨੂੰ ਪਿਆ ਬੂਰ ਵੇਖ ਕੇ 'ਅੰਬੀਆਂ ਦੇ ਦੇਸ਼ ਦੋਆਬਾ' ਦੀ ਯਾਦ ਪਰਵਾਸੀ ਪੰਜਾਬੀਆਂ ਨੂੰ 'ਸੱਤ ਸਮੁੰਦਰ ਪਾਰ' ਵੀ ਆ ਜਾਂਦੀ ਹੈ। ਫੱਗਣ ਮਹੀਨੇ ਆਪਣੀ ਮਨਮੋਹਣੀ ਆਵਾਜ਼ ਵਿੱਚ ਚਾਰ ਚੁਫੇਰੇ ਸੰਗੀਤ ਘੋਲਦੀ ਕੋਇਲ ਸਭ ਦਾ ਦਿਲ ਮੋਹ ਲੈਂਦੀ ਹੈ।

ਫੱਗਣ ਮਹੀਨੇ ਜਿਥੇ ਖਿੜੀ ਧੁੱਪ ਵਿੱਚ ਤੋਤੇ, ਚਿੜੀਆਂ, ਘੁੱਗੀਆਂ ਤੇ ਹੋਰ ਪੰਛੀ ਆਪਣੀਆਂ ਮਿੱਠੀਆਂ ਆਵਾਜ਼ਾਂ ਰਾਹੀਂ ਸੰਗੀਤਮਈ ਵਾਤਾਵਰਣ ਪੈਦਾ ਕਰਦੇ ਹਨ, ਉਥੇ ਸਾਈਬੇਰੀਆ ਦੀਆਂ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਵੀ ਆਪਣੀਆਂ ਮਨਮੋਹਣੀਆਂ ਆਵਾਜ਼ਾਂ ਨਾਲ ਸੰਗੀਤ ਪੈਦਾ ਕਰਦੇ ਹੋਏ ਅੰਬਰ ਵਿੱਚ ਉਡਾਰੀਆਂ ਮਾਰਦੇ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਫੱਗਣ ਮਹੀਨੇ ਵਿੱਚ ਕਣਕ, ਸਰ੍ਹੋਂ, ਜੌਂ, ਮਸਰ ਆਦਿ ਫਸਲਾਂ ਭਰਪੂਰ ਜੋਬਨ ਉੱਪਰ ਹੁੰਦੀਆਂ ਹਨ, ਜਦੋਂ ਠੰਡੀ ਵਾਅ ਚੱਲਣ ਨਾਲ ਖੇਤਾਂ ਵਿੱਚ ਖੜੀਆਂ ਇਹ ਫਸਲਾਂ ਖੁਸ਼ੀ ਵਿੱਚ ਝੂਮਦੀਆਂ ਹਨ ਤਾਂ ਇਹਨਾਂ ਉਪਰ ਬਹਾਰ ਨੱਚਦੀ ਗਾਉਂਦੀ ਤੇ ਪੈਲਾਂ ਪਾਉਂਦੀ ਪ੍ਰਤੀਤ ਹੁੰਦੀ ਹੈ। ਇਸ ਮਹੀਨੇ ਢਾਕ ਦੇ ਰੁੱਖ ਵੀ ਪੂਰੇ ਜੋਬਨ ਵਿੱਚ ਆ ਕੇ ਖੁਸ਼ੀ ਵਿੱਚ ਖੀਵੇ ਹੋਏ ਲੱਗਦੇ ਹਨ। ਫੱਗਣ ਮਹੀਨੇ ਰਾਤਾਂ ਚੰਨ ਚਾਨਣੀਆਂ ਹੁੰਦੀਆਂ ਹਨ ਅਤੇ ਅਸਮਾਨ 'ਤੇ ਰਾਤ ਨੂੰ ਤਾਰੇ ਚਮਕਦੇ ਦਿਖਾਈ ਦਿੰਦੇ ਹਨ। ਫੱਗਣ ਮਹੀਨੇ ਜਦੋਂ ਖੇਤਾਂ ਵਿੱਚ ਕਿਸੇ ਨਖਰੀਲੀ ਮੁਟਿਆਰ ਦੇ ਲੱਕ ਦੇ ਟੂੰਣ੍ਹੂੰ ਟੁੰਣ੍ਹੂੰ ਝਟਕਿਆਂ ਅਤੇ ਨਾਗ ਵਲ ਖਾਂਦੀ ਤੋਰ ਵਾਂਗੂ ਝੂਮਦੀ ਕਣਕ ਦੀ ਹਰਿਆਲੀ ਫਸਲ ਅਤੇ ਹਰ ਪਾਸੇ ਸਰ੍ਹੋਂ ਦੀ ਫਸਲ ਦੀ ਫੈਲੀ ਪੀਲੀ ਚਾਦਰ ਨੂੰ ਵੇਖ ਕੇ ਅੱਖੀਆਂ ਨਹੀਂ ਰੱਜਦੀਆਂ, ਇਸ ਤਰਾਂ ਲੱਗਦਾ ਹੈ ਕਿ ਜਿਵੇਂ ਕੁਦਰਤ ਨੇ ਬਸੰਤੀ ਚੁੰਨੀ ਲੈ ਲਈ ਹੋਵੇ।

ਕਿਸੇ ਸੱਜ ਵਿਆਹੀ ਦੇ ਕੋਕੇ ਦੀ ਜ਼ੀਨਤ , ਗੋਰੀਆਂ ਗੋਰੀਆਂ ਬਾਂਹਾਂ 'ਚ ਪਾਏ ਲਾਲ ਸੂਹੇ ਤੇ ਕਈ ਰੰਗਾਂ ਵਾਲੇ ਚੂੜੇ ਦੀ ਖਣਕ, ਵੰਗਾਂ ਦਾ ਛਣਕਾਟਾ ਵੀ ਤਾਂ 'ਫੁੱਲਾਂ ਦੀ ਰੁੱਤ ' ਦਾ ਸਵਾਗਤ ਕਰਦੇ ਲੱਗਦੇ ਹਨ। ਇਸ ਰੁੱਤ ਦੌਰਾਨ ਤਾਂ ਕੋਈ ਆਪਣਾ 'ਗਜਰਾ ਬਣ ਕੇ ਵੰਗਾਂ ਨੂੰ' ਪਿਆਰ ਭਰੀ ਠੋਕਰ ਮਾਰ ਕੇ 'ਪ੍ਰੀਤਾਂ ਦੀ ਪਹਿਰੇਦਾਰ' ਹੋਣ ਦੀਆਂ ਵਧਾਈਆਂ ਦਿੰਦਾ ਮਹਿਸੂਸ ਹੁੰਦਾ ਹੈ।

ਅਸੀਂ ਦੇਸੀ ਸਾਲ ਦੇ ਅੰਤਲੇ ਮਹੀਨੇ ਫੱਗਣ ਵਿੱਚ ਨਵੀਂ ਰੁੱਤ ਬਸੰਤ ਦੇ ਜਵਾਨ ਹੋਣ ਦੇ ਮੌਕੇ ਸੂਰਜ ਨੂੰ ਅਪੀਲ ਤਾਂ ਕਰ ਹੀ ਸਕਦੇ ਹਾਂ ਕਿ ਉਹ ਪੂੰਜੀਪਤੀਆਂ, ਮੱਧਵਰਗੀ ਲੋਕਾਂ ਦੇ ਨਾਲ -ਨਾਲ ਕਿਰਤੀਆਂ, ਕਾਰੀਗਰਾਂ ਤੇ ਕੰਮੀਆਂ ਦੇ ਵਿਹੜੇ ਵੀ ਜਾਵੇ ਤੇ ਉਹਨਾਂ ਦੇ ਵਿਹੜੇ ਵੀ ਸਾਰਾ ਸਾਲ ਮਘਦਾ ਰਹੇ ਤਾਂ ਕਿ ਉਹ ਆਪਣੇ ਆਪ ਨੂੰ ਜਿੰਦਗੀ ਦੀ ਹਨੇਰੀ ਗੁਫਾ ਦੇ ਵਸਨੀਕ ਨਾ ਸਮਝਣ ਤੇ ਉਹਨਾਂ ਦੀ ਜਿੰਦਗੀ ਵਿੱਚ ਵੀ ਫੱਗਣ ਮਹੀਨੇ ਦੀ ਸ਼ੁਰੂਆਤ ਤੋਂ ਹੀ ਰੌਸ਼ਨੀ ਹੋ ਸਕੇ।





# ਖ਼ਾਲਸਾ ਰਾਜ ਦੀ ਆਖ਼ਰੀ ਜੰਗ ਦਾ ਅਹਿਮ ਦਸਤਾਵੇਜ਼

## ਖ਼ਾਲਸਾ ਰਾਜ ਦੇਸ ਪੰਜਾਬ 1849 ਦੀ ਗੁਜਰਾਤ ਜੰਗ ਬਾਰੇ ਅੰਗਰੇਜ਼ ਸਰਕਾਰ ਵੱਲੋਂ ਭੇਜੀ ਐਚ. ਐਮ. ਇਲੀਅਟ ਦੀ ਖ਼ੁਫ਼ੀਆ ਰਿਪੋਰਟ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਕੈਂਪ ਫਿਰੋਜ਼ਪੁਰ
24 ਮਾਰਚ, 1849 ਨੰ : 18
ਵੱਲੋਂ
ਵਿਦੇਸ਼ ਵਿਭਾਗ (ਗੁਪਤ)
ਸੇਵਾ ਵਿਖੇ
ਸਤਿਕਾਰਯੋਗ ਮੈਂਬਰਾਨ ਖ਼ੁਫ਼ੀਆ ਕਮੇਟੀ।

ਸ੍ਰੀਮਾਨ ਜੀਓ,

1. ਸਰ ਗਿਲਬਰਟ ਦੇ ਅਣਥੱਕ ਯਤਨਾਂ ਨਾਲ ਪ੍ਰਾਪਤ ਹੋਈ ਗੁਜਰਾਤ ਦੀ ਜਿੱਤ ਦੇ ਸਿੱਟੇ ਵਜੋਂ ਅੰਗਰੇਜ਼ ਕੈਦੀਆਂ ਦੀ ਰਿਹਾਈ ਹੋ ਗਈ ਹੈ। ਸਭ ਸਿੱਖ ਸਰਦਾਰਾਂ ਨੇ ਆਪਣੇ ਪਾਸ ਬਚੀਆਂ ਬੰਦੂਕਾਂ ਸਮੇਤ ਆਤਮ-ਸਮਰਪਣ ਕਰ ਦਿੱਤਾ ਹੈ ਅਤੇ ਸਾਰੀ ਸਿੱਖ ਫੌਜ ਨੇ ਈਨ ਮੰਨ ਲਈ ਹੈ। ਇਹ ਮਹੱਤਵਪੂਰਨ ਪ੍ਰਾਪਤੀ ਬ੍ਰਿਟਿਸ਼ ਫੌਜ ਨੂੰ ਕੋਈ ਹੋਰ ਗੋਲੀ ਚਲਾਏ ਬਿਨਾਂ ਹੀ ਹੋਈ ਹੈ। ਬਾਬਾ ਮਹਾਰਾਜ ਸਿੰਘ ,ਬਾਬਾ ਬਿਕਰਮਾ ਸਿੰਘ ਬੇਦੀ , ਰਾਮ ਸਿੰਘ ਪਠਾਨੀਆ , ਕਰਨਲ ਰਛਪਾਲ ਸਿੰਘ ਆਦਿ ਸਾਡੇ ਹੱਥ ਨਹੀਂ ਆਏ।

ਇਸ ਮਹੀਨੇ ਦੀ 8 ਤਾਰੀਕ ਨੂੰ ਲਗਭਗ 16,000 ਦੁਸ਼ਮਣ ਫੌਜੀ ਰਾਵਲਪਿੰਡੀ ਵਿਖੇ ਸਨ। ਸ਼ਾਮ ਨੂੰ ਸ੍ਰੀਮਤੀ ਲਾਰੈਂਸ ਅਤੇ ਉਨ੍ਹਾਂ ਦੇ ਬੱਚੇ ਹੋਰਨਾਂ ਅੰਗਰੇਜ਼ ਕੈਦੀਆਂ ਸਮੇਤ ਅੰਗਰੇਜ਼ ਜਰਨੈਲ ਦੇ ਕੈਂਪ ਵਿੱਚ ਪਹੁੰਚ ਗਏ। ਬਾਕੀ ਜਣੇ ਰਾਜਾ ਸ਼ੇਰ ਸਿੰਘ, ਲਾਲ ਸਿੰਘ ਮੁਰਾਰੀਆ ਅਤੇ ਉਹਨਾਂ ਨੇ 450 ਸਾਥੀਆਂ ਸਮੇਤ ਕੁਝ ਹੀ ਘੰਟੇ ਬਾਅਦ ਉਥੇ ਆ ਗਏ। ਅਗਲੇ ਦਿਨ ਰਾਜਾ ਸ਼ੇਰ ਸਿੰਘ ਆਪਣੀ ਫੌਜ ਵੱਲੋਂ ਬਿਨਾਂ ਸ਼ਰਤ ਆਤਮ-ਸਮਰਪਣ ਕਰਨ ਦਾ ਪ੍ਰਬੰਧ ਕਰਨ ਲਈ ਵਾਪਸ ਰਾਵਲਪਿੰਡੀ ਮੁੜ ਗਿਆ। ਪਰ ਸਰ ਗਿਲਬਰਟ ਨੇ ਦੁਸ਼ਮਣ ਦੇ ਅੱਡੇ ਉੱਤੇ ਹੱਲਾ ਕਰਨ ਦੇ ਉਦੇਸ਼ ਨਾਲ ਅੱਗੇ ਵਧਣਾ ਅਤੇ ਰੀਅਰ ਡਿਵੀਜ਼ਨ ਨੂੰ ਇਕੱਠਾ ਕਰਨ ਦਾ ਕੰਮ ਜਾਰੀ ਰੱਖਿਆ। ਦਸ ਤਰੀਕ ਨੂੰ ਉਹ ਮਨੁਕਿਆਲਾ ਵਿਖੇ ਪੁੱਜ ਚੁੱਕਾ ਸੀ ਜਿਥੇ ਸਰਦਾਰ ਖ਼ਾਨ ਸਿੰਘ ਮਜੀਠੀਆ ਨੇ ਆਪਣੇ ਸ਼ਸਤਰਬੱਧ ਫੌਜੀਆਂ ਸਮੇਤ ਆ ਕੇ ਆਤਮ-ਸਮਰਪਣ ਕਰ ਦਿੱਤਾ।

ਇਹਨਾਂ ਵਿੱਚ ਲਗਭਗ 1000 ਫੌਜੀ ਸਨ ਅਤੇ ਉਹਨਾਂ ਕੋਲ ਕੁਝ ਬੰਦੂਕਾਂ ਸਨ। ਗਿਆਰਾਂ ਤਰੀਕ ਨੂੰ ਗਿਲਬਰਟ ਸੂਹਾਂ ਦਰਿਆ ਦੇ ਖੱਬੇ ਕੰਢੇ ਹੁਰਮਕ ਪਹੁੰਚਿਆ ਜਿਥੇ ਸਰਦਾਰ ਚਤੁਰ ਸਿੰਘ, ਰਾਜਾ ਸ਼ੇਰ ਸਿੰਘ ਅਤੇ ਕਈ ਸਿੱਖ ਸਰਦਾਰਾਂ ਅਤੇ ਸਿੱਖ ਫੌਜ ਦੇ ਅਫ਼ਸਰਾਂ ਨੇ ਉਸ ਦੇ ਕੈਂਪ ਵਿੱਚ ਪਹੁੰਚ ਕੇ ਆਪਣੀਆਂ ਤੇਗਾਂ ਅਤੇ 17 ਤੋਪਾਂ ਉਸ ਦੇ ਹਵਾਲੇ ਕਰ ਦਿੱਤੀਆਂ। ਉਹਨਾਂ ਨੇ ਇਹ ਵੀ ਦੱਸਿਆ ਕਿ ਹੋਰ ਸਰਦਾਰ ਵੀ ਅਜਿਹਾ ਕਰਨ ਲਈ ਰਾਹ ਵਿੱਚ ਆ ਰਹੇ ਹਨ।

ਚੌਦਾਂ ਤਰੀਕ ਨੂੰ ਜਰਨਲ (ਗਿਲਬਰਟ) ਰਾਵਲਪਿੰਡੀ ਪਹੁੰਚਿਆ ਜਿਥੇ ਸਾਰੀ ਸਿੱਖ ਫੌਜ ਨੇ ਉਸ ਅੱਗੇ ਹਥਿਆਰ ਸੁੱਟ ਦਿੱਤੇ— ਡਿਵੀਜ਼ਨਾਂ ਅਤੇ ਬਿਰਗੇਡਾਂ ਦੇ ਕਮਾਂਡਿੰਗ ਅਫ਼ਸਰਾਂ ਤੇ ਉਨ੍ਹਾਂ ਦੇ ਸਟਾਫ਼ ਦੀ ਮੌਜੂਦਗੀ ਵਿੱਚ ਸਰਦਾਰਾਂ ਨੇ ਆਪਣੀਆਂ ਤੇਗਾਂ ਭੇਟ ਕਰ ਦਿੱਤੀਆਂ। ਪੇਸ਼ ਕੀਤੀਆਂ ਗਈਆਂ ਤੋਪਾਂ ਦੀ ਗਿਣਤੀ 41 ਸੀ ਅਤੇ 16, 000 ਹਥਿਆਰਾਂ ਦੇ ਸਟੈਂਡ ਵੀ ਪੇਸ਼ ਕੀਤੇ ਗਏ। ਹੁਣ ਤੱਕ ਮੈਨੂੰ ਮਿਲੀ ਜਾਣਕਾਰੀ ਅਨੁਸਾਰ ਇਹਨਾਂ ਹਥਿਆਰਾਂ ਦੀ ਗਿਣਤੀ 20,000 ਹੋ ਗਈ ਹੈ। ਬਾਬਾ ਮਹਾਰਾਜ ਸਿੰਘ ,ਬਾਬਾ ਬਿਕਰਮਾ ਸਿੰਘ ਬੇਦੀ (ਜੋ ਅਜੇ ਜਿਉਂਦੇ ਜਾਪਦੇ ਹਨ) ਤੇ ਕਰਨਲ ਰਛਪਾਲ ਸਿੰਘ ਨੂੰ ਛੱਡ ਕੇ, ਬਾਕੀ ਸਭ ਸਰਦਾਰਾਂ ਨੇ ਹਥਿਆਰ ਸੁੱਟ ਦਿੱਤੇ ਹਨ। ਇਹ ਵਿਅਕਤੀ ਭਗੌੜੇ ਹੋ ਗਏ ਹਨ ਪਰ ਇਹਨਾਂ ਦੇ ਮਗਰ ਲੱਗਣ ਵਾਲਾ ਕੋਈ ਨਹੀਂ ਸੀ।

ਕਮਾਂਡਰ-ਇਨ-ਚੀਫ਼ ਲਿਖਦੇ ਹਨ, “ਇਸ ਵੇਲੇ ਸਾਡੇ ਕਬਜ਼ੇ ਵਿੱਚ ਗੁਜਰਾਤ ਦੇ ਸਥਾਨ ’ਤੇ ਸਾਡੇ ਹੱਥ ਲੱਗੀਆਂ ਉਹ 56 ਤੋਪਾਂ ਜੋ ਦੁਸ਼ਮਣ 21 ਫ਼ਰਵਰੀ ਨੂੰ ਪਿੱਛੇ ਹਟਣ ਵੇਲੇ ਛੱਡ ਕੇ ਨੱਸ ਗਿਆ ਸੀ, ਉਸੇ ਦਿਨ ਸ਼ਾਮ ਨੂੰ ਮੇਜਰ ਜਨਰਲ ਸਰ ਗਿਲਬਰਟ ਦੇ ਹਵਾਲੇ ਕੀਤੀਆਂ 41 ਤੋਪਾਂ, ਚੇਲਿਆਂਵਾਲਾ ਦੇ ਸਥਾਨ ’ਤੇ ਪਕੜੀਆਂ 12 ਤੋਪਾਂ ਅਤੇ ਮੁਲਤਾਨ ਵਿਖੇ ਪਕੜੀਆਂ 50 ਤੋਪਾਂ ਹਨ ਅਤੇ ਇਸ ਤਰ੍ਹਾਂ ਵਰਤਮਾਨ ਮੁਹਿੰਮ ਦੌਰਾਨ ਸਾਡੇ ਹੱਥ ਲੱਗੇ ਹਥਿਆਰਾਂ ਦੀ ਕੁਲ ਗਿਣਤੀ 158 ਹੋ ਗਈ ਹੈ।

2. ਗੁਜਰਾਤ ਦੀ ਜਿੱਤ ਅਤੇ ਉਸ ਤੋਂ ਪਿੱਛੋਂ ਦੀਆਂ ਕਾਰਵਾਈਆਂ ਉੱਤੇ, ਜਿਹੜੀਆਂ ਮੇਜਰ ਜਨਰਲ ਗਿਲਬਰਟ ਨੇ ਕਮਾਂਡਰ-ਇਨ-ਚੀਫ਼ ਦੇ ਨਿਰਦੇਸ਼ ਅਨੁਸਾਰ ਬੜੇ ਸ਼ਲਾਘਾਯੋਗ ਢੰਗ ਨਾਲ ਨਿਭਾਈਆਂ, ਮੈਂ ਮੇਜਰ ਜਨਰਲ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਪਰ ਇਸ ਜਿੱਤ ਦੇ ਸ਼ਾਨਦਾਰ ਨਤੀਜਿਆਂ ਦੇ ਨਾਲ-ਨਾਲ ਮੈਂ ਇਸ ਅਸਲੀਅਤ ਨੂੰ ਅੱਖੋਂ-ਉਹਲੇ ਨਹੀਂ ਕੀਤਾ ਕਿ ਭਾਵੇਂ ਸਿੱਖ ਫ਼ੌਜ ਦਾ ਵਕਾਰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਹੈ ਅਤੇ ਉਸ ਦੀ ਤਾਕਤ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ ਹੈ, ਫਿਰ ਵੀ ਅਜੇ ਇਕ ਅਜਿਹਾ ਬੇਮੁਹਾਰਾ ਤੇ ਢੀਠ ਦੁਸ਼ਮਣ ਰਹਿੰਦਾ ਹੈ, ਜਿਸ ਨੂੰ ਜਲਦੀ ਤੋਂ ਜਲਦੀ ਸੋਧਣ ਦੀ ਲੋੜ ਹੈ। ਮੈਂ ਨਹੀਂ ਸਮਝਦਾ ਕਿ ਯੁੱਧ ਸਮਾਪਤ ਹੋ ਗਿਆ ਹੈ। ਜਦੋਂ ਤੱਕ ਦੋਸਤ ਮੁਹੰਮਦ ਖ਼ਾਨ ਅਤੇ ਅਫ਼ਗਾਨ ਦੁਸ਼ਮਣਾਂ ਨੂੰ ਪੇਸ਼ਾਵਰ ਦੇ ਇਲਾਕੇ ਵਿੱਚੋਂ ਬਾਹਰ ਨਹੀਂ ਕੱਢ ਦਿੱਤਾ ਜਾਂਦਾ ਜਾਂ ਇਸ ਇਲਾਕੇ ਵਿਚ ਹੀ ਉਹਨਾਂ ਦਾ ਖ਼ਾਤਮਾ ਨਹੀਂ ਕਰ ਦਿੱਤਾ ਜਾਂਦਾ, ਉਦੋਂ ਤੱਕ ਮੈਂ ਨਹੀਂ ਕਹਿ ਸਕਦਾ ਕਿ ਅਮਨ ਬਹਾਲ ਹੋ ਗਿਆ ਹੈ। ਸ਼ਾਇਦ ਹੁਣ ਵੀ ਹਾਲਤ ਇਹੋ ਹੋਵੇ ਅਤੇ ਮੇਰੇ ਖ਼ਿਆਲ ਵਿੱਚ ਹਾਲਤ ਅਜਿਹੀ ਹੀ ਹੈ। ਮੈਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਹੈ ਕਿ ਗਿਲਬਰਟ ਅਟਕ (ਸ਼ਹਿਰ) ਵਿਖੇ ਪੁੱਜ ਗਿਆ ਹੈ ਅਤੇ ਉਸ ਦੇ ਉਥੇ ਪਹੁੰਚਦਿਆਂ ਹੀ ਦੁਸ਼ਮਣ ਨੇ ਉਹ ਸ਼ਹਿਰ ਖ਼ਾਲੀ ਕਰ ਦਿੱਤਾ। ਇਹ ਹਿੰਮਤੀ ਅਫ਼ਸਰ ਸਿੰਧ ਦਰਿਆ ’ਤੇ ਬਣੇ ਕਿਸ਼ਤੀਆਂ ਦੇ ਪੁਲ ਨੂੰ ਤਬਾਹ ਕੀਤੇ ਜਾਣ ਤੋਂ ਬਚਾਉਣ ਲਈ 31 ਮੀਲ ਲੰਬਾ ਜ਼ੋਰਦਾਰ ਧਾਵਾ ਕਰਕੇ (ਅਟਕ ਦੀ) ਗੜ੍ਹੀ ਤੱਕ ਪੁੱਜਾ ਅਤੇ ਆਪਣੇ ਉਦੇਸ਼ ਵਿੱਚ ਉਹ ਸਫਲ ਵੀ ਹੋਇਆ। ਪਿੱਛੇ ਹਟ ਰਹੇ ਅਫ਼ਗਾਨਾਂ ਵੱਲੋਂ ਇਸ ਪੁਲ ਨੂੰ ਤੋੜੇ ਜਾਣ ਤੋਂ ਪਿੱਛੋਂ ਵੀ ਉਸ ਨੇ ਘੱਟ ਤੋਂ ਘੱਟ 17 ਕਿਸ਼ਤੀਆਂ ਪੁਲ ਨਾਲੋਂ ਅਲੱਗ ਕਰ ਲਈਆਂ। ਮੇਜਰ ਜਨਰਲ ਲਿਖਦਾ ਹੈ ਕਿ ਉਸ ਨੂੰ ਉਮੀਦ ਹੈ ਕਿ ਉਹ 19 ਤਰੀਕ ਨੂੰ ਦੁਪਹਿਰ ਤੋਂ ਪਿੱਛੋਂ ਬੰਗਾਲ ਡਿਵੀਜ਼ਨ ਸਮੇਤ ਦਰਿਆ ਨੂੰ ਪਾਰ ਕਰ ਲਵੇਗਾ ਅਤੇ ਉਸ ਦਾ ਇਰਾਦਾ ਭੱਜੇ ਜਾਂਦੇ ਦੁਸ਼ਮਣ ਉੱਤੇ ਜ਼ੋਰਦਾਰ ਹੱਲਾ ਬੋਲਣ ਦਾ ਹੈ।

3. ਮੈਂ ਕਮਾਂਡਰ-ਇਨ-ਚੀਫ਼ ਨਾਲ ਵੀ ਚਿੱਠੀ-ਪੱਤਰ ਕੀਤਾ ਹੈ। ਇਸ ਦਾ ਵਰਨਣ ਕਮੇਟੀ ਦੇ ਸਨਮਾਣਯੋਗ ਮੈਂਬਰਾਂ ਨੂੰ ਇਸ ਪੱਤਰ ਨਾਲ ਨੱਥੀ ਕੀਤੇ ਗਏ ਕਾਗਜ਼ਾਂ ਵਿੱਚੋਂ ਮਿਲੇਗਾ ਜੋ ਮੇਜਰ ਜਨਰਲ ਗਿਲਬਰਟ ਦੀ ਮੁਹਿੰਮ ਦੇ ਸਫਲ ਅੰਤ ਤੋਂ ਪਿੱਛੋਂ ਬ੍ਰਿਟਿਸ਼ ਫੌਜਾਂ ਦੀ ਅਗਵਾਈ ਨਾਲ ਸਬੰਧ ਰੱਖਦੇ ਹਨ। ਕਮਾਂਡਰ-ਇਨ-ਚੀਫ਼ ਨੇ ਆਪਣੇ 4 ਤਰੀਕ ਦੇ ਪੱਤਰ ਦੇ ਨਾਲ ਮੇਰੇ ਵਿਚਾਰਨ ਲਈ ਆਪਣੇ ਵੱਲੋਂ ਤਜਵੀਜ਼ ਫੌਜੀ ਵਿਉਂਤਬੰਦੀ ਦਾ ਖ਼ਾਕਾ ਭੇਜਿਆ ਜਿਸ ਵਿਚ ਉਸ ਨੇ ਚਨਾਬ (ਦਰਿਆ) ਦੇ ਖੱਬੇ ਕੰਢੇ, ਵਜ਼ੀਰਾਬਾਦ ਤੋਂ 8 ਮੀਲ ਅਤੇ ਰਾਮਨਗਰ ਤੋਂ 13 ਮੀਲ ਦੂਰ, ਫੌਜੀ ਚੌਕੀ ਅਤੇ ਛਾਉਣੀਆਂ ਕਾਇਮ ਕਰਨ ਦੀ ਸਿਫ਼ਾਰਸ਼ ਕੀਤੀ। ਇਸ ਦੇ ਨਾਲ ਹੀ ਉਸ ਨੇ ਇਹ ਗੱਲ ਵੀ ਦ੍ਰਿੜ੍ਹਤਾ ਨਾਲ ਆਖੀ ਹੈ ਕਿ ਆਪਣੇ ਪ੍ਰਾਂਤਾਂ ਦੀ ਸੁਰੱਖਿਅਤਾ ਲਈ ਅਤੇ ਪੰਜਾਬ ਉੱਤੇ ਕਾਫ਼ੀ ਲੰਬੇ ਸਮੇਂ ਤੱਕ ਕਬਜ਼ਾ ਕਰੀ ਰੱਖਣ ਲਈ ਸਾਨੂੰ ਆਪਣੇ ਹਥਿਆਰਾਂ ਵਿਚ-ਵਿਸ਼ੇਸ਼ ਕਰਕੇ ਯੂਰਪੀਨ ਹਥਿਆਰਾਂ ਵਿੱਚ-ਤੋਪਖ਼ਾਨੇ ਅਤੇ ਰਸਾਲੇ ਵਿੱਚ ਕਾਫ਼ੀ ਵਾਧਾ ਕਰਨਾ ਚਾਹੀਦਾ ਹੈ। ਕਮਾਂਡਰ-ਇਨ-ਚੀਫ਼ ਨੂੰ ਆਪਣਾ ਉੱਤਰ ਭੇਜਣ ਲੱਗਿਆਂ ਮੈਂ ਆਪਣੇ ਵਿਚਾਰ ਕੇਵਲ ਉਸ ਉਦੇਸ਼ ਤੱਕ ਹੀ ਸੀਮਤ ਰੱਖੇ ਸਨ ਜੋ ਸਾਨੂੰ ਤੁਰੰਤ ਪੂਰਾ ਕਰਨ ਦੀ ਜ਼ਰੂਰਤ ਹੈ, ਭਾਵ ਇਹ ਕਿ ਆਉਂਦੇ ਮੌਸਮ ਵਿੱਚ ਪੰਜਾਬ ਉੱਤੇ ਪ੍ਰਭਾਵਸ਼ਾਲੀ ਕਬਜ਼ਾ ਕਿਵੇਂ ਕਾਇਮ ਰੱਖਿਆ ਜਾਵੇ।

ਇਸ ਦੇ ਨਾਲ ਹੀ ਮੈਂ ਆਪਣੀ ਇਹ ਹਾਰਦਿਕ ਇੱਛਾ ਵੀ ਪ੍ਰਗਟ ਕੀਤੀ ਕਿ ਫੌਜਾਂ ਦੀ ਸਿਹਤ ਸੰਭਾਲ ਅਤੇ ਅਰਾਮ ਦਾ ਅਜਿਹਾ ਪ੍ਰਬੰਧ ਕੀਤਾ ਜਾਵੇ ਜੋ ਸੰਭਵ ਵੀ ਹੋਵੇ ਤੇ ਅਮਲ ਵਿੱਚ ਵੀ ਲਿਆਂਦਾ ਜਾ ਸਕੇ। ਫਿਰ ਵੀ ਜੇਕਰ ਉਨ੍ਹਾਂ ਨੂੰ ਹਾਲਾਤ ਇਸ ਗੱਲ ’ਤੇ ਮਜ਼ਬੂਰ ਕਰ ਦੇਣ ਕਿ ਉਹਨਾਂ ਨੂੰ ਆਪਣੀਆਂ ਛਾਉਣੀਆਂ ਵਿਚਲੇ ਮੌਸਮ ਨਾਲੋਂ ਵਧੇਰੇ ਸਖ਼ਤ ਮੌਸਮ ਵਿੱਚ ਕੰਮ ਕਰਨਾ ਪੈ ਜਾਵੇ (ਮੈਨੂੰ ਡਰ ਹੈ ਕੁਝ ਫੌਜੀਆਂ ਨੂੰ ਅਜਿਹਾ ਕਰਨਾ ਪੈ ਸਕਦਾ ਹੈ) ਤਾਂ ਮੈਨੂੰ ਵਿਸ਼ਵਾਸ ਹੈ ਉਹ ਅਜਿਹੇ ਸਖ਼ਤ ਮੌਸਮ ਦਾ ਸਾਹਮਣਾ ਕਰਨ ਲਈ ਉਸੇ ਤਰ੍ਹਾਂ ਤਿਆਰ-ਬਰ-ਤਿਆਰ ਹੋਣਗੇ ਜਿਵੇਂ ਉਹਨਾਂ ਪਹਿਲਾਂ ਕਈ ਅਜਿਹੇ ਮੌਕਿਆਂ ’ਤੇ ਕੀਤਾ ਹੈ।

4. ਭਿੰਨ-ਭਿੰਨ ਦੁਆਬਿਆਂ ਵਿੱਚ ਫੌਜੀਆਂ ਨੂੰ ਲਗਾਉਣ ਲਈ ਤਜ਼ਵੀਜ਼ ਕੀਤੀਆਂ ਥਾਵਾਂ ਬਾਰੇ ਮੈਂ ਆਮ ਤੌਰ ’ਤੇ ਕਮਾਂਡਰ-ਇਨ-ਚੀਫ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ ਕਿਉਂਕਿ ਮੈਂ ਇਸ ਮੁਆਮਲੇ ਵਿੱਚ ਉਸ ਦੀ ਸਮਝ ਉੱਤੇ ਪੂਰਾ ਯਕੀਨ ਰੱਖਦਾ ਹਾਂ। ਪਰ ਫਿਰ ਵੀ ਮੈਂ ਇਹ ਸੁਝਾਉ ਦਿੱਤਾ ਸੀ ਕਿ ਉਸ ਲੰਬੇ ਅਰਸੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਜੋ ਸਰ ਗਿਲਬਰਟ ਦੀਆਂ ਸੈਨਾਵਾਂ ਨੂੰ ਪੇਸ਼ਾਵਰ ਪੁੱਜਣ ਲਈ ਲੱਗ ਜਾਣਾ ਹੈ ਅਤੇ ਨਾਲ ਹੀ ਉਸ ਨੂੰ ਸਮਰਥਨ ਦੇਣ ਲਈ ਆਪਣੇ ਵਸੀਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਨੌਰੰਗਾਬਾਦ ਦੇ ਸਥਾਨ ’ਤੇ ਕਮਾਂਡਰ-ਇਨ-ਚੀਫ਼ ਵੱਲੋਂ ਤਜ਼ਵੀਜ਼ ਕੀਤੀ ਸੈਨਾ ਨਾਲੋਂ ਵਧੇਰੇ ਵੱਡੀ ਸੈਨਾ ਤਾਇਨਾਤ ਕੀਤੀ ਜਾਵੇ। ਕਮਾਂਡਰ-ਇਨ-ਚੀਫ਼ ਨੇ ਇਹ ਸੁਝਾਅ ਤੁਰੰਤ ਪ੍ਰਵਾਨ ਕਰ ਲਿਆ। ਉਸ ਨੇ ਹਲਕਾ ਜੰਗੀ ਤੋਪਖਾਨਾ ਦੇ ਕੇ ਪੈਦਲ ਸੈਨਾ ਦਾ ਇੱਕ ਬਿਗ੍ਰੇਡ ਅਤੇ ਸ਼ਾਹੀ ਘੋੜ-ਸਵਾਰਾਂ ਦੀ ਇੱਕ ਰਜਮੈਂਟ ਜੇਹਲਮ ਵਿਖੇ ਤਾਇਨਾਤ ਕਰ ਦਿੱਤੀ ਅਤੇ ਸ਼ਾਹੀ ਘੋੜ-ਸਵਾਰਾਂ ਦੀ ਰਜਮੈਂਟ ਨੂੰ ਆਦੇਸ਼ ਦਿੱਤਾ ਕਿ ਉਹ ਰਾਵਲਪਿੰਡੀ ’ਤੇ ਕਬਜ਼ਾ ਕਰ ਕੇ ਸਰ ਗਿਲਬਰਟ ਨਾਲ ਸੰਪਰਕ ਬਣਾਈ ਰੱਖੇ।

5. ਹੋਰ ਵਧੇਰੇ ਸਾਵਧਾਨੀ ਦੇ ਤੌਰ ’ਤੇ, ਮੈਂ ਇਹ ਹੁਕਮ ਜਾਰੀ ਕਰ ਦਿੱਤੇ ਹਨ ਕਿ ਵੈਰ-ਭਾਵ ਰੱਖਣ ਵਾਲੇ ਲੋਕਾਂ ਤੋਂ ਹਥਿਆਰ ਖੋਹ ਲਏ ਜਾਣ ਤੇ ਉਨ੍ਹਾਂ ਨੂੰ ਨਿਹੱਥੇ ਕਰ ਦਿੱਤਾ ਜਾਵੇ ਅਤੇ ਮੈਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਰੱਖਿਆ ਦਸਤੇ ਦੇ ਕਮਾਂਡੈਂਟ, ਮੇਜਰ ਮੇਨ ਨੇ, ਜਿਸ ਨੂੰ ਦਰਿਆ ਦੇ ਦੂਜੇ ਬੰਨੇ ਇਸ ਕਾਰਜ ਲਈ ਨਿਯੁਕਤ ਕੀਤਾ ਗਿਆ ਸੀ, ਬੰਦੂਕਾਂ, ਤਲਵਾਰਾਂ, ਬਰਛਿਆਂ ਅਤੇ ਪੰਜ ਵੱਡੀਆਂ ਤੋਪਾਂ ਸਮੇਤ 5000 ਹਥਿਆਰ ਕਬਜ਼ੇ ਵਿੱਚ ਲੈ ਲਏ ਹਨ। ਫਿਰੋਜ਼ਪੁਰ ਅਤੇ ਲਾਹੌਰ ਦੇ ਵਿਚਕਾਰਲੇ ਇਲਾਕੇ ਵਿੱਚ ਇਹ ਕਾਰਜ ਸੰਪੂਰਨ ਕਰ ਲਿਆ ਗਿਆ ਹੈ ਅਤੇ ਬਾਰੀ ਦੁਆਬ ਦੇ ਉਪਰਲੇ ਇਲਾਕਿਆਂ ਵਿੱਚ ਜਿਥੇ ਕਿ ਸਿੱਖ ਬੜੇ ਲੜਾਕੇ ਅਤੇ ਗੜਬੜੀ ਕਰਨ ਵਾਲੇ ਹਨ। ਕੁਝ ਹੋਰ ਫੌਜੀ ਟੁਕੜੀਆਂ ਉਨ੍ਹਾਂ ਤੋਂ ਹਥਿਆਰ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲੈਣ ਦੇ ਉਦੇਸ਼ ਨਾਲ ਕਾਰਵਾਈ ਕਰ ਰਹੀਆਂ ਹਨ।

6. ਉਸ ਵਿਅਕਤੀ ਉੱਤੇ ਜਿਸ ’ਤੇ ਮਿਸਟਰ ਐਗਨਿਊ ਦੇ ਕਤਲ ਦਾ ਮੁੱਖ ਮੁਜਰਿਮ ਹੋਣ ਦਾ ਦੋਸ਼ ਹੈ, ਮੇਰੇ ਹੁਕਮਾਂ ਅਨੁਸਾਰ ਮੁਲਤਾਨ ਵਿਖੇ ਕਾਇਮ ਕੀਤੇ ਵਿਸ਼ੇਸ਼ ਕਮਿਸ਼ਨ ਦੁਆਰਾ ਮੁਕੱਦਮਾ ਚਲਾਇਆ ਗਿਆ ਹੈ ਅਤੇ ਉਸ ਦਾ ਦੋਸ਼ ਸਿੱਧ ਹੋ ਗਿਆ ਹੈ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਮੈਂ ਇਸ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ ਅਤੇ ਆਦੇਸ਼ ਦਿੱਤਾ ਹੈ, ਉਸ ਨੂੰ ਬਿਨਾਂ ਕਿਸੇ ਦੇਰੀ ਤੋਂ ਮੁਲਤਾਨ ਵਿਖੇ ਲੋਕਾਂ ਦੇ ਸਾਹਮਣੇ ਫਾਂਸੀ ਦਿੱਤੀ ਜਾਵੇ।

ਇਸ ਮੁਕੱਦਮੇ ਦੌਰਾਨ ਭਾਵੇਂ ਇਸ ਦਾ ਮੁੱਖ ਉਦੇਸ਼ ਇਸ ਕੈਦੀ ਦੇ ਅਪਰਾਧ ਬਾਰੇ ਜਾਂਚ ਕਰਨਾ ਸੀ। ਇਹ ਗੱਲ ਵੀ ਜ਼ਾਹਿਰ ਹੋ ਗਈ ਕਿ ਦੀਵਾਨ ਮੂਲਰਾਜ ਨੇ ਈਦਗਾਹ ਉੱਤੇ ਹੋਏ ਹਮਲੇ ਵਿੱਚ, ਜਿਸ ਦਾ ਸਿੱਟਾ ਅੰਗਰੇਜ਼ ਅਫਸਰਾਂ ਦੇ ਕਤਲ ਵਿੱਚ ਨਿਕਲਿਆ, ਸਾਡੀ ਉਮੀਦ ਤੋਂ ਕਿਤੇ ਵੱਧ ਹਿੱਸਾ ਲਿਆ। ਮੂਲਰਾਜ ਦੇ ਇਸ ਹਮਲੇ ਵਿੱਚ ਭਾਈਵਾਲ ਹੋਣ ਬਾਰੇ ਮੇਜਰ ਐਡਵਰਡ ਨੇ ਪਹਿਲਾਂ ਹੀ ਬੜੇ ਧਿਆਨ ਨਾਲ ਜਾਂਚ-ਪੜਤਾਲ ਕਰ ਲਈ ਸੀ ਅਤੇ ਮੂਲਰਾਜ ਦੇ ਨੌਕਰਾਂ ਅਤੇ ਬੰਦਿਆਂ ਤੋਂ ਜਿਨ੍ਹਾਂ ਦੇ ਇਸ ਅਪਰਾਧ ਵਿੱਚ ਭਾਈਵਾਲ ਹੋਣ ਦੀ ਜ਼ਰਾ ਜਿੰਨੀ ਵੀ ਸੰਭਾਵਨਾ ਨਹੀਂ ਸੀ, ਇਸ ਵਿਸ਼ੇ ਨਾਲ ਸੰਬੰਧਿਤ ਗਵਾਹੀ ਪ੍ਰਾਪਤ ਕਰ ਲਈ ਸੀ। ਸਰ ਐੱਚ. ਐੱਮ. ਲਾਰੈਂਸ ਨੇ ਆਪਣੇ 17 ਤਰੀਕ ਦੇ ਪੱਤਰ ਵਿੱਚ ਇਸ ਵਿਸ਼ੇ ਨਾਲ ਸੰਬੰਧਿਤ ਲਿਖਤਾਂ ਮੈਨੂੰ ਭੇਜ ਦਿੱਤੀਆਂ ਹਨ ਅਤੇ ਮੇਜਰ ਐਡਵਰਡ ਵਾਂਗ ਹੀ ਇਹ ਰਾਇ ਵੀ ਦਿੱਤੀ ਹੈ ਕਿ ਮੂਲਰਾਜ ਦੇ ਵਿਰੁਧ ਸਪੱਸ਼ਟ ਤੌਰ ’ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਹਨਾਂ ਲਿਖਤਾਂ ਦੇ ਅਧਿਐਨ ਤੋਂ ਅਤੇ ਬੁੱਧ ਸਿੰਘ ਦੇ ਮੁਕੱਦਮੇ ਦੀ ਸੁਣਵਾਈ ਸਮੇਂ ਦਿੱਤੀਆਂ ਗਈਆਂ ਗਵਾਹੀਆਂ ਤੋਂ ਤਾਂ ਮੇਰੇ ਮਨ ਵਿਚ ਬੈਠਾ ਇਹ ਪ੍ਰਭਾਵ ਖ਼ਤਮ ਹੋ ਗਿਆ ਹੈ। ਦੀਵਾਨ ਮੂਲਰਾਜ ਮਿਸਟਰ ਐਗਨਿਊ ਅਤੇ ਲੈਫਟੀਨੈਂਟ ਐਂਡਰਸਨ ਦੀਆਂ ਮੌਤਾਂ ਦੇ ਮਾਮਲੇ ਵਿੱਚ ਬੇਕਸੂਰ ਹੈ ਅਤੇ ਮੇਰੇ ਮਨ ਵਿੱਚ ਪਹਿਲਾਂ ਵਾਲਾ ਵਿਸ਼ਵਾਸ ਫਿਰ ਬੈਠ ਗਿਆ ਹੈ ਕਿ ਇਸ ਭਿਅੰਕਰ ਘਟਨਾ ਦੇ ਵਾਪਰਨ ਵਿੱਚ ਉਹ ਭਾਈਵਾਲ ਹੈ ਅਤੇ ਇਸ ਕਰਕੇ ਉਹ ਦੋਸ਼ੀ ਵੀ ਹੈ। ਇਸ ਲਈ ਮੈਂ ਹੁਕਮ ਦੇ ਦਿੱਤਾ ਹੈ ਕਿ ਮੇਰੇ ਵੱਲੋਂ ਕਾਇਮ ਕੀਤੇ ਜਾਣ ਵਾਲੇ ਕਮਿਸ਼ਨ ਦੇ ਸਾਹਮਣੇ ਦੀਵਾਨ ਮੂਲਰਾਜ ਦੇ ਵਿਰੁੱਧ ਤੁਰੰਤ ਮੁਕੱਦਮਾ ਚਲਾਇਆ ਜਾਵੇ ਅਤੇ ਹਲਫੀਆ ਬਿਆਨ ਦੇਣ ਵਾਲੇ ਵਿਅਕਤੀਆਂ ਨੂੰ ਵੀ ਉਸ ਦੇ ਸਾਹਮਣੇ ਹਾਜ਼ਰ ਕੀਤਾ ਜਾਵੇ।

7. ਰੈਜ਼ੀਡੈਂਟ ਨੇ ਗੁਰਮੁਖੀ ਵਿੱਚ ਲਿਖੇ ਇੱਕ ਪੱਤਰ ਦਾ ਉਲੱਥਾ ਵੀ ਮੈਨੂੰ ਭੇਜਿਆ ਹੈ ਜਿਸ ਬਾਰੇ ਉਹ ਆਖਦਾ ਹੈ ਕਿ ਉਸ ਨੂੰ ਪੂਰਾ ਯਕੀਨ ਹੈ ਕਿ ਇਹ ਬਨਾਰਸ ਤੋਂ ਮਹਾਰਾਣੀ ਜਿੰਦਾਂ ਕੌਰ ਵੱਲੋਂ ਸ. ਚਤੁਰ ਸਿੰਘ ਨੂੰ ਲਿਖਿਆ ਗਿਆ ਹੈ ਅਤੇ ਇਸ ਨੂੰ ਰਾਹ ਵਿੱਚ ਹੀ ਪਕੜ ਲਿਆ ਗਿਆ। ਇਸ ਪੱਤਰ ਵਿੱਚ ਅਜਿਹੇ ਸ਼ਬਦਾਂ ਦੀ ਭਰਮਾਰ ਹੈ ਜਿਨ੍ਹਾਂ ਵਿੱਚੋਂ ਅੰਗਰੇਜ਼ ਸਰਕਾਰ ਵਿਰੁੱਧ ਘ੍ਰਿਣਾ ਅਤੇ ਵੈਰ-ਭਾਵ ਡੁੱਲ-ਡੁਲ ਪੈਂਦੇ ਹਨ ਅਤੇ ਸਰ ਹੈਨਰੀ ਲਾਰੈਂਸ ਨੇ ਇਸ ਪੱਤਰ ਦੇ ਸਹੀ ਹੋਣ ਬਾਰੇ ਪੱਕਾ ਵਿਸ਼ਵਾਸ ਕਰਕੇ ਮੈਨੂੰ ਇਹ ਸਿਫਾਰਸ਼ ਕੀਤੀ ਹੈ ਕਿ ਬਨਾਰਸ ਵਿੱਚ ਮਹਾਰਾਣੀ ਪਾਸ ਜੋ ਵੀ ਰੁਪਯਾ ਪੈਸਾ ਜਾਂ ਹੀਰੇ ਹਨ, ਉਹਨਾਂ ਸਭਨਾਂ ਨੂੰ ਜ਼ਬਤ ਕਰ ਲਿਆ ਜਾਵੇ ਅਤੇ ਉਸ (ਮਹਾਰਾਣੀ) ਉੱਤੇ ਕਰੜੀ ਨਿਗ੍ਹਾ ਰੱਖੀ ਜਾਵੇ। ਕਿਉਂਕਿ ਰੈਜ਼ੀਡੈਂਟ ਨੇ ਇਹ ਲਿਖਤਾਂ ਭੇਜਣ ਸਮੇਂ ਉਹਨਾਂ ਹਾਲਤਾਂ ਦਾ ਵਰਨਣ ਨਹੀਂ ਕੀਤਾ ਜਿਹਨਾਂ ਤੋਂ ਪੱਕੇ ਤੌਰ ’ਤੇ ਇਹ ਸਿੱਟਾ ਕੱਢਿਆ ਜਾ ਸਕੇ ਕਿ ਇਹ ਪੱਤਰ ਮਹਾਰਾਣੀ ਨੇ ਹੀ ਲਿਖਿਆ ਹੈ ਅਤੇ ਕਿਉਂਕਿ ਮੈਂ ਉਸ ਵਿਰੁਧ ਤਜਵੀਜ਼ ਕੀਤੀ ਗਈ ਕਾਰਵਾਈ ਕਰਨ ਲਈ ਉਤਨਾ ਚਿਰ ਤਿਆਰ ਨਹੀਂ ਜਿਤਨਾ ਚਿਰ ਇਸ ਮੁਆਮਲੇ ਬਾਰੇ ਸ਼ੰਕਾ ਮੌਜੂਦ ਹੈ, ਮੈਂ ਉਸ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਹੋ ਸਕਦੇ ਤਾਂ ਉਹ ਸਰਦਾਰਾਂ ਪਾਸੋਂ ਹੋਰ ਸਬੂਤ ਇਕੱਠੇ ਕਰ ਕੇ ਮੈਨੂੰ ਸੂਚਨਾ ਦੇਵੇ ਕਿ ਇਹ ਪੱਤਰ ਕਿਸ ਵੱਲੋਂ ਅਤੇ ਕਿਸ ਨੂੰ ਲਿਖਿਆ ਗਿਆ ਹੈ।

ਕਮਾਂਡਰ ਵੱਲੋਂ ਭੇਜੇ ਗਏ ਪੱਤਰ ਦੇ ਨਾਲ ਹੀ ਇਕ ਅਜਿਹੀ ਸੂਚੀ ਵੀ ਮੈਨੂੰ ਭੇਜੀ ਗਈ ਹੈ ਜਿਸ ਵਿੱਚ ਇਸ ਮੁਹਿੰਮ ਦੇ ਦੌਰਾਨ ਸ਼ੱਕੀ ਕਿਰਦਾਰ ਵਾਲੇ ਅਫਸਰਾਂ ਦੇ ਨਾਂ ਦਰਜ ਹਨ। ਮੈਂ ਚਾਹੁੰਦਾ ਹਾਂ ਕਿ ਇਸ ਸੂਚੀ ਦੀ ਪ੍ਰੋੜਤਾ ਸਤਿਕਾਰਯੋਗ ਕੋਰਟ ਆਫ ਡਾਇਰੈਕਟਰਜ਼ ਅਤੇ ਗਵਰਨਰ ਜਨਰਲ ਦੀ ਸਰਕਾਰ ਦੁਆਰਾ ਵੀ ਹੋਣੀ ਚਾਹੀਦੀ ਹੈ।

..................
ਦਸਤਖ਼ਤ/-ਐੱਚ.ਐੱਮ.ਇਲੀਅਟ

# ਸਿੱਖਾਂ ਦੇ ਕਿਰਪਾਨ ਮੋਰਚੇ ਦਾ ਇਤਿਹਾਸ



2 ਦਸੰਬਰ, 1935 ਵਾਲੇ ਦਿਨ ਅੰਗ੍ਰੇਜ਼ ਹਕੂਮਤ ਨੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਪਹਿਨਣ ਉੱਪਰ ਪਾਬੰਦੀ ਲਗਾ ਦਿੱਤੀ ਸੀ, ਅੰਤ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ 31 ਜਨਵਰੀ, 1936 ਵਾਲੇ ਦਿਨ ਗੋਰੀ ਸਰਕਾਰ ਨੇ ਕਿਰਪਾਨ ਦੇ ਪਹਿਨੇ ਜਾਣ ’ਤੇ ਲਗਾਈ ਪਾਬੰਦੀ ਹਟਾ ਲਈ ਅਤੇ ਸਿੱਖਾਂ ਵੱਲੋਂ ਮੋਰਚਾ ਖ਼ਤਮ ਕਰ ਦਿੱਤਾ ਗਿਆ।

2 ਦਸੰਬਰ 1935 ਵਾਲੇ ਦਿਨ ਅੰਗ੍ਰੇਜ਼ ਹਕੂਮਤ ਨੇ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਉੱਪਰ ਪਾਬੰਦੀ ਲਗਾ ਦਿੱਤੀ ਸੀ।

1 ਦਸੰਬਰ,1935 ਵਾਲੇ ਦਿਨ ਲਾਹੌਰ ਦੇ ਦਾਤਾ ਸਾਹਿਬ ਦੇ ਲਾਗੇ ਭਾਟੀ ਦਰਵਾਜ਼ੇ ਦੇ ਅੰਦਰ ਸਿੱਖ਼ਾਂ ਅਤੇ ਮੁਸਲਮਾਨਾਂ ਵਿੱਚ ਫ਼ਸਾਦ ਹੋ ਗਿਆ, ਜੋ ਸਾਰੇ ਲਾਹੌਰ ਸ਼ਹਿਰ ਵਿੱਚ ਫੈਲ ਗਿਆ। ਇਸ ਫ਼ਸਾਦ ਦੇ ਕਾਰਨ ਬਹੁਤ ਸਾਰੇ ਸਿੱਖ ਅਤੇ ਮੁਸਲਮਾਨਾਂ ਜ਼ਖ਼ਮੀ ਹੋ ਗਏ, ਜਿਸਦੇ ਮੱਦੇਨਜ਼ਰ ਗੋਰੀ ਸਰਕਾਰ ਨੇ ਸਾਰੇ ਲਾਹੌਰ ਸ਼ਹਿਰ ਦੇ ਅੰਦਰ ਦਫ਼ਾ 144 ਲਗਾ ਦਿੱਤੀ ਅਤੇ ਨਾਲ ਹੀ ਦੂਜੇ ਦਿਨ ਭਾਵ 2 ਦਸੰਬਰ 1935 ਵਾਲੇ ਦਿਨ ਸਿੱਖਾਂ ਦੇ ਕਿਰਪਾਣ ਪਹਿਨਣ ਉੱਪਰ ਵੀ ਪਾਬੰਦੀ ਲਗਾ ਦਿੱਤੀ ਗਈ।

13 ਦਸੰਬਰ 1935 ਵਾਲੇ ਦਿਨ ਸਿੱਖਾਂ ਦੇ ਕੁਝ ਮੋਹਤਬਰ ਆਗੂਆਂ ਦਾ ਇੱਕ ਵਫਦ ਪੰਜਾਬ ਦੇ ਗਵਰਨਰ ਨੂੰ ਇਸ ਮੰਗ ਨੂੰ ਲੈ ਕੇ ਮਿਲਿਆ ਕੇ ਸਰਕਾਰ ਵੱਲੋ ਸਿਖਾਂ ਦੇ ਕਿਰਪਾਨ ਪਾਏ ਜਾਣ ਉੱਪਰ ਲਗਾਈ ਪਾਬੰਦੀ ਤੁਰੰਤ ਹਟਾਈ ਜਾਵੇ।

ਇਸ ਵਫਦ ਵਿੱਚ ਸਰਦਾਰ ਮਹਿਤਾਬ ਸਿੰਘ, ਡਾਕਟਰ ਕਰਤਾਰ ਸਿੰਘ, ਸਰਦਾਰ ਉੱਜਲ ਸਿੰਘ, ਸਰ ਬੂਟਾ ਸਿੰਘ, ਰਿਟਾਇਰਡ ਸੈਸ਼ਨ ਜੱਜ ਸਰਦਾਰ ਸੇਵਾ ਰਾਮ ਸਿੰਘ ਤੇ ਡਾਕਟਰ ਰਣਧੀਰ ਸਿੰਘ ਆਦਿ ਸ਼ਾਮਿਲ ਸਨ।

ਇਸ ਵਫਦ ਨੇ ਕਿਰਪਾਨ ਤੋਂ ਪਾਬੰਦੀ ਹਟਾਏ ਜਾਣ ਦੀ ਮੰਗ ਤੋਂ ਇਲਾਵਾ ਕੁਝ ਹੋਰ ਮੰਗਾਂ ਵੀ ਰੱਖੀਆਂ ਜਿਵੇਂ:

ਪੰਜਾਬ ਪੁਲਿਸ ਵਿੱਚ 75 ਫ਼ੀਸਦੀ ਭਰਤੀ ਮੁਸਲਮਾਨਾਂ ਦੀ ਹੈ ਅਤੇ ਜੇ ਕਰ ਸਿੱਖਾਂ ਅਤੇ ਹਿੰਦੂਆਂ ਦੀ ਭਰਤੀ 50 ਫ਼ੀਸਦੀ ਤਕ ਕਰ ਦਿੱਤੀ ਜਾਵੇ, ਤਾਂ ਭਵਿੱਖ ਵਿੱਚ ਤਣਾਅ ਘਟਣ ਦੀ ਉਮੀਦ ਹੋ ਸਕਦੀ ਹੈ।

ਇਸ ਉਪਰ ਪੰਜਾਬ ਦੇ ਗਵਰਨਰ ਨੇ ਕਿਰਪਾਨ ਦੇ ਪਹਿਨਣ ਅਤੇ ਸਿੱਖਾਂ ਦੀ ਕਿਰਪਾਨ ਉੱਪਰ ਲਗਾਈ ਗਈ ਪਾਬੰਦੀ ਹਟਾਏ ਜਾਣ ਤੋਂ ਅਤੇ ਹੋਰ ਮੰਗਾਂ ਤੋਂ ਆਪਣੀ ਅਸਮਰਥਤਾ ਦਿਖਾਈ, ਤਾਂ ਰੋਸ ਅਤੇ ਗੁੱਸੇ ਵਿੱਚ ਸਿੱਖ ਇਥੋਂ ਉੱਠ ਤਾਂ ਆਏ।

ਪਰ ਸਿੱਖ ਕਿਰਪਾਣ ਪਹਿਨਣ ਉਪਰ ਲਗਾਈ ਪਾਬੰਦੀ ਬਰਦਾਸ਼ਤ ਕਰ ਕਿਵੇਂ ਸਕਦੇ ਸਨ ?

ਸੋ 15 ਦਸੰਬਰ,1935 ਵਾਲੇ ਦਿਨ ਓਸ ਵੇਲੇ ਦੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਕ ਸਾਂਝੀ ਮੀਟਿੰਗ ਹੋਈ,ਜਿਸ ਵਿੱਚ ਇਸ ਗਲ਼ ’ਤੇ ਸਹਿਮਤੀ ਬਣੀ ਕਿ, ਗੋਰੀ ਸਰਕਾਰ ਨੂੰ ਸਿੱਖਾਂ ਦੇ ਕਿਰਪਾਨ ਪਹਿਨਣ ਤੋਂ ਪਾਬੰਦੀ ਹਟਾਏ ਜਾਣ ਦੇ ਲਈ ਨੋਟਿਸ ਦਿੱਤਾ ਜਾਵੇ।

ਇਸ ਬਾਬਤ ਦਿੱਤੇ ਨੋਟਿਸ ਦਾ ਵੀ ਜਦੋਂ ਗੋਰੀ ਸਰਕਾਰ ਤੇ ਕੋਈ ਅਸਰ ਨਾ ਹੋਇਆ ਤਾਂ 30 ਦਸੰਬਰ 1935 ਵਾਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਰਪਾਨ ਦੇ ਪਹਿਨਣ ’ਤੇ ਲਗਾਈ ਗਈ ਪਾਬੰਦੀ ਨੂੰ ਹਟਾਏ ਜਾਣ ਦੇ ਲਈ,1 ਜਨਵਰੀ,1936 ਵਾਲੇ ਦਿਨ ਤੋਂ ਮੋਰਚਾ ਲਗਾਏ ਜਾਣ ਦਾ ਐਲਾਨ ਕਰ ਦਿੱਤਾ।

ਕਿਰਪਾਨ ਦੇ ਮੋਰਚੇ ਦੇ ਲਈ ਕਮੇਟੀ ਬਣਾਈ ਗਈ, ਜਿਸ ਵਿੱਚ ਮਾਸਟਰ ਤਾਰਾ ਸਿੰਘ,ਗਿਆਨੀ ਸ਼ੇਰ ਸਿੰਘ ਅਤੇ ਜਥੇਦਾਰ ਤੇਜਾ ਸਿੰਘ ਬਤੌਰ ਮੈਂਬਰ ਲਏ ਗਏ।ਇਸ ਤੋਂ ਇਲਾਵਾ ਮੋਰਚਾ ਸੰਚਾਲਨ ਕਮੇਟੀ ਬਣਾਈ ਗਈ ਇਸ ਕਮੇਟੀ ਵਿੱਚ ਸਰਦਾਰ ਸਰਮੁਖ ਸਿੰਘ ਚਮਕ, ਸਰਦਾਰ ਹਰਨਾਮ ਸਿੰਘ ਐਡਵੋਕੇਟ ਤੇ ਸਰਦਾਰ ਗੁਰਮੁਖ ਸਿੰਘ ਮੁਸਾਫ਼ਿਰ ਬਤੌਰ ਮੈਂਬਰ ਲਏ ਗਏ।

1 ਜਨਵਰੀ,1936 ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾ ਜੱਥਾ ਭੇਜਣ ਦਾ ਐਲਾਨ ਕਰ ਦਿੱਤਾ ਗਿਆ।

ਇੰਝ ਇਸ ਐਲਾਨ ਦੇ ਮੁਤਾਬਿਕ 1 ਜਨਵਰੀ,1936 ਵਾਲੇ ਦਿਨ ਪਹਿਲਾ ਜਥਾ ਅਰਦਾਸ ਕਰ ਕੇ ਕਿਰਪਾਨ ਦੇ ਪਹਿਨੇ ਜਾਣ ’ਤੇ ਲਾਗੂ ਪਾਬੰਦੀ ਨੂੰ ਹਟਾਏ ਜਾਣ ਦੇ ਲਈ ਲਗਾਏ, ਮੋਰਚੇ ਦੇ ਲਈ ਤੁਰਿਆ, ਜਿਸ ਦੀ ਅਗਵਾਈ ਸਰਦਾਰ ਬੂਟਾ ਸਿੰਘ ਐਮ.ਐਲ.ਸੀ. ਨੇ ਕੀਤੀ। (ਇਹ ਬੂਟਾ ਸਿੰਘ ਉਹੀ ਸਨ ਜਿਨ੍ਹਾਂ ਨੇ ਗੋਲਮੇਜ਼ ਕਾਨਫ਼ਰੰਸ ਵਿੱਚ ਪੰਥ ਦੀ ਮਰਜ਼ੀ ਦੇ ਖ਼ਿਲਾਫ਼ ਸ਼ਮੂਲੀਅਤ ਕੀਤੀ ਸੀ ਅਤੇ ਪੰਥ ਦੀ ਨਾਰਾਜ਼ਗੀ ਝੱਲਣੀ ਪਈ ਸੀ ਜਿਸ ਕਾਰਨ ਉਨ੍ਹਾਂ ਦੀ ਪੰਥ ਵਿੱਚ ਬਹੁਤ ਮੁਖ਼ਾਲਫ਼ਤ ਵੀ ਹੋਈ ਸੀ, ਪਰ 15 ਦਸੰਬਰ,1935 ਵਾਲੇ ਦਿਨ ਉਨ੍ਹਾਂ ਨੇ ਮੁਆਫ਼ੀ ਮੰਗ ਕੇ ਪੰਥ ਪਾਸੋਂ ਆਪਣੀ ਭੁੱਲ ਬਖ਼ਸ਼ਾ ਲਈ ਸੀ।) ਉਪਰੰਤ ਦੂਜਾ ਜਥਾ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ।

ਇੰਝ ਇਹ ਮੋਰਚਾ 31 ਜਨਵਰੀ,1936 ਤੱਕ ਇੱਕ ਮਹੀਨੇ ਲਗਾਤਾਰ ਚਲਦਾ ਰਿਹਾ। ਇਸ ਵਿੱਚ 1700 ਤੋਂ ਵੱਧ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ।

ਅੰਤ ਸਿੱਖਾਂ ਦੇ ਹੋਰ ਅੱਗੇ ਝੁਕਦਿਆਂ 31 ਜਨਵਰੀ,1936 ਵਾਲੇ ਦਿਨ ਗੋਰੀ ਸਰਕਾਰ ਨੇ ਕਿਰਪਾਨ ਦੇ ਪਹਿਨੇ ਜਾਣ ’ਤੇ ਲਗਾਈ ਪਾਬੰਦੀ ਹਟਾ ਲਈ ਅਤੇ ਸਿੱਖਾਂ ਵੱਲੋਂ ਮੋਰਚਾ ਖ਼ਤਮ ਕਰ ਦਿੱਤਾ ਗਿਆ।

**(ਧੰਨਵਾਦ ਸਹਿਤ ਪੰਜਾਬੀ ਸਾਹਿਤ ਕਮਿਊਨਿਟੀ)**

# ਸਮਾਜ ਵਿੱਚ ਸੁਧਾਰ ਦੀ ਲੋੜ



ਗੌਰਵ ਧੀਮਾਨ ਜੀਰਕਪੁਰ
7626818016

ਸਮਾਜ ਦਾ ਹੀ ਇੱਕ ਹਿੱਸਾ ਇੱਜ਼ਤ ਹੈ ਜਿੱਥੇ ਧੀਆਂ ਭੈਣਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਅਸੀਂ ਜਾਣਦੇ ਹਾਂ ਇੱਕ ਧੀ ਦੀ ਇੱਜ਼ਤ ਸਮਾਜ ਵਿੱਚ ਕੀ ਹੈ ਤੇ ਧੀ ਦੀ ਇੱਜ਼ਤ ਦਾ ਖਿਆਲ ਹਰ ਵਰਗ ਦੇ ਸਮਾਜ ਨੂੰ ਹੋਣਾ ਹੀ ਚਾਹੀਦਾ ਹੈ। ਇੱਕ ਆਮ ਜਿੰਦਗੀ ਵਿੱਚ ਪੜ੍ਹ ਰਹੀ ਧੀ ਆਉਣ ਵਾਲੇ ਸਮੇਂ ਵਿੱਚ ਇੱਕ ਮਿਸਾਲ ਬਣ ਕੇ ਉੱਠੇਗੀ। ਸਮਾਜ ਦੇ ਵਿਕਾਸ ਦਾ ਠੋਸ ਕਦਮ ਇੱਕ ਧੀ ਦੀ ਇੱਜ਼ਤ ਤੋਂ ਸ਼ੁਰੂ ਹੁੰਦਾ ਹੈ। ਸਮਾਜ ਵਿੱਚ ਅਜਿਹੀਆਂ ਥਾਂਵਾਂ ਹਨ ਜਿੱਥੇ ਧੀ ਬਚਾਓ ਦਾ ਕਾਰਜ ਆਰੰਭ ਕੀਤਾ ਜਾਂਦਾ ਹੈ। ਅੱਜ ਮੈਂ ਉਸ ਮੁੱਦੇ ਉੱਤੇ ਗੱਲ ਕਰਨ ਜਾ ਰਿਹਾ ਹਾਂ ਜਿੱਥੇ ਧੀ ਬਚਾਓ ਤਾਂ ਹਰ ਕੋਈ ਬੋਲ ਰੱਖਦਾ ਹੈ ਲੇਕਿਨ ਕੁਝ ਲੋਕ ਅਜਿਹੇ ਹਨ ਜੋ ਅੱਧੀ ਰਾਤ ਨੂੰ ਸੜਕ ਕਿਨਾਰੇ ਖੜ੍ਹੇ ਕਿੰਨਰਾਂ ਦੇ ਹੁਸਨ ਵੇਖ ਪਿੱਛੇ ਪਿੱਛੇ ਚੱਲ ਪੈਂਦੇ ਹਨ ਤੇ ਉਹ ਸ਼ਰਮਨਾਕ ਹਰਕਤ ਕਰਦੇ ਹਨ ਜੋ ਕਿ ਸਮਾਜ ਵਿੱਚ ਕਿਸੇ ਗੰਦ ਮੰਦ ਤੋਂ ਘੱਟ ਨਹੀਂ।

ਸਮਾਜ ਵਿੱਚ ਇਹ ਕੀ ਹੋ ਰਿਹਾ ਹੈ ਜਿੱਥੇ ਧੀ ਬਚਾਓ ਦਾ ਕਾਰਜ ਹੋ ਰਿਹਾ ਹੈ ਉੱਥੇ ਧੀ ਲੁੱਟ ਆਓ ਦਾ ਧੰਦਾ ਚੱਲ ਰਿਹਾ ਹੈ। ਸਮਾਜ ਵਿੱਚ ਅਜਿਹੇ ਕੌਣ ਲੋਕ ਹਨ ਜੋ ਕਿੰਨਰ ਬਣ ਕੇ ਕਿੰਨਰਾਂ ਦੇ ਨਾਮ ਨੂੰ ਵੀ ਕਲੰਕ ਸਾਬਤ ਕਰ ਰਹੇ ਹਨ। ਇਹਨਾਂ ਦਾ ਸਹੀ ਕਿੰਨਰਾਂ ਨੂੰ ਪਤਾ ਲੱਗਣਾ ਚਾਹੀਦਾ ਹੈ। ਕਿੰਨਰ ਦੀ ਮੂਰਤ ਸੱਚ ਬਚਨ ਸਮਾਨ ਮੰਨੀ ਜਾਂਦੀ ਹੈ ਪਰ ਇੱਥੇ ਕੁਝ ਅਜਿਹੇ ਕਿੰਨਰਾਂ ਦਾ ਰਾਜ ਹੈ ਜੋ ਸੱਚ ਨੂੰ ਝੂਠ ਬਣਾ ਕੇ ਧੰਦਾ ਕਰ ਰਹੇ ਹਨ ਤੇ ਕੁਝ ਧੀਆਂ ਦੀ ਮਰਿਆਦਾ ਨੂੰ ਖ਼ਤਮ ਕਰ ਰਹੇ ਹਨ। ਰਾਤ ਦੇ ਸਮੇਂ ਕੁਝ ਧੀਆਂ ਕੰਮ ਤੋਂ ਦੇਰ ਰਾਤ ਘਰ ਨੂੰ ਜਾਂਦੀਆਂ ਹਨ ਤੇ ਮਗਰੋਂ ਹੀ ਕੁਝ ਨੌਜਵਾਨ ਉਹਨਾਂ ਨੂੰ ਹਵਸ ਦਾ ਸ਼ਿਕਾਰ ਬਣਾ ਲੈਂਦੇ ਹਨ। ਇਹ ਸਭ ਕਿਉਂ ਹੋ ਰਿਹਾ ਹੈ। ਇਸ ਦਾ ਕਾਰਨ ਉਹ ਲੋਕ ਹਨ ਜੋ ਸੜਕ ਕਿਨਾਰੇ ਖੜ੍ਹ ਕਿੰਨਰ ਦਾ ਰੂਪ ਧਾਰਨ ਕਰ ਦਿਖਾਈ ਦਿੰਦੇ ਹਨ ਤੇ ਦੂਜਾ ਕਾਰਨ ਉਹ ਲੋਕ ਹਨ ਜੋ ਸਮਾਜ ਵਿੱਚ ਧੀ ਬਚਾਓ ਤਾਂ ਆਖ ਦਿੰਦੇ ਹਨ ਲੇਕਿਨ ਇਹ ਧੀ ਬਚਾਓ ਵਾਲੇ ਨਹੀਂ। ਧੀ ਦਾ ਸਾਮਾਨ ਇਹਨਾਂ ਲੋਕਾਂ ਨੇ ਖੋਇਆ ਹੋਇਆ ਹੈ। ਇਹ ਸਮਾਜ ਚੁੱਪ ਕਿਉਂ ਹੈ ਜਿਸ ਨੂੰ ਇਹ ਸਭ ਦਿੱਖ ਰਿਹਾ ਹੈ ਪਰ ਉਹ ਚੁੱਪ ਹੈ। ਰੋਜ਼ ਰਾਤ ਦੇ ਪਹਿਰ ਨੂੰ ਕੁਝ ਕਿੰਨਰ ਸੜਕ ਕਿਨਾਰੇ ਖੜ੍ਹ ਜਾਂਦੇ ਹਨ ਤੇ ਆਪਣੀ ਜਿਸਮ ਦੀ ਨੁਮਾਇਸ਼ ਦਿਖਾਉਂਦੇ ਹਨ ਜਿਸ ਨਾਲ ਉਹ ਪਾਖੰਡੀ ਲੋਕ ਖਿੱਚੇ ਚਲੇ ਆਉਂਦੇ ਹਨ ਜੋ ਸਮਾਜ ਵਿੱਚ ਭਲਾਈ ਕਰਨ ਦਾ ਦਿਖਾਵਾ ਕਰਦੇ ਹਨ। ਸੜਕ ਕਿਨਾਰੇ ਹਰ ਤਰ੍ਹਾਂ ਦੇ ਲੋਕ ਕਿੰਨਰਾਂ ਕੋਲ਼ ਜਾ ਖੜ੍ਹਦੇ ਹਨ। ਫ਼ਰੇਬੀ ਕਿੰਨਰਾਂ ਦਾ ਝੁੰਡ ਇੱਕ ਤੋਂ ਚਾਰ ਵਿੱਚ ਸ਼ਾਮਿਲ ਹੈ ਜੋ ਹਰ ਰਾਤ ਨੂੰ ਆ ਖੜ੍ਹਦਾ ਹੈ। ਇੱਕ ਵਾਰ ਪੁਲਿਸ ਨੇ ਵੀ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਮੰਨੇ ਤੇ ਉਹਨਾਂ ਨੇ ਕਿਸੇ ਅਧਿਕਾਰੀ ਨਾਲ ਗੱਲ ਕਰਵਾ ਦਿੱਤੀ ਜਿਸ ਨਾਲ ਉਹ ਪੁਲਿਸ ਵਾਲਾ ਉੱਥੋਂ ਦੀ ਚਲਾ ਗਿਆ। ਸਰਕਾਰ ਵਿਰੁੱਧ ਤਾਂ ਹਰ ਕੋਈ ਮਤਲਬ ਲਈ ਹੁੰਦਾ ਹੈ ਪਰ ਕਦੇ ਇਹ ਸੋਚਿਆ ਤੁਸੀਂ ਆਪ ਮਿਲ ਕੇ ਕਿਉਂ ਨਹੀਂ ਆਪਣੀ ਸਰਕਾਰ ਬਣਾ ਲੈਂਦੇ ਜਿਸ ਨਾਲ ਸਮਾਜ ਵਿੱਚ ਗੰਦ ਸਾਫ਼ ਹੋ ਸਕੇ ਤੇ ਭ੍ਰਿਸ਼ਟਾਚਾਰ ਲੋਕ,ਉੱਚ ਅਧਿਕਾਰੀ ਸਭ ਆਪਣੀ ਥਾਂ ਤੋਂ ਲੱਥ ਜਾਣ। ਅਜੀਬ ਲੋਕ ਹਨ ਜੋ ਨਸ਼ੇ ਵਿੱਚ ਟੁੰਨ ਹਨ ਤੇ ਹੈਵਾਨੀਅਤ ਦਾ ਰੂਪ ਉਹਨਾਂ ਵਿੱਚ ਘੁੱਟ ਘੁੱਟ ਕੇ ਭਰਿਆ ਹੋਇਆ ਹੈ। ਸਮਾਜ ਵਿੱਚ ਹਰ ਥਾਂ ਆਵਾਜ਼ ਚੁੱਕੀ ਜਾਂਦੀ ਹੈ ਸਿਰਫ਼ ਆਪਣੇ ਮਤਲਬ ਲਈ ਕਿ ਸਾਡਾ ਇਹ ਸਹੀ ਕਰ ਦਿਓ,ਸਾਡਾ ਉਹ ਸਹੀ ਕਰ ਦਿਓ। ਆਪਣਾ ਸਹੀ ਆਪ ਕਿਉਂ ਨਹੀਂ ਕਰਦੇ...ਇਸ ਸਿਸਟਮ ਨੂੰ ਕਿਉਂ ਮੰਨਿਆ ਹੈ ਜੋ ਖੁਦ ਲਈ ਬਣਾਇਆ ਹੈ। ਧੀ ਬਚਾਓ ਦਾ ਕਾਰਜ ਜਦੋਂ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਹ ਸੋਚ ਕੇ ਕੀਤਾ ਜਾਂਦਾ ਹੈ ਕਿ ਇੱਕ ਧੀ ਦੀ ਇੱਜ਼ਤ ਨੂੰ ਕੁਝ ਨਾ ਹੋਵੇ। ਇੱਥੇ ਸਮਾਜ ਕੁਝ ਹੱਦ ਤੱਕ ਬਹੁਤ ਵਧੀਆ ਢੰਗ ਨਾਲ ਰਹਿੰਦਾ ਹੈ ਤੇ ਕੁਝ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਇੱਜ਼ਤ ਹੁੰਦੀ ਕੀ ਬਾਰੇ ਪਤਾ ਤੱਕ ਨਹੀਂ। ਸਮਾਜ ਵਿੱਚ ਕਿੰਨਰਾਂ ਦੇ ਝੂਠੇ ਰੂਪ ਜਿਨ੍ਹਾਂ ਨੇ ਵੀ ਧਾਰਨ ਕੀਤੇ ਹੋਏ ਹਨ ਉਹਨਾਂ ਨੂੰ

(ਬਾਕੀ ਸਫ਼ਾ 30 ’ਤੇ)



# ਗਿੱਧੇ ਦੀਆਂ ਲੋਕ-ਬੋਲੀਆਂ ਦਾ ਨਾਟਕੀ ਤੇ ਵਾਰਤਾਲਾਪੀ ਰੰਗ

**ਭੋਲਾ ਸਿੰਘ ਸ਼ਮੀਰੀਆ**

ਗਿੱਧਾ ਇੱਕ ਅਜਿਹਾ ਪਿੜ ਹੁੰਦਾ ਹੈ ਜਿੱਥੇ ਸਾਰੀਆਂ ਸਮਾਜਿਕ ਮਾਨਤਾਵਾਂ ਅਤੇ ਰਿਸ਼ਤਿਆਂ ਦੇ ਨਿਯਮ ਕੁਝ ਸਮੇਂ ਲਈ ਭੰਗ ਹੋ ਜਾਂਦੇ ਹਨ। ਵਰਜਿਤ ਰਿਸ਼ਤਿਆਂ ਦੀ ਸੀਮਾ ਵੀ ਲੰਘੀ ਜਾਂਦੀ ਹੈ। ਨੂੰਹ-ਸੱਸ, ਨਣਦ-ਭਰਜਾਈ, ਜੇਠ-ਭਰਜਾਈ ਅਤੇ ਨੂੰਹ-ਸਹੁਰੇ ਵਾਲੇ ਰਿਸ਼ਤੇ ਵਿਚਲੇ ਸੂਖਮ ਭਾਵ ਵੀ ਵਿਅੰਗਮਈ ਖੰਭਾਂ ਨਾਲ ਅੰਗੜਾਈਆਂ ਲੈਂਦੇ ਹਨ। ਅੱਲ੍ਹੜਾਂ ਦੇ ਨਪੀੜੇ ਗਏ ਅਰਮਾਨ ਉੱਡਣ ਲੱਗਦੇ ਹਨ। ਗਿੱਧੇ ਦੀਆਂ ਬੋਲੀਆਂ ਰਾਹੀਂ ਸਮਾਜੀ ਬੰਦਸ਼ਾਂ ਵਿੱਚੋਂ ਜ਼ਿੰਦਗੀ ਦਾ ਹਕੀਕੀ ਰੰਗ ਵੀ ਉੱਘੜਦਾ ਹੈ। ਸਮਾਜਿਕ ਮਰਿਆਦਾ ਦੇ ਸੰਵਿਧਾਨ ਵਿੱਚ ਇਹ ਰੰਗ 'ਕੌੜਾ-ਸੱਚ' ਬਣ ਕੇ ਇੱਕ ਜੁਝਾਰੂ ਧਿਰ ਵਜੋਂ ਰੂਪਮਾਨ ਹੁੰਦਾ ਹੈ। ਸਵਾਂਗਾਂ ਜਾਂ ਤਮਾਸ਼ਿਆਂ ਰਾਹੀਂ ਗਿੱਧੇ ਨੂੰ ਹੋਰ ਰੌਚਿਕ ਅਤੇ ਸਚਾਈ ਦੇ ਹੋਰ ਨੇੜੇ ਕਰ ਲਿਆ ਜਾਂਦਾ ਹੈ। ਗਿੱਧਿਆਂ ਵਿੱਚ ਨਾਨਕਾ ਮੇਲ ਅਤੇ ਦਾਦਕਾ ਮੇਲ, ਦਿਉਰ- ਭਰਜਾਈ ਜਾਂ ਆਸ਼ਕ-ਮਸ਼ੂਕ ਬਣਕੇ ਨਾਟਕੀ ਅੰਦਾਜ਼ ਵਿੱਚ ਮੇਹਣੋ-ਮੇਹਣੀ ਹੁੰਦੇ ਹਨ। ਬੇਸ਼ੱਕ ਗਿੱਧੇ ਵਿੱਚ ਜ਼ਿੰਦਗੀ ਦੇ ਸਾਰੇ ਰੰਗ ਦੇਖਣ ਨੂੰ ਮਿਲਦੇ ਹਨ, ਪਰ ਮੋੜ ਦੇਣ ਵਾਲੀਆਂ ਬੋਲੀਆਂ ਜਾਂ ਵਾਰਤਾਲਾਪੀ ਬੋਲੀਆਂ ਨਾਲ ਗਿੱਧਾ ਆਪਣਾ ਪੂਰਾ ਜਲੌਅ ਦਿਖਾ ਜਾਂਦਾ ਹੈ। ਇਸ ਤਰ੍ਹਾਂ ਬੋਲੀਆਂ ਵਿਚਲੇ ਸੁਆਲ-ਜੁਆਬ ਗਿੱਧੇ ਨੂੰ ਰੌਚਿਕ ਤੇ ਦਿਲਚਸਪ ਬਣਾ ਦਿੰਦੇ ਹਨ। ਬੇਸ਼ੱਕ ਇਹ ਔਰਤਾਂ ਦਾ ਨਾਚ ਹੈ, ਪਰ ਅੱਜਕੱਲ੍ਹ ਇਸ ਵਿੱਚ ਮਰਦਾਂ ਦੀ ਸ਼ਮੂਲੀਅਤ ਵੀ ਹੋਣੀ ਸ਼ੁਰੂ ਹੋ ਗਈ ਹੈ। ਜਦੋਂ ਕੋਈ ਔਰਤ ਆਪਣੇ ਕਿਸੇ ਜੇਠ ਜਾਂ ਦਿਉਰ ਨੂੰ ਮੁਖਾਤਬਿ ਹੋ ਕੇ ਬੋਲੀ ਪਾਉਂਦੀਹੈ ਤਾਂ ਜੇਠ ਜਾਂ ਦਿਉਰ ਦੀ ਗੈਰਹਾਜ਼ਰੀ ਵਿੱਚ ਕੋਈ ਦੂਸਰੀ ਔਰਤ ਆਪਣੀਆਂ ਸਰੀਰਕ ਮੁਦਰਾਵਾਂ ਨੂੰ ਮਰਦਾਊ ਰੂਪ ਵਿੱਚ ਪੇਸ਼ ਕਰਕੇ ਉਸ ਦਾ ਜੁਆਬ ਦਿੰਦੀ ਹੈ। ਇਸ ਤਰ੍ਹਾਂ ਇਹ ਵਾਰਤਾਲਾਪੀ ਬੋਲੀਆਂ ਨਾਲ ਗਿੱਧਾ ਆਪਣੀ ਚਰਮ ਸੀਮਾ 'ਤੇ ਪੁੱਜ ਜਾਂਦਾ ਹੈ। ਅੱਜਕੱਲ੍ਹ ਗਿੱਧੇ ਵਿੱਚ ਪੁਰਸ਼ ਵੀ ਸ਼ਮੂਲੀਅਤ ਕਰਨ ਲੱਗ ਪਏ ਹਨ। ਜਦੋਂ ਕੋਈ ਪੁਰਸ਼ ਗਿੱਧੇ ਵਿੱਚ ਆ ਕੇ ਬੋਲੀ ਪਾਉਂਦਾ ਹੋਇਆ ਕਹਿੰਦਾ ਹੈ;

ਨਾਲੇ ਹੂੰ ਕਰਕੇ ਨਾਲੇ ਹਾਂ ਕਰਕੇ,
ਗੇੜਾ ਦੇ ਦੇ ਨੀਂ ਮੁਟਿਆਰੇ, ਲੰਮੀ ਬਾਂਹ ਕਰਕੇ।

ਇਸ ਬੋਲੀ ਤੋਂ ਖ਼ਫ਼ਾ ਹੁੰਦੀ ਹੋਈ ਕੋਈ ਮੁਟਿਆਰ ਬੋਲੀ ਪਾਉਣ ਵਾਲੇ ਮਰਦ ਨੂੰ ਮੁਖਾਤਿਬ ਹੁੰਦੀ ਹੋਈ ਗਿੱਧੇ ਦੇ ਪਿੜ ਵਿੱਚ ਆ ਕੇ ਉਸ ਨੂੰ ਵੰਗਾਰਦੀ ਹੈ;

ਪਾ ਲੈ ਚੂੜੀਆਂ, ਲਾ ਲੈ ਸੁਰਖੀ,
ਲਾਹ ਕੇ ਸੁੱਟ ਪਜਾਮਾ।
ਕੀ ਤੈਨੂੰ ਭੀੜ ਪਈ, ਮਰਦੋਂ ਬਣੇ ਜਨਾਨਾ।



ਨੂੰਹ ਤੇ ਸੱਸ ਦਾ ਰਿਸ਼ਤਾ ਸਾਡੇ ਗੀਤਾਂ ਜਾਂ ਲੋਕ-ਗੀਤਾਂ ਵਿੱਚ ਮੁੱਢ-ਕਦੀਮੋਂ ਹੀ ਟਕਰਾਅ ਵਾਲੀ ਸਥਤਿੀ ਵਿੱਚ ਰਿਹਾ ਹੈ। ਨੂੰਹ ਤੇ ਸੱਸ ਦੀਆਂ ਬੋਲੀਆਂ ਤੋਂ ਬਿਨਾਂ ਗਿੱਧਾ ਵੀ ਇੰਝ ਲੱਗਦਾ ਹੈ ਜਿਵੇਂ ਕੋਈ ਚੰਗੀ ਪੁਸਤਕ ਭੂਮਿਕਾ ਜਾਂ ਮੁੱਢਲੀ ਜਾਣਕਾਰੀ ਤੋਂ ਬਿਨਾਂ ਸੱਖਣੀ ਰਹਿ ਗਈ ਹੋਵੇ। ਨੂੰਹ ਆਪਣੇ ਘੁੱਟੇ ਹੋਏ ਵਲਵਲਿਆਂ ਦੇ ਸੀਤੇ ਹੋਏ ਬੁੱਲ੍ਹਾਂ ਨੂੰ ਗਿੱਧੇ ਦੇ ਪਿੜ ਵਿੱਚ ਬੋਲੀਆਂ ਰਾਹੀਂ ਖੋਲ੍ਹਦੀ ਹੋਈ ਕਹਿੰਦੀ ਹੈ;

ਬਾਹਰ ਜਾਂਦਾ ਗੰਢੇ ਲਿਆਉਂਦਾ,ਤੋੜ ਲਿਆਉਂਦਾ ਭੂਕਾਂ।
ਨੀਂ ਮੈਂ ਪੇਕੀਂ ਸੁਣਦੀ ਸਾਂ,
ਸੱਸੇ ਤੇਰੀਆਂ ਕਰਤੂਤਾਂ।

ਇਸ ਦੇ ਜੁਆਬ ਵਿੱਚ ਦੂਸਰੀ ਔਰਤ ਸੱਸ ਦਾ ਬਦਲ ਬਣ ਕੇ ਆਪਣੀਆਂ ਭਵਨਾਵਾਂ ਦਾ ਪ੍ਰਗਟਾਵਾ ਇਉਂ ਕਰਦੀ ਹੈ;

ਲੀੜੇ ਧੋਵਾਂ, ਕੱਪੜੇ ਧੋਵਾਂ,
ਮਾਂਜਦੀ ਪਰਾਂਤ।
ਨੀਂ ਮੈਂ ਨਿੱਜ ਵਿਆਹੁੰਦੀ ਨਾ,
ਨੂੰਹੇਂ ਤੇਰੀ ਜੇਹੀ ਕਮਜਾਤ।

ਗਿੱਧੇ ਦੀਆਂ ਇਹ ਵਾਰਤਾਲਾਪੀ ਬੋਲੀਆਂ ਕਈ ਵਾਰੀ ਲੰਮੀਆਂ ਤੇ ਵਿਸਥਾਰਤ ਵੀ ਹੋ ਜਾਂਦੀਆਂ ਹਨ। ਕਈ ਵਾਰੀ ਇਨ੍ਹਾਂ ਬੋਲੀਆਂ ਵਿੱਚ ਕਿਸੇ ਗੁੰਝਲ ਇਤਿਹਾਸਕ ਵਿਵਰਣ ਨੂੰ ਦੱਸਣ ਦੀ ਕੋਸ਼ਿਸ਼ ਵੀ ਹੁੰਦੀ ਹੈ। ਇੱਕ ਔਰਤ ਆਪਣੇ ਸ਼ਰੀਕੇ 'ਚੋਂ ਲੱਗਦੇ ਜੇਠ ਨੂੰ ਆਪਣੇ ਪੇਕਿਆਂ ਤੋਂ ਰਿਸ਼ਤਾ ਕਰਵਾ ਦਿੰਦੀ ਹੈ। ਕਿਸੇ ਕਾਰਨ ਇਹ ਰਿਸ਼ਤਾ ਟੁੱਟ ਜਾਂਦਾ ਹੈ। ਜੇਠ ਇਸ 'ਟੁੱਟ-ਫੁੱਟ' ਦਾ ਦੋਸ਼ ਆਪਣੀ ਭਰਜਾਈ ਸਿਰ ਮੜ੍ਹਦਾ ਹੋਇਆ ਕਹਿੰਦਾ ਹੈ;

ਸਾਕ ਮੇਰੇ ਦੀ ਭਾਨੀ ਮਾਰ ਕੇ,
ਚੰਗੀ ਨਹੀਂ ਤੂੰ ਕੀਤੀ।
ਮਾਹੀ ਤੇਰੇ ਨੂੰ ਪਾਈ ਮੁੰਦਰੀ,
ਤੈਨੂੰ ਪਾਈ ਤਵੀਤੀ।
ਝਾਕ ਸਾਹਮਣੇ ਮੇਰੇ ਹੁਣ ਤੂੰ,
ਕਿਉਂ ਬੈਠੀ ਚੁੱਪ ਕੀਤੀ।
ਤੂੰ ਕੁਲਵਿੰਦਰ ਕੁਰੇ,
ਜੱਗੋਂ ਤੇਰਵੀਂ ਕੀਤੀ।

ਇਸ ਬੋਲੀ ਦਾ ਮੋੜਵਾਂ ਜੁਆਬ ਦੂਜੀ ਔਰਤ ਘੁੰਢ ਕੱਢ ਕੇ ਦਿੰਦੀ ਹੈ। ਉਹ ਇੱਕ ਹੱਥ ਨਾਲ ਘੁੰਢ ਫੜਦੀ ਹੈ ਤੇ ਦੂਜੇ ਹੱਥ ਦੀ ਉਂਗਲ



ਮਾਰ ਕੇ ਆਪਣੇ ਆਪ ਨੂੰ ਠੀਕ ਦਰਸਾਉਣ ਦੀ ਕੋਸ਼ਿਸ਼ ਕਰਦੀ ਹੈ;

ਇਹ ਕੰਮ ਜੇਠਾ ਮੈਂ ਨ੍ਹੀਂ ਕੀਤਾ,
ਨਾ ਲਹਿੰਦੇ ਨਾ ਚੜ੍ਹਦੇ।
ਨਿੱਤ ਸ਼ਰਾਬਾਂ ਪੀਂਦਾ ਰਹਿੰਨੈ,
ਲਾਉਂਦਾ ਰਹਿੰਨੈ ਜਰਦੇ।
ਏਸ ਤਰ੍ਹਾਂ ਦੇ ਸਾਕ ਵੇ ਜੇਠਾ,
ਕਦੋਂ ਨੇਪਰੇ ਚੜ੍ਹਦੇ।
ਜੀਹਨੇ ਧੀ ਦੇਣੀ,
ਸੌ ਫੋਲਣਗੇ ਪੜਦੇ।

ਜੇਠ ਤੇ ਭਰਜਾਈ ਦਾ ਸੰਕੋਚਵਾਂ ਰਿਸ਼ਤਾ ਗਿੱਧੇ ਦੇ ਪਿੜ ਵਿੱਚ ਬਾਘੀਆਂ ਪਾ ਉੱਠਦਾ ਹੈ। ਇੱਕ ਵੇਲਾ ਸੀ ਜਦੋਂ ਲਿੰਗ ਅਨੁਪਾਤ ਦੇ ਵਿਗਾੜ ਕਰਕੇ ਚਾਰਾਂ ਜਾਂ ਪੰਜਾਂ ਭਰਾਵਾਂ ਵਿੱਚੋਂ ਸਿਰਫ਼ ਇੱਕ ਜਾਂ ਦੋ ਹੀ ਵਿਆਹੇ ਜਾਂਦੇ ਸਨ। ਆਮ ਕਰਕੇ ਹਰ ਘਰ ਵਿੱਚ ਕੋਈ ਨਾ ਕੋਈ ਛੜਾ ਜ਼ਰੂਰ ਹੁੰਦਾ ਸੀ। ਛੜਾ ਕਾਮੁਕ ਪੱਖ ਤੋਂ ਬੰਜਰ ਰਹਿਣ ਕਰਕੇ ਗੀਤਾਂ ਜਾਂ ਲੋਕ-ਗੀਤਾਂ ਵਿੱਚ ਇੱਕ ਮਜ਼ਾਕ ਦਾ ਪਾਤਰ ਬਣ ਕੇ ਰਹਿ ਗਿਆ। ਗਿੱਧੇ ਦੇ ਪਿੜ ਵਿੱਚ ਜੇਠ-ਭਰਜਾਈ ਦੀ ਨੋਕ-ਝੋਕ ਅਕਸਰ ਹੁੰਦੀ ਰਹਿੰਦੀ ਹੈ। ਛੜੇ ਜੇਠ ਦੀ ਪਾਤਰਤਾ ਮਜ਼ਾਕੀਏ ਲਹਿਜੇ ਵਿੱਚ ਗਿੱਧਿਆਂ ਦੇ ਰੰਗਾਂ ਵਿੱਚ ਵੀ ਪ੍ਰਵੇਸ਼ ਕਰਦੀ ਹੈ। ਇੱਕ ਔਰਤ ਆਪਣੇ ਖੱਬੇ ਹੱਥ ਦੀ ਤਲੀ ਨੂੰ ਆਪਣੇ ਸੱਜੇ ਹੱਥ ਦੀ ਤਲੀ ਨਾਲ ਆਪਣੀਆਂ ਸਰੀਰਕ ਮੁਦਰਾਵਾਂ ਰਾਹੀਂ ਇਉਂ ਕੁੱਟਦੀ ਹੈ ਜਿਵੇਂ ਕਿਸੇ ਚੀਜ਼ ਨੂੰ ਕੁੱਟ ਰਹੀ ਹੋਵੇ। ਨੱਚਦੀ ਹੋਈ ਇਉਂ ਬੋਲੀ ਪਾਉਂਦੀ ਹੈ;

ਖੱਟੀ ਚੁੰਨੀ ਨੀਂ ਮੈਂ ਧਾਰ ਚੋਣ ਗਈ ਸਾਂ,
ਖੱਟੀ ਚੁੰਨੀ ਨੇ ਮੇਰਾ ਗਲ ਘੁੱਟਤਾ।
ਨੀਂ ਮੈਂ ਕੱਟੇ ਦੇ ਭੁਲੇਖੇ, ਛੜਾ ਜੇਠ ਕੁੱਟਤਾ।

'ਦੇਰ ਆਏ,ਦਰੁਸਤ ਆਏ' ਦੀ ਭਾਵਨਾ ਅਨੁਸਾਰ ਛੜਾ ਜੇਠ ਇਸ ਅਣਹੋਣੀ ਵਿੱਚੋਂ ਵੀ ਸੁਆਦ ਲੈਂਦਾ ਹੋਇਆ ਬੇਸ਼ਰਮ ਜਿਹਾ ਬਣ ਕੇ ਆਖ ਉੱਠਦਾ ਹੈ;

ਡੰਗਰਾਂ ਦੇ ਵਾੜੇ ਕੱਲ੍ਹ ਧਾਰ ਚੋਣ ਗਈ ਸੀ ਤੂੰ,
ਮੈਂ ਵੀ ਤੇਰੇ ਨਾਲ ਭਾਬੀ ਮਾਰ ਗਿਆ ਠੱਗੀ।
ਤੇਰੇ ਕੂਲਿਆਂ ਹੱਥਾਂ ਦੀ, ਭੋਰਾ ਪੀੜ ਨਾ ਲੱਗੀ।

ਛੜੇ ਦੀ ਭੂਮਿਕਾ ਤੋਂ ਬਿਨਾਂ ਵੀ ਗਿੱਧਾ ਅਧੂਰਾ ਦਿਖਾਈ ਦਿੰਦਾ ਹੈ। ਇੱਕ ਮੁਟਿਆਰ ਛੜੇ ਦੇ ਗੁਸੈਲੇ ਸੁਭਾਅ 'ਤੇ ਵਿਅੰਗ ਕਰਦੀ ਹੋਈ ਬੋਲੀ ਪਾਉਂਦੀ ਹੈ;

ਗੇੜ-ਗੇੜ ਕੇ ਪਾਣੀ ਛੜੇ ਨੇ,
ਸਿਰ 'ਤੇ ਘੜਾ ਟਿਕਾਇਆ।
ਭਾਲ-ਭਾਲ ਕੇ ਬਾਲਣ ਖੇਤੋਂ,
ਆਣ ਤੰਦੂਰ ਤਪਾਇਆ।
ਅੱਗ ਛੜੇ ਦੇ ਮੂੰਹ ਨੂੰ ਪੈਗੀ,
ਭੱਜਿਆ ਬਾਹਰ ਨੂੰ ਆਇਆ।
ਲੱਤ ਮਾਰ ਕੇ ਢਾਹਤਾ ਚੁੱਲ੍ਹਾ,
ਆਟਾ ਰੇਤ ਰੁਲਾਇਆ।
ਐਡੇ ਹਰਖੀ ਨੇ, ਵਿਆਹ ਕਿਉਂ ਨਾ ਕਰਵਾਇਆ।

ਛੜਾ ਵੀ ਅੱਗੋਂ ਘੱਟ ਨਹੀਂ। ਉਹ ਵੀ ਉਸ ਨੂੰ ਉਸੇ ਅੰਦਾਜ਼ ਵਿੱਚ ਜੁਆਬ ਦਿੰਦਾ ਹੈ;

ਤੈਨੂੰ ਕਾਹਦਾ ਸੰਸਾ ਰਕਾਨੇ,
ਮੈਂ ਹਾਂ ਰੱਬ ਦਾ ਲਾੜਾ।
ਖਸਖਸ ਵਿੱਚ ਬਦਾਮ ਘੋਟਕੇ,
ਰੋਜ਼ ਛਕੀਦੈ ਕਾੜ੍ਹਾ।
ਘਰੇ ਆਪਣੇ ਚੁੱਲ੍ਹਾ ਭੰਨਾ,
ਚਾਹੇ ਭੰਨਾ ਮੈਂ ਹਾਰਾ।
ਮਾਲਕ ਮਰਜ਼ੀ ਦਾ,
ਤੈਨੂੰ ਕਾਸਦਾ ਸਾੜਾ।

ਇਹ ਲੋਕ ਬੋਲੀਆਂ ਕਈ ਵਾਰ ਕਾਮੁਕ ਭੁੱਖ ਵਿੱਚੋਂ ਚੰਗੇਰੇ ਭਵਿੱਖ ਦੀ ਲਾਲਸਾ ਵੀ ਪ੍ਰਗਟਾਅ ਜਾਂਦੀਆਂ ਹਨ ਜਾਂ ਇੰਝ ਕਹਿ ਲਓ ਕਿ ਚੰਗੇਰੇ ਭਵਿੱਖ ਦੀ ਆੜ ਵਿੱਚ ਇਹ ਲੋਕ ਬੋਲੀਆਂ ਕਾਮੁਕ ਰੁਚੀਆਂ ਨੂੰ ਸ਼ਾਂਤ ਕਰਨ ਦਾ ਵਸੀਲਾ ਬਣਦੀਆਂ ਹਨ। ਘਰ ਦੀ ਟੁੱਟੀ ਹੋਈ ਆਰਥਿਕਤਾ ਦੇ ਸੰਦਰਭ ਵਿੱਚੋਂ ਇੱਕ ਨਵੀਂ
ਵਿਆਹੀ ਔਰਤ ਆਪਣੇ ਪਤੀ ਨੂੰ ਇੱਕ ਮਰੋੜਾ ਜਿਹਾ ਦਿੰਦੀ ਕਹਿੰਦੀ ਹੈ;

ਜੇਠ-ਜੇਠਾਣੀ ਅੰਦਰ ਸੌਂਦੇ,
ਤੇਰਾ ਮੰਜਾ ਬਾਹਰ।
ਵੇ ਜੈ ਵੱਢੀ ਦਿਆ,
ਕਿਵੇਂ ਵਧੂ ਪਰਿਵਾਰ।

ਇਹ ਬਹੁ-ਅਰਥੀ ਬੋਲੀ ਸਰੀਰਕ, ਆਰਥਿਕ ਅਤੇ ਭਵਿੱਖੀ ਚਿੰਤਾ ਦੇ ਸੁਮੇਲ ਵਜੋਂ ਰੂਪਮਾਨ ਹੁੰਦੀ ਹੈ। ਉਸ ਔਰਤ ਦਾ ਪਤੀ ਘਰ ਦੀ ਗੰਢੀ-ਤੁੱਪੀ ਆਰਥਿਕਤਾ ਨੂੰ ਧਿਆਨ ਵਿੱਚ ਰੱਖਦਿਆਂ ਮੋੜ ਦਿੰਦਾ ਹੈ;

ਪਿਛਲੇ ਸਾਲ ਝਲਾਨੀ ਪਾਈ,
ਲੈ ਲਿਆ ਐਤਕੀ ਬੋਤਾ
ਨੀਂ ਆਉਂਦੀ ਸਰਦੀ ਨੂੰ
ਪੈ ਜੂ ਆਪਣਾ ਕੋਠਾ।

ਗਿੱਧੇ ਦੇ ਪਿੜ ਅੰਦਰਲਾ ਵਿਧਾਨ ਕਿਸੇ ਨੂੰ ਵੀ ਨਹੀਂ ਬਖਸ਼ਦਾ। ਨਾ ਇਹ ਕਿਸੇ ਦੀ ਉਮਰ ਦਾ ਲਿਹਾਜ ਕਰਦਾ ਹੈ ਤੇ ਨਾ ਹੀ ਇਹ ਕਿਸੇ ਰਿਸ਼ਤੇ ਦੀ ਪਰਵਾਹ ਕਰਦਾ ਹੈ। ਕਈ ਵਾਰ ਗਿੱਧੇ ਵਿੱਚ ਕਿਸੇ ਰਾਹ ਜਾਂਦੇ ਖਚਰੇ ਤੇ ਰੁਮਾਂਟਿਕ ਕਿਸਮ ਦੇ ਬੁੱਢੇ ਨੂੰ ਵੀ ਵੰਗਾਰਿਆ ਤੇ ਲਲਕਾਰਿਆ ਜਾਂਦਾ ਹੈ;

ਦਾੜ੍ਹੀ ਵਾਲਿਆ ਟੇਢਾ ਝਾਕਦੈਂ,
ਇਹ ਤੇਰਾ ਕੰਮ ਮਾੜਾ।
ਤੇਰੇ ਨਾਲ ਦੇ ਪੜ੍ਹਨ ਪੋਥੀਆਂ,
ਤੜਕੇ ਫੇਰਦੇ ਮਾਲਾ।
ਨੇੜੇ ਹੋ ਕੇ ਦੱਸ ਕਹਾਣੀ,
ਕਾਹਤੋਂ ਕਰੇ ਇਸ਼ਾਰਾ।
ਮੇਰੀ ਬੋਲੀ ਦਾ, ਮੋੜ ਕਰੀਂ ਸਰਦਾਰਾ।

ਦੂਸਰੀ ਔਰਤ ਸਿਰ 'ਤੇ ਚੁੰਨੀ ਦਾ ਮੜਾਸਾ ਮਾਰ ਕੇ ਬਜ਼ੁਰਗ ਦਾ ਭੇਸ ਧਾਰਨ ਕਰਦੀ ਹੋਈ ਮੁੱਛਾਂ ਨੂੰ ਤਾਅ ਦਿੰਦੀ ਹੋਈ ਬੋਲੀ ਪਾਉਂਦੀ ਹੈ;

ਸੁਣ ਲੈ ਕੁੜੀਏ ਮੈਂ ਵੀ ਪੀਤੈ,
ਘਾਟ-ਘਾਟ ਦਾ ਪਾਣੀ।
ਸੁਰਗਾਂ ਵਿੱਚ ਕਈ ਜਾ ਕੇ ਬਹਿਗੇ,
ਹਾਣ ਮੇਰੇ ਦੇ ਹਾਣੀ।
ਮੈਂ ਹਾਂ ਤੇਰੇ ਬਾਪੂ ਹਾਣ ਦਾ,
ਤੂੰ ਹੈਂ ਅਜੇ ਨਿਆਣੀ।
ਪੁੱਛ ਲੈ ਜੋ ਪੁੱਛਣਾ, ਭੌਂਦੂ ਬੁੜ੍ਹਾ ਨਾ ਜਾਣੀ।





# ਅਨੋਖਾ ਸਕੂਲ... ਇੱਕ ਸਕੂਲ, ਇੱਕ ਵਿਦਿਆਰਥੀ ਤੇ ਇੱਕ ਅਧਿਆਪਕ

## ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ 'ਚ ਪੜ੍ਹਾਉਣ ਨੂੰ ਦੇ ਰਹੇ ਨੇ ਤਰਜੀਹ

ਸਕੂਲਾਂ ਦੀ ਮਾੜੀ ਹਾਲਤ, ਅਧਿਆਪਕਾਂ ਦੀ ਲਾਪਰਵਾਹੀ ਅਤੇ ਵਿਦਿਆਰਥੀਆਂ ਦੀ ਗੈਰਹਾਜ਼ਰੀ ਦੀਆਂ ਖ਼ਬਰਾਂ ਤੁਸੀਂ ਜ਼ਰੂਰ ਦੇਖੀਆਂ ਤੇ ਪੜ੍ਹੀਆਂ ਹੋਣਗੀਆਂ ਪਰ ਇਹ ਕਹਾਣੀ ਬਿਲਕੁਲ ਵੱਖਰੀ ਹੈ। ਇਹ ਉਨ੍ਹਾਂ ਸਾਰਿਆਂ ਲਈ ਇੱਕ ਮਿਸਾਲ ਹੈ ਜਿਨ੍ਹਾਂ ਕੋਲ ਸਕੂਲ ਨਾ ਜਾਣ ਅਤੇ ਪੜ੍ਹਾਈ ਵਿੱਚ ਧਿਆਨ ਨਾ ਦੇਣ ਦੇ ਲੱਖਾਂ ਬਹਾਨੇ ਹਨ। ਇਹ ਇੱਕ ਅਜਿਹੇ ਸਕੂਲ ਦੀ ਕਹਾਣੀ ਹੈ ਜਿੱਥੇ ਸਿਰਫ਼ ਇੱਕ ਵਿਦਿਆਰਥੀ ਅਤੇ ਇੱਕ ਹੀ ਅਧਿਆਪਕ ਹੈ। ਬਠਿੰਡਾ ਜ਼ਿਲ੍ਹੇ ਦਾ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਬੁੱਧ ਸਿੰਘ ਨੂੰ ਲੋਕ ਵਿਲੱਖਣ ਸਕੂਲ ਵੀ ਕਹਿ ਰਹੇ ਹਨ ਕਿਉਂਕਿ ਇਸ ਵਿਚ ਸਿਰਫ਼ ਇਕ ਵਿਦਿਆਰਥੀ ਪੜ੍ਹਦਾ ਹੈ।

ਇਸ ਸਕੂਲ ਵਿੱਚ ਭਿੰਦਰ ਸਿੰਘ ਨਾਮ ਦਾ ਸਿਰਫ਼ ਇੱਕ ਵਿਦਿਆਰਥੀ ਪੜ੍ਹਦਾ ਹੈ। ਇਸ ਵਿਦਿਆਰਥੀ ਨੂੰ ਪੜ੍ਹਾਉਣ ਲਈ ਅਧਿਆਪਕਾ ਸਰਬਜੀਤ ਕੌਰ 10 ਕਿਲੋਮੀਟਰ ਦੂਰ ਤੋਂ ਸਕੂਲ ਆਉਂਦੀ ਹੈ। ਸਰਕਾਰ ਵੱਲੋਂ ਭਿੰਦਰ ਸਿੰਘ ਨੂੰ ਸਕੂਲ ਵਿੱਚ ਮਿਡ-ਡੇ-ਮੀਲ ਸਮੇਤ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀ ਭਿੰਦਰ ਅਨੁਸਾਰ ਪਹਿਲਾਂ ਸਕੂਲ ਵਿੱਚ ਬਹੁਤ ਸਾਰੇ ਵਿਦਿਆਰਥੀ ਪੜ੍ਹਦੇ ਸਨ ਪਰ ਹੁਣ ਸਿਰਫ਼ ਇਕ ਹੀ ਵਿਦਿਆਰਥੀ ਹੈ। ਉਹ ਪਿਛਲੇ ਪੰਜ ਸਾਲਾਂ ਤੋਂ ਇਸ ਸਕੂਲ ਵਿੱਚ ਪੜ੍ਹ ਰਿਹਾ ਹੈ। ਅਧਿਆਪਕਾ ਸਰਬਜੀਤ ਕੌਰ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਬੁੱਧ ਸਿੰਘ ਵਿੱਚ ਇਹ ਉਸ ਦੀ ਪਹਿਲੀ ਤਾਇਨਾਤੀ ਹੈ। ਜਦੋਂ ਉਹ ਪਹਿਲੇ ਦਿਨ ਸਕੂਲ ਆਈ ਤਾਂ ਇਹ ਦੇਖ ਕੇ ਹੈਰਾਨ ਰਹਿ ਗਈ ਕਿ ਪੂਰੇ ਸਕੂਲ ਵਿੱਚ ਇੱਕ ਹੀ ਵਿਦਿਆਰਥੀ ਸੀ। ਪਹਿਲਾਂ ਤਾਂ ਇਹ ਕਾਫੀ ਅਜੀਬ ਲੱਗਦਾ ਸੀ ਪਰ ਹੁਣ ਇਹ ਆਦਤ ਬਣ ਗਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਬੁੱਧ ਸਿੰਘ ਵਿੱਚ ਇਕ ਹੀ ਵਿਦਿਆਰਥੀ ਹੈ। ਉਸ ਨੇ ਦੱਸਿਆ ਕਿ ਬੱਚੇ ਦਾ ਨਾਂ ਭਿੰਦਰ ਸਿੰਘ ਹੈ। ਭਿੰਦਰ ਤੋਂ ਇਲਾਵਾ ਕਿਸੇ ਹੋਰ ਬੱਚੇ ਨੇ ਸਕੂਲ ਵਿੱਚ ਦਾਖ਼ਲਾ ਨਹੀਂ ਲਿਆ ਪਰ ਇਸ ਕਾਰਨ ਭਿੰਦਰ ਦੀ ਪੜ੍ਹਾਈ ਨਹੀਂ ਰੁਕੀ। ਦਰਅਸਲ, ਸਿੱਖਿਆ ਵਿਭਾਗ ਵੱਲੋਂ ਇੱਕ ਵਿਦਿਆਰਥੀ ਲਈ ਇੱਕ ਅਧਿਆਪਕ ਤਾਇਨਾਤ ਕੀਤਾ ਹੈ। ਅਧਿਆਪਕਾ ਸਰਬਜੀਤ ਕੌਰ ਨੇ ਕਿਹਾ ਕਿ ਜਿਸ ਦਿਨ ਕੋਈ ਵਿਦਿਆਰਥੀ ਸਕੂਲ ਨਹੀਂ ਆਉਂਦਾ, ਉਸ ਦਿਨ ਸਾਰਾ ਦਿਨ ਸਕੂਲ ਵਿੱਚ ਬੈਠਣਾ ਮੁਸ਼ਕਿਲ ਹੋ ਜਾਂਦਾ ਹੈ।






### ਪ੍ਰਾਈਵੇਟ ਸਕੂਲਾਂ 'ਚ ਪੜ੍ਹ ਰਹੇ ਨੇ ਬੱਚੇ

ਸਕੂਲ ਵਿੱਚ ਇੱਕ ਹੀ ਬੱਚਾ ਹੋਣ ਦਾ ਕਾਰਨ ਦੱਸਦਿਆਂ ਅਧਿਆਪਕਾ ਸਰਬਜੀਤ ਕੌਰ ਨੇ ਦੱਸਿਆ ਕਿ ਪਿੰਡ ਕੋਠੇ ਬੁੱਧ ਸਿੰਘ ਵਿੱਚ ਘਰ ਘੱਟ ਹਨ। ਪਿੰਡ ਦੀ ਆਬਾਦੀ 425 ਦੇ ਕਰੀਬ ਹੈ। ਇਹ ਸਕੂਲ ਪ੍ਰਾਇਮਰੀ ਪੱਧਰ ਤੱਕ ਹੈ। ਪੰਜਵੀਂ ਜਮਾਤ ਵਿੱਚ ਸਿਰਫ਼ ਇੱਕ ਵਿਦਿਆਰਥੀ ਪੜ੍ਹਦਾ ਹੈ ਜਦੋਂਕਿ ਕਿਸੇ ਹੋਰ ਜਮਾਤ ਵਿੱਚ ਕੋਈ ਵਿਦਿਆਰਥੀ ਨਹੀਂ ਹੈ। ਪਿੰਡ ਵਿੱਚ ਜ਼ਿਆਦਾਤਰ ਘਰ ਜਨਰਲ ਵਰਗ ਦੇ ਲੋਕਾਂ ਦੇ ਹਨ ਅਤੇ ਉਹ ਸਾਰੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਪਿੰਡ ਦੇ ਲੋਕਾਂ ਨੂੰ ਇਕੱਠਾ ਕੀਤਾ, ਸਕੂਲ ਪ੍ਰਬੰਧਕ ਕਮੇਟੀ ਨੇ ਵੀ ਕਾਫੀ ਯਤਨ ਕੀਤੇ ਪਰ ਪਿੰਡ ਦੇ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਭੇਜਣ ਲਈ ਤਿਆਰ ਨਹੀਂ ਹਨ।

### ਦੂਜੇ ਪਿੰਡਾਂ ਤੋਂ ਵੀ ਵਿਦਿਆਰਥੀ ਲਿਆਉਣ ਦੀ ਕੋਸ਼ਿਸ਼ ਕੀਤੀ : ਸਰਪੰਚ

ਸਰਪੰਚ ਸੁਖਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ। ਨੇੜਲੇ ਪਿੰਡ ਦਾਨ ਸਿੰਘ ਵਾਲਾ ਦਾ ਇੱਕ ਵਿਅਕਤੀ ਇਸ ਸਕੂਲ ਦੀ ਸਫ਼ਾਈ ਕਰਨ ਆਉਂਦਾ ਹੈ। ਟੀਚਰ 'ਤੇ ਅਸੀਂ ਮਿਲ ਕੇ ਉਸ ਨੂੰ ਰਿਕਸ਼ਾ ਲੈ ਕੇ ਦਿੱਤਾ। ਪਿੰਡ ਦਾਨ ਸਿੰਘ ਵਾਲਾ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਸਾਡੇ ਸਕੂਲ ਵਿੱਚ ਪੜ੍ਹਾਈ ਲਈ ਭੇਜਣ, ਉਨ੍ਹਾਂ ਤੋਂ ਰਿਕਸ਼ੇ ਦਾ ਕਿਰਾਇਆ ਨਹੀਂ ਲਿਆ ਜਾਵੇਗਾ। ਪਹਿਲਾਂ 5-7 ਵਿਦਿਆਰਥੀ ਉਥੋਂ ਪੜ੍ਹਣ ਲਈ ਸਾਡੇ ਪਿੰਡ ਆਉਂਦੇ ਸਨ ਪਰ ਹੁਣ ਉਹ ਵੀ ਆਉਣੋਂ ਹਟ ਗਏ ਹਨ। ਹੁਣ ਸਕੂਲ ਵਿੱਚ ਸਿਰਫ਼ ਇੱਕ ਵਿਦਿਆਰਥੀ ਬਚਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੁੱਲ 320 ਵੋਟਾਂ ਹਨ ਅਤੇ ਆਬਾਦੀ 425 ਦੇ ਕਰੀਬ ਹੈ।

### ਗਿਣਤੀ ਵਧਾਉਣ ਦੀ ਕੋਸ਼ਿਸ਼ ਕਰਨਗੇ : ਉਪ ਜ਼ਿਲ੍ਹਾ ਸਿੱਖਿਆ ਅ.ਫਸਰ

ਉਪ ਜ਼ਿਲ੍ਹਾ ਸਿੱਖਿਆ ਅ.ਫਸਰ ਐਲੀਮੈਂਟਰੀ ਸਿੱਖਿਆ ਮਹਿੰਦਰਪਾਲ ਨੇ ਦੱਸਿਆ ਕਿ ਸਰਕਾਰ ਅਤੇ ਸਿੱਖਿਆ ਵਿਭਾਗ ਦਾ ਮੰਨਣਾ ਹੈ ਕਿ ਭਾਵੇਂ ਇੱਕ ਹੀ ਵਿਦਿਆਰਥੀ ਹੋਵੇ, ਉਸ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਇਸ ਕਾਰਨ ਵਿਭਾਗ ਨੇ ਇੱਕ ਵਿਦਿਆਰਥੀ ਲਈ ਇੱਕ ਅਧਿਆਪਕ ਤਾਇਨਾਤ ਕੀਤਾ ਹੈ। ਅਸੀਂ ਇਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।



## ਸ਼ਹੀਦੀ ਦਿਵਸ 'ਤੇ ਵਿਸ਼ੇਸ਼ ਲੇਖ




# ਸ਼ਾਮ ਸਿੰਘ ਅਟਾਰੀ ਵਾਲਾ

ਸੁਖਵਿੰਦਰ ਸਿੰਘ ਮੁੱਲਾਂਪੁਰ
9914184794

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਜਦ ਜਰਨੈਲਾਂ ਦੀ ਗੱਲ ਹੁੰਦੀ ਹੈ ਤਾਂ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਮ ਬੜੇ ਮਾਣ ਨਾਲ ਲਿਆ ਜਾਂਦਾ ਹੈ। ਇਸ ਦਾ ਜਨਮ ਪਿਤਾ ਭਾਈ ਨਿਹਾਲ ਸਿੰਘ ਅਤੇ ਮਾਤਾ ਸ਼ਮਸ਼ੇਰ ਕੌਰ ਦੀ ਕੁੱਖੋਂ 1785 ਨੂੰ ਪਿੰਡ ਅਟਾਰੀ ਵਿਖੇ ਹੋਇਆ। ਇਹਨਾਂ ਦੇ ਵੱਡੇ ਵਡੇਰੇ ਦਾ ਨਾਮ ਕਾਹਨ ਚੰਦ ਸੀ। ਇਹਨਾਂ ਦਾ ਖ਼ਾਨਦਾਨ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਜੁੜਿਆ ਹੋਇਆ ਹੈ।

ਇਹਨਾਂ ਦਾ ਖਾਨਦਾਨ 1580 ਨੂੰ ਮਾਲਵੇ ਦੇ ਖੇਤਰ ਫੂਲ ਮਹਿਰਾਜ ਵਿੱਚ ਅਬਾਦ ਹੋਇਆ ਫਿਰ ਇਹਨਾਂ ਲੁਧਿਆਣਾ ਜ਼ਿਲ੍ਹੇ ਵਿਚ ਜਗਰਾਂਉ ਕੋਲ 1735 ਵਿੱਚ ਕਾਉਂਕੇ ਕਲਾਂ ਪਿੰਡ ਵਸਾਇਆ। ਇੱਥੇ ਦੇ ਦੋ ਭਰਾ ਸਨ ਕੋਰਾ ਅਤੇ ਗੌਰਾ ਦੋਨੋਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ। ਕੋਰਾ ਦਾ ਨਾਮ ਕੌਰ ਸਿੰਘ ਬਣ ਗਿਆ ਗੋਰਾ ਦਾ ਨਾਮ ਗੌਰ ਸਿੰਘ ਬਣ ਗਿਆ। ਜਿਸ ਥਾਂ 'ਤੇ ਅਟਾਰੀ ਪਿੰਡ ਵਸਿਆ ਹੋਇਆ ਹੈ। ਉਸ ਥਾਂ 'ਤੇ ਪਹਿਲਾਂ ਥੇਹ ਸੀ, ਥੇਹ 'ਤੇ ਮਹੰਤ ਰਹਿੰਦੇ ਸਨ ਉਹਨਾਂ ਨੂੰ ਚੋਰਾਂ ਡਾਕੂਆਂ ਨੇ ਕਈ ਵਾਰ ਲੁੱਟਿਆ। ਡਾਕੂਆਂ ਤੋਂ ਤੰਗ ਆ ਕੇ ਮਹੰਤਾਂ ਨੇ ਦੋਵੇਂ ਭਰਾਵਾਂ ਕੋਲ ਆਪਣੀ ਰੱਖਿਆ ਦੀ ਬੇਨਤੀ ਕੀਤੀ। ਮਹੰਤਾ ਨੇ ਦੋਨੋਂ ਭਰਾਵਾਂ ਨੂੰ ਇੱਥੇ ਤਿੰਨ ਮੰਜ਼ਿਲਾ ਮਕਾਨ ਬਣਾ ਦਿੱਤਾ ਇਸ ਦਾ ਨਾਮ ਅਟਾਰੀ ਰੱਖ ਦਿੱਤਾ। ਇਹ ਦੋਨੋਂ ਭਰਾ ਕਾਉਂਕੇ ਕਲਾਂ ਤੋਂ ਉੱਠ ਕੇ ਅਟਾਰੀ ਆ ਵਸੇ। ਸ਼ਾਮ ਸਿੰਘ ਅਟਾਰੀ ਗੌਰਾ ਸਿੰਘ ਦਾ ਪੋਤਾ ਸੀ।

ਸ਼ਾਮ ਸਿੰਘ ਅਟਾਰੀ ਵਾਲੇ ਚੰਗੇ ਘੋੜ ਸਵਾਰ ਤੀਰ ਅੰਦਾਜ਼ ਤੇ ਤਲਵਾਰ ਦੇ ਧਨੀ ਸਨ ਇਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਭਰਤੀ ਕਰ ਲਏ ਗਏ। ਸ਼ਾਮ ਸਿੰਘ ਅਟਾਰੀ ਵਾਲੇ ਨੇ ਮੁਲਤਾਨ ਦੀ ਲੜਾਈ ਅਤੇ ਕਸ਼ਮੀਰ ਦੀ ਲੜਾਈ ਵਿੱਚ ਬਹੁਤ ਬਹਾਦਰੀ ਵਿਖਾਈ। ਮਹਾਰਾਜਾ ਰਣਜੀਤ ਸਿੰਘ ਨੇ ਖੁਸ਼ ਹੋ ਕੇ ਹੀਰਿਆਂ ਭਰੀ ਕਲਗੀ ਅਟਾਰੀ ਵਾਲੇ ਨੂੰ ਇਨਾਮ ਵਜੋਂ ਦਿੱਤੀ।

ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਂ ਨਿਹਾਲ ਸਿੰਘ ਨਾਲ ਕਰ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਹੀ ਭਾਵੇਂ ਡੋਗਰਿਆਂ ਨੇ ਸਿੱਖ ਰਾਜ ਨੂੰ ਹਜ਼ਮ ਕਰਨ ਦੀਆਂ ਵਿਉਂਤ ਬੰਦੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਮਹਾਰਾਜਾ ਦਾ ਪ੍ਰਭਾਵ ਇਤਨਾ ਸੀ ਡੋਗਰੇ ਚੁੱਪ ਕਰਕੇ ਸਮੇਂ ਦੀ ਉਡੀਕ ਕਰਨ ਲਗ ਪਏ। ਮਹਾਰਾਜਾ ਰਣਜੀਤ ਸਿੰਘ ਦੀ ਅੱਖਾਂ ਮੀਟਣ ਦੀ ਦੇਰ ਸੀ ਮਹਾਰਾਜਾ ਦੇ ਪਰਿਵਾਰ ਦੀ ਆਪਸੀ ਫੁੱਟ ਸ਼ੁਰੂ ਹੋ ਗਈ, ਇਸ ਫੁੱਟ ਵਿੱਚ ਡੋਗਰਿਆਂ ਦਾ ਹੱਥ ਸੀ ਡੋਗਰੇ ਨੇ ਸਿੱਖ ਰਾਜ ਨੂੰ ਸਮੇਟਣ ਲਈ ਗੁੱਝੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹਨਾਂ ਦੀਆਂ ਚਾਲਾਂ ਨੂੰ ਜਾਣ ਕੇ ਸ਼ਾਮ ਸਿੰਘ ਅਟਾਰੀ ਵਾਲਾ ਫ਼ੌਜ ਦੀ ਨੌਕਰੀ ਛੱਡ ਕੇ ਅਟਾਰੀ ਆ ਗਿਆ।

ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਜਿੰਨੀਆਂ ਵੀ ਸਿੱਖ ਫ਼ੌਜਾਂ ਦੀਆਂ ਅੰਗਰੇਜ਼ਾਂ ਨਾਲ ਲੜਾਈਆਂ ਹੋਈਆਂ ਜਿਸ ਤਰਾਂ ਫੇਰੂ ਦੀ ਲੜਾਈ, ਮੁਦਕੀ ਦੀ ਲੜਾਈ, ਬੱਦੋਵਾਲ ਤੇ ਆਲੀਵਾਲ ਦੀ ਲੜਾਈ ਇਹਨਾਂ ਵਿੱਚ ਡੋਗਰਿਆਂ ਦੀ ਗੱਦਾਰੀ ਕਾਰਨ ਸਿੱਖ ਫ਼ੌਜਾਂ ਦੀ ਹਾਰ ਹੁੰਦੀ ਰਹੀ ਜਦ ਸਿੱਖ ਫ਼ੌਜਾਂ ਦੀ ਵਾਗ-ਡੋਰ ਸੰਭਾਲਣ ਵਾਲਾ ਕੋਈ ਵਫ਼ਾਦਾਰ ਜਰਨੈਲ ਨਾ ਰਿਹਾ ਤਾਂ ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦਾ ਪੁਰਾਣਾ ਮਿੱਤਰ, ਰਿਸ਼ਤੇਦਾਰ ਅਤੇ ਮਹਾਰਾਜੇ ਦੀ ਫ਼ੌਜ ਵਿੱਚ ਰਹਿ ਚੁੱਕਿਆ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਨੂੰ ਚਿੱਠੀ ਲਿਖ ਭੇਜੀ। ਮਹਾਰਾਣੀ ਜਿੰਦ ਕੌਰ ਨੇ ਉਸ ਵਿੱਚ ਲਿਖਿਆ ਲਾਹੌਰ ਦਰਬਾਰ ਸੰਕਟ ਵਿੱਚ ਘਿਰਿਆ ਹੋਇਆ ਹੈ। ਇਸ ਵੇਲੇ ਸ਼ਾਹੀ ਦਰਬਾਰ ਵਿੱਚ ਤੁਹਾਡੀ ਖਾਸ ਜ਼ਰੂਰਤ ਹੈ। ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪੱਗ ਨੂੰ ਸਲਾਮਤ ਰੱਖਣ ਖ਼ਾਤਰ ਤੁਸੀਂ ਜੰਗ ਦੇ ਮੈਦਾਨ ਵਿੱਚ ਜਾਵੋ ਉੱਥੇ ਜਾ ਕੇ ਫ਼ੌਜ ਦੀ ਵਾਗ-ਡੋਰ ਸੰਭਾਲੋ ? ਅੰਗਰੇਜ਼ਾਂ ਨਾਲ ਆਰ ਪਾਰ ਦੀ ਲੜਾਈ ਲੜੀ ਜਾ ਰਹੀ ਹੈ। ਚਿੱਠੀ ਪੜ੍ਹ ਕੇ ਸ਼ਾਮ ਸਿੰਘ ਅਟਾਰੀ ਵਾਲੇ ਦਾ ਚਿਹਰਾ ਲਾਲ ਹੋ ਗਿਆ ਖ਼ੂਨ ਉਬਾਲੇ ਖਾਣ ਲੱਗਾ ਉਹਨਾਂ ਨੇ ਅਰਦਾਸ ਕੀਤੀ ਮੈਂ ਜੰਗ ਜਿੱਤ ਕੇ ਵਾਪਸ ਮੁੜਾਂਗਾ, ਨਹੀਂ ਫਿਰ ਉੱਥੇ ਸ਼ਹੀਦੀ ਪ੍ਰਾਪਤ ਕਰਾਂਗਾ।

ਸ਼ਾਮ ਸਿੰਘ ਅਟਾਰੀ ਵਾਲੇ ਕੋਲ ਕੁਝ ਨਿੱਜੀ ਫ਼ੌਜ ਸੀ ਕੁਝ ਸਿੱਖ ਫ਼ੌਜੀ ਸਨ ਜੋ ਸਿੱਖ ਰਾਜ ਦੀ ਪਾਟੋ ਧਾੜ ਦੇ ਕਾਰਨ ਘਰੇ ਆ ਬੈਠੇ ਸਨ ਉਹਨਾਂ ਨੂੰ ਨਾਲ ਲੈ ਕੇ ਆਪਣੇ ਪਰਿਵਾਰ ਨੂੰ ਫ਼ਤਿਹ ਬੁਲਾ ਕੇ ਸ਼ਾਮ ਸਿੰਘ ਅਟਾਰੀ ਵਾਲਾ 9 ਫ਼ਰਵਰੀ 1846 ਨੂੰ ਸਭਰਾਵਾਂ ਦੇ ਮੈਦਾਨ ਵਿੱਚ ਪੁੱਜ ਗਿਆ।

ਅੰਗਰੇਜ਼ ਗਵਰਨਰ ਜਰਨਲ ਲਾਰਡਿੰਗ ਹਾਰਡਿੰਗ ਨੇ ਰਾਜਾ ਗੁਲਾਬ ਸਿੰਘ ਨੂੰ ਮਿਲਣ ਵਾਸਤੇ ਸੱਦਾ ਭੇਜਿਆ। ਉਹ ਤੇਜ਼ ਸਿੰਘ ਤੇ ਲਾਲ ਸਿੰਘ ਫ਼ੌਜ ਦੇ ਕਮਾਂਡਰਾਂ ਨੂੰ ਨਾਲ ਲੈ ਕੇ ਲਾਰਡ ਹਾਰਡਿੰਗ ਨੂੰ ਜਾ ਮਿਲਿਆ। ਉਸ ਨਾਲ ਲਿਖਤੀ ਸਮਝੌਤਾ ਹੋਇਆ ਕਿ ਤੂੰ ਬਿਨਾ ਲੜਾਈ ਤੋਂ ਸਿੱਖਾਂ ਦੀ ਹਾਰ ਮੰਨਵਾ ਦੇ ਤੈਨੂੰ ਜਿੱਤ ਕੇ ਸਿੱਖ ਰਾਜ ਵਿਚੋਂ ਜੰਮੂ ਕਸ਼ਮੀਰ ਦਾ ਮਾਲਕ ਬਣਾ ਦੇਖਾਂਗੇ, ਤੇਜ਼ ਸਿੰਘ ਨੇ ਨੌਂ ਫ਼ਰਵਰੀ ਦੀ ਸ਼ਾਮ ਨੂੰ ਅਟਾਰੀ ਵਾਲੇ ਨੂੰ ਆ ਕੇ ਕਿਹਾ ਤੁਸੀਂ ਅੰਗਰੇਜ਼ਾਂ ਨਾਲ ਲੜਾਈ ਨਾ ਲੜੋ ! ਅੰਗਰੇਜ਼ਾਂ ਕੋਲ ਬਹੁਤ ਸਾਰੀ ਸੈਨਾ ਅਤੇ ਬਰੂਦ ਪਹੁੰਚ ਚੁੱਕਿਆ ਹੈ ਐਵੇਂ ਜਾਨਾਂ ਨਾਂ ਗਵਾਓ ਇਹ ਲੜਾਈ ਅੰਗਰੇਜ਼ਾਂ ਨੇ ਜਿੱਤ ਲੈਣੀ ਹੈ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਤੇਜ਼ ਸਿੰਘ ਨੂੰ ਕਿਹਾ ਕਿ ਮੈਂ ਸਹੁੰ ਖਾ ਕੇ ਅਟਾਰੀ ਤੋਂ ਤੁਰਿਆ ਹਾਂ ਇੱਕ ਸਿਰਾ ਕਰਕੇ ਹੀ ਹਟਾਂਗਾ। ਇਹ ਸੁਣ ਸਿੱਖ ਫ਼ੌਜਾਂ ਵਿੱਚ ਜੋਸ਼ ਭਰ ਗਿਆ ਉਹ ਵੀ ਲੜਾਈ ਲੜਨ ਲਈ ਤਿਆਰ ਹੋ ਗਈਆਂ।

10 ਫ਼ਰਵਰੀ 1846 ਨੂੰ ਦਿਨ ਚੜ੍ਹਦੇ ਨਾਲ ਅੰਗਰੇਜ਼ਾਂ ਨੇ ਸਿੱਖ ਫ਼ੌਜਾਂ 'ਤੇ ਤੋਪਾਂ ਨਾਲ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਸਿੱਖਾਂ ਨੇ ਸਤਲੁਜ ਦਰਿਆ ਦੇ ਨਾਲ ਢਾਈ ਮੀਲ ਲੰਬੀ ਮੋਰਚਾ ਬੰਦੀ ਕਰ ਲਈ ਸੀ। ਸਿੱਖਾਂ ਨੇ ਆਪਣੀਆਂ ਤੋਪਾਂ ਵਿੱਚੋਂ ਬਰੂਦ ਦੇ ਗੋਲੇ ਅੰਗਰੇਜ਼ਾਂ ਵੱਲ ਖੋਲ ਦਿੱਤੇ ਤਿੰਨ ਘੰਟੇ ਦੀ ਜਬਰਦਸਤ ਲੜਾਈ ਹੋਣ ਪਿਛੋਂ ਨਾ ਸਿੱਖ ਫ਼ੌਜ ਪਿੱਛੇ ਹਟੀ ਨਾ ਅੰਗਰੇਜ਼ ਫ਼ੌਜ ਪਿੱਛੇ ਹਟੀ।

ਪਿਛਲੀਆਂ ਚਾਰ ਲੜਾਈਆਂ ਵਿੱਚ ਅੰਗਰੇਜ਼ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਵੇਖ ਚੁੱਕੇ ਸਨ ਜੋ ਪਲਟਣਾ ਸਿੱਖ ਰਾਜ ਨਾਲ ਪਹਿਲਾਂ ਨਹੀਂ ਲੜੀਆਂ ਸਨ ਉਹ ਚਾਰ ਪਲਟਣਾ ਨੂੰ ਸਰ ਰਾਬਰਟ ਡਿੱਕ ਨੇ ਆਪਣੇ ਨਾਲ ਲੈ ਕੇ ਲਾਲ ਸਿੰਘ ਨੇ ਜਿਵੇਂ ਮੁਖ਼ਬਰੀ ਕਰਕੇ ਅੰਗਰੇਜ਼ਾਂ ਨੂੰ ਦੱਸਿਆ ਸੀ ਉਸ ਮੁਤਾਬਕ ਦੱਖਣੀ ਹਿੱਸੇ ਤੇ ਹੱਲਾ ਬੋਲ ਦਿੱਤਾ। ਤੋਪਾਂ ਦੀ ਮਾਰ ਨੇ ਬਾਹੀ ਵਿੱਚ ਪਾੜ ਪਾ ਦਿੱਤਾ। ਸਿੱਖ ਵੀ ਘੱਟ ਨਹੀਂ ਸਨ ਉਨ੍ਹਾਂ ਨੇ ਤੋਪਾਂ ਦੇ ਅਜਿਹੇ ਗੋਲੇ ਛੱਡੇ ਰਾਬਰਟ ਡਿੱਕ ਨੂੰ ਜ਼ਖ਼ਮੀ ਹੋ ਕੇ ਪਿੱਛੇ ਮੁੜਨਾ ਪਿਆ।

ਇੰਨੇ ਚਿਰ ਨੂੰ ਉੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਗਿਆ ਜਦ ਲਾਲ ਸਿੰਘ ਤੇ ਤੇਜ਼ ਸਿੰਘ ਨੇ ਦੇਖਿਆ ਟੱਕਰ ਫਸਵੀਂ ਚੱਲ ਰਹੀ ਹੈ ਇਸ ਤਰਾਂ ਸਿੱਖਾਂ ਦੀ ਹਾਰ ਕਿਸ ਤਰਾਂ ਹੋਵੇਗੀ ? ਇੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਚੁੱਕਿਆ ਹੈ ਤਾਂ ਲਾਲ ਸਿੰਘ ਆਪਣੀ ਫ਼ੌਜ ਸਣੇ ਉਥੋਂ ਭੱਜ ਪਿਆ ਥੋੜ੍ਹੇ ਚਿਰ ਬਾਅਦ ਤੇਜ਼ ਸਿੰਘ ਵੀ ਆਪਣੀ ਛੇ ਹਜ਼ਾਰ ਫ਼ੌਜੀਆਂ ਨੂੰ ਨਾਲ ਲੈ ਕੇ ਭੱਜ ਪਿਆ ਲਾਲ ਸਿੰਘ ਜਾਂਦਾ ਹੋਇਆ ਇੱਕ ਹੋਰ ਮਾੜਾ ਕੰਮ ਕਰ ਗਿਆ ਜੋ ਬਾਰੂਦ ਦੀਆਂ ਬੇੜੀਆਂ ਸਨ ਉਹ ਵੀ ਦਰਿਆ ਵਿੱਚ ਸੁੱਟ ਗਿਆ। ਸਿੱਖਾਂ ਨੇ ਜੋ ਪੁਲ ਦਰਿਆ ਦੇ ਉੱਪਰ ਬਾਰੂਦ ਅਤੇ ਰਾਸ਼ਨ ਪਾਣੀ ਲਿਆਉਣ ਲਈ ਬਣਾਇਆ ਸੀ ਉਸ ਦੀ ਰਾਖੀ ਤੇਜ਼ ਸਿੰਘ ਕਰ ਰਿਹਾ ਸੀ ਤੇਜ਼ ਸਿੰਘ ਜਾਂਦਾ ਹੋਇਆ ਤੋਪਾਂ ਦੇ ਗੋਲਿਆਂ ਨਾਲ ਪੁਲ ਤੋੜ ਗਿਆ। ਸਤਲੁਜ ਦਰਿਆ ਤੋਂ ਪਾਰ ਗੁਲਾਬ ਸਿੰਘ ਇਹਨਾਂ ਨੂੰ ਉਡੀਕ ਰਿਹਾ ਸੀ ਇਹ ਉਸ ਨਾਲ ਚਲੇ ਗਏ।

ਦੂਰ ਮਾਰ ਕਰਨ ਵਾਲੀਆਂ ਤੋਪਾਂ ਜੋ ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਸਨ ਉਨ੍ਹਾਂ ਨੂੰ ਚਲਾਉਣ ਵਾਸਤੇ ਮੁਸਲਮਾਨ ਖੜ੍ਹੇ ਸਨ। ਮੁਸਲਮਾਨ ਵੀ ਤੋਪਾਂ ਦਾ ਮੂੰਹ ਉੱਪਰ ਕਰਕੇ ਚਲਾਉਂਦੇ ਤਾਂ ਕੇ ਕੋਈ ਗੋਲਾ ਅੰਗਰੇਜ਼ਾਂ ਦੇ ਨਾਂ ਲੱਗੇ ਇਹ ਗੋਲੇ ਅੰਗਰੇਜ਼ਾਂ ਦੇ ਉੱਪਰ ਦੀ ਜਾ ਕੇ ਪਿਛਲੇ ਪਾਸੇ ਡਿੱਗਦੇ।

ਜਦ ਸਿੱਖ ਫ਼ੌਜ ਦੇ ਗੱਦਾਰ ਜਰਨੈਲ ਦੁਸ਼ਮਣਾ ਨਾਲ ਰਲ ਕੇ ਭੱਜ ਗਏ ਫਿਰ ਜਿੱਤ ਦੀ ਆਸ ਕਿਸ ਤੋਂ ਰੱਖੀ ਜਾ ਸਕਦੀ ਸੀ ? ਸਿੱਖ ਫ਼ੌਜਾਂ ਨੂੰ ਕਮਾਂਡਰ ਦੀ ਘਾਟ ਆ ਗਈ ? ਸਿੱਖਾਂ ਕੋਲ ਬਰੂਦ ਮੁੱਕ ਚੱਲਿਆ ਸੀ ਜਦ ਨਵੀਆਂ ਬਰੂਦ ਦੀਆਂ ਪੇਟੀਆਂ ਖੋਲੀਆਂ ਉਹਨਾਂ ਵਿਚੋਂ ਰੇਤ ਅਤੇ ਸਰ੍ਹੋਂ ਦੇ ਦਾਣੇ ਨਿਕਲਣੇ ਸ਼ੁਰੂ ਹੋ ਗਏ ਸਿੱਖ ਕੀ ਕਰਦੇ ? ਅੰਗਰੇਜ਼ ਫ਼ੌਜ ਸਿੱਖਾਂ ਦੇ ਮੋਰਚਿਆਂ ਵਿੱਚ ਤਿੰਨ ਥਾਂਵਾਂ ਤੇ ਦਾਖਲ ਹੋ ਗਈ, ਫਿਰ ਦਿਲ ਛੱਡ ਚੁੱਕੇ ਸਿੱਖ ਖਿੱਲਰਨੇ ਸ਼ੁਰੂ ਹੋ ਗਏ। ਸਿੱਖਾਂ ਕੋਲ ਸ਼ਹੀਦ ਹੋਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਰਹਿ ਗਿਆ ਸੀ। ਦਰਿਆ ਦਾ ਪੁਲ ਤੋੜਿਆ ਹੋਣ ਕਰਕੇ ਸਿੱਖ ਪਿੱਛੇ ਵੀ ਨਹੀਂ ਮੁੜ ਸਕਦੇ ਸਨ।

ਸ਼ਾਮ ਸਿੰਘ ਅਟਾਰੀ ਵਾਲੇ ਦਾ ਚਿੱਟਾ ਸਫ਼ੈਦ ਦਾੜ੍ਹਾ ਚਿੱਟੀ ਸਫ਼ੈਦ ਪੱਗ ਥੱਲੇ ਚਿੱਟਾ ਘੋੜਾ, ਉਸ ਨੇ ਅੰਗਰੇਜ਼ਾਂ ਮੂਹਰੇ ਹਥਿਆਰ ਸੁੱਟ ਕੇ ਈਨ ਮੰਨ ਕੇ ਬੇਗ਼ੈਰਤਾ ਵਾਲੀ ਮੌਤ ਮਰਨ ਨਾਲੋਂ ਲੜਾਈ ਲੜ ਕੇ ਹੀ ਮਰਨਾ ਠੀਕ ਸਮਝਿਆ। ਸ਼ਾਮ ਸਿੰਘ ਅਟਾਰੀ ਵਾਲੇ ਨੇ ਸਿੱਖਾਂ ਨੂੰ ਜੋਸ਼ ਭਰੇ ਲਹਿਜ਼ੇ ਨਾਲ ਕਿਹਾ ਹੁਣ ਆਖਰੀ ਹਥਿਆਰ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਕੀਤੀ ਹੋਈ ਤਲਵਾਰ ਹੀ ਹੈ। ਇਸ ਨੂੰ ਮਿਆਨ ਵਿੱਚੋਂ ਧੂਹ ਲਵੋ ! ਸ਼ਾਮ ਸਿੰਘ ਅਟਾਰੀ ਵਾਲੇ ਦੇ ਕਹਿਣ 'ਤੇ ਸਿੱਖਾਂ ਨੇ ਮਿਆਨਾਂ ਵਿੱਚੋਂ ਤਲਵਾਰਾਂ ਕੱਢ ਲਈਆਂ ਹੱਲਾਸ਼ੇਰੀ ਵਿੱਚ ਹੋ ਕੇ ਜੈਕਾਰੇ ਛੱਡਦੇ ਵੈਰੀਆਂ 'ਤੇ ਢਹਿ ਪਏ।

ਸ਼ਾਮ ਸਿੰਘ ਅਟਾਰੀ ਵਾਲੇ ਨੇ 50 ਨੰਬਰ ਪਲਟਣ 'ਤੇ ਹੱਲਾ ਬੋਲ ਦਿੱਤਾ। ਅੰਗਰੇਜ਼ਾਂ ਨੇ ਵੀ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ। ਸ਼ਾਮ ਸਿੰਘ ਅਟਾਰੀ ਵਾਲਾ ਤਲਵਾਰ ਨਾਲ ਹੱਥੋਂ ਹੱਥੀ ਲੜਦਾ ਵੈਰੀਆਂ ਨੂੰ ਮੌਤ ਦੇ ਲੜ ਲਾਉਂਦੇ ਨੇ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਨੂੰ ਮਾਰ ਦਿੱਤਾ। ਫਿਰ ਵੈਰੀਆਂ ਨੇ ਚਾਰੇ ਪਾਸੇ ਤੋਂ ਰਲ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਘੇਰਾ ਪਾ ਲਿਆ। ਉਹ ਸੂਰਮਾ ਸੱਤ ਗੋਲੀਆਂ ਖਾ ਕੇ ਦੁਸ਼ਮਣਾਂ ਦਾ ਟਾਕਰਾ ਕਰਦਾ ਹੋਇਆ ਘੋੜੇ ਤੋਂ ਥੱਲੇ ਡਿਗਦੇ ਸਾਰ ਹੀ ਸ਼ਹੀਦੀ ਪਾ ਗਿਆ। ਸਰਦਾਰ ਮੇਵਾ ਸਿੰਘ ਤੇ ਸਰਦਾਰ ਜੈਮਲ ਸਿੰਘ ਨਿਹੰਗ ਵੀ ਨਾਲ ਹੀ ਸ਼ਹੀਦ ਹੋ ਗਏ। ਇਹ ਸਿੱਖ ਰਾਜ ਦੀ ਅੰਗਰੇਜ਼ਾਂ ਨਾਲ ਅਖ਼ੀਰਲੀ ਲੜਾਈ ਸੀ ਜੋ ਡੋਗਰਿਆਂ ਦੇ ਧੋਖੇ ਨਾਲ ਅੰਗਰੇਜ਼ਾਂ ਨੇ ਦੁਪਹਿਰ ਤੱਕ ਜਿੱਤ ਲਈ ਇਸ ਲੜਾਈ ਦੀ ਹਾਰ ਨਾਲ ਸਿੱਖ ਰਾਜ ਦਾ ਸੂਰਜ ਸਦਾ ਲਈ ਡੁੱਬ ਗਿਆ। ਸ਼ਾਹ ਮੁਹੰਮਦ ਨੇ ਲਿਖਿਆ

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ ਅੰਗਰੇਜ਼ਾਂ ਨੇ ਲੜਾਈ ਦੇ ਮੈਦਾਨ ਵਿੱਚੋਂ ਸਿਰਫ਼ ਸ਼ਾਮ ਸਿੰਘ ਅਟਾਰੀ ਵਾਲੇ ਦੇ ਮ੍ਰਿਤਕ ਸਰੀਰ ਨੂੰ ਹੀ ਚੁੱਕਣ ਦਿੱਤਾ। ਇਸ ਦਾ ਸਸਕਾਰ ਅਟਾਰੀ ਵਿਖੇ 12 ਫ਼ਰਵਰੀ 1846 ਨੂੰ ਕੀਤਾ ਗਿਆ ਇਹਨਾਂ ਦੀ ਸੁਪਤਨੀ ਬੀਬੀ ਦਾਸਾਂ ਨੂੰ ਨਾਲ ਸਤੀ ਕਰ ਦਿੱਤਾ ਗਿਆ। ਇਹਨਾਂ ਦੀ ਸਮਾਧ 'ਤੇ 10 ਫ਼ਰਵਰੀ ਨੂੰ ਅਟਾਰੀ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਇਸ ਜਰਨੈਲ ਦੀ ਸ਼ਹੀਦੀ ਨਾਲ ਹੀ ਸਿੱਖ ਰਾਜ ਦਾ ਅੰਤ ਹੋ ਗਿਆ ਸ਼ਹੀਦ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।



# ਖੇਤੀ ਕਾਰਜਾਂ ਲਈ ਮਹੱਤਵਪੂਰਨ ਹੋ ਸਕਦੇ ਨੇ ਡਰੋਨ

ਡਾ. ਅੰਮ੍ਰਿਤ ਸਾਗਰ

ਡਰੋਨ, ਜਿਹੜੇ ਕਿ ਹੁਣ ਤੱਕ ਸਿਰਫ਼ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ, ਪਾਕਿਸਤਾਨ ਤੋਂ ਨਸ਼ੇ ਅਤੇ ਹਥਿਆਰਾਂ ਦੀ ਤਸਕਰੀ ਦੀ ਨਿਗਰਾਨੀ ਲਈ ਹੀ ਵਰਤੇ ਜਾਂਦੇ ਰਹੇ ਹਨ, ਹੁਣ ਉਹ ਖੇਤੀ ਸੈਕਟਰ 'ਚ ਕ੍ਰਾਂਤੀ ਲਿਆਉਣ ਲਈ ਆਸਮਾਨ ਛੂਹਣ ਦੀ ਤਿਆਰੀ 'ਚ ਹਨ। ਜ਼ਿਲ੍ਹਾ ਬਰਨਾਲਾ ਦੇ ਪਿੰਡ ਸੇਖਾ ਦੀ ਇੱਕ ਮਹਿਲਾ ਕਿਰਨਪਾਲ ਕੌਰ, ਜਿਸ ਨੇ ਕਿ ਸਿਰਫ਼ ਦਸਵੀਂ ਤੱਕ ਦੀ ਪੜ੍ਹਾਈ ਹੀ ਕੀਤੀ ਹੈ ਅਤੇ ਕਦੇ ਕਿਸੇ ਜਹਾਜ਼ 'ਚ ਚੜ੍ਹ ਕੇ ਵੀ ਨਹੀਂ ਵੇਖਿਆ, ਅੱਜ ਇੱਕ ਸਿਖਲਾਈ ਪ੍ਰਾਪਤ ਡਰੋਨ ਪਾਇਲਟ ਬਣ ਗਈ ਹੈ। ਉਹ ਜ਼ਿਲ੍ਹੇ ਭਰ ਦਾ ਦੌਰਾ ਕਰਦੀ ਰਹਿੰਦੀ ਹੈ ਅਤੇ ਆਪਣੇ ਡਰੋਨ ਖਾਦ, ਕੀਟਨਾਸ਼ਕ ਆਦਿ ਦਾ ਛਿੜਕਾਅ ਕਰਨ ਲਈ ਕਿਰਾਏ 'ਤੇ ਦਿੰਦੀ ਹੈ ਅਤੇ ਨਾਲ ਹੀ ਉਹ ਖੇਤਾਂ ਦਾ ਸਰਵੇ ਕਰ ਕੇ ਇਹ ਵੀ ਦੱਸਦੀ ਹੈ ਕਿ ਕਿਸੇ ਫ਼ਸਲ ਦਾ ਖੇਤਾਂ 'ਚ ਕੋਈ ਨੁਕਸਾਨ ਤਾਂ ਨਹੀਂ ਹੋ ਰਿਹਾ। ਇਹ ਮਨੁੱਖ-ਰਹਿਤ ਹਵਾਈ ਵਾਹਨ (ਯੂ.ਏ.ਵੀ.) ਖੇਤੀਬਾੜੀ ਨੂੰ ਬਹੁਤ ਕਾਰਜਕੁਸ਼ਲਤਾ ਨਾਲ ਨੇਪਰੇ ਚਾੜ੍ਹਨ ਅਤੇ ਇਸ ਨੂੰ ਲਾਹੇਵੰਦ ਅਤੇ ਟਿਕਾਊ ਬਣਾਉਣ ਲਈ ਇਕ ਅਤਿ ਆਧੁਨਿਕ ਹੱਲ ਦੇ ਰੂਪ ਵਿੱਚ ਉੱਭਰੇ ਹਨ। ਪਿੰਡਾਂ ਦੀਆਂ ਔਰਤਾਂ ਦੇ 'ਸਵੈ-ਸਹਾਇਤਾ ਗਰੁੱਪ' (ਐੱਸ.ਐੱਚ.ਜੀ.) ਨੂੰ ਹੋਰ ਜ਼ਿਆਦਾ ਤਾਕਤਵਰ ਬਣਾਉਣ ਲਈ 'ਨਮੋ ਡਰੋਨ ਦੀਦੀ' ਵਰਗੀ ਸਬਸਿਡੀ ਵਾਲੀ ਯੋਜਨਾ ਪਿਛਲੇ ਸਾਲ ਦਸੰਬਰ 'ਚ ਆਰੰਭੀ ਗਈ ਸੀ, ਜਿਸ 'ਤੇ ਕਰੀਬ 1261 ਕਰੋੜ ਰੁਪਏ ਦੀ ਲਾਗਤ ਆਉਣੀ ਹੈ ਅਤੇ ਇਹ 2024-25 ਤੋਂ 2025-26 ਤੱਕ ਦੇ ਸਮੇਂ ਲਈ ਹੋਵੇਗੀ। ਯੋਜਨਾ ਦਾ ਟੀਚਾ ਐੱਸ.ਐੱਚ.ਜੀ. ਦੀਆਂ ਘੱਟੋ-ਘੱਟ 15000 ਔਰਤਾਂ ਨੂੰ ਔਜ਼ਾਰ ਅਤੇ ਸਿੱਖਿਆ ਮੁਹੱਈਆ ਕਰਵਾਉਣਾ ਹੈ। ਪੰਜਾਬ ਦੇ ਐੱਸ.ਐੱਚ.ਜੀ. ਦੇ ਜੋ 2 ਗਰੁੱਪ ਹਨ, ਕਿਰਨਪਾਲ ਕੌਰ ਦਾ ਨਾਂਅ ਉਨ੍ਹਾਂ ਦੀ ਪਹਿਲੀ ਫਹਿਰਿਸਤ ਵਿੱਚ ਸ਼ਾਮਿਲ ਹੈ, ਜਦੋਂ ਕਿ ਦੇਸ਼ ਦੇ ਕੁੱਲ 300 ਐੱਸ.ਐੱਚ.ਜੀ. ਗਰੁੱਪ ਅਜਿਹੇ ਹਨ, ਜਿਨ੍ਹਾਂ ਨੂੰ ਕਿਸਾਨ ਡਰੋਨ ਦੇ ਨਾਲ ਲੈਸ ਕੀਤਾ ਜਾਣਾ ਹੈ।

ਸਿਰੇ ਦੀ ਤਕਨੀਕ ਵਾਲਾ ਇਕ ਡਰੋਨ ਜੋ ਇਕੋ ਸਮੇਂ ਕਈ ਕੰਮ ਕਰ ਸਕਦਾ ਹੈ, ਦੀ ਕੀਮਤ ਕਰੀਬ 15 ਲੱਖ ਰੁਪਏ ਬੈਠਦੀ ਹੈ। ਲੇਕਿਨ ਸਰਕਾਰ ਨੇ ਸਬਸਿਡੀਆਂ ਵਾਲੀਆਂ ਅਜਿਹੀਆਂ ਯੋਜਨਾਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਜ਼ਰੀਏ ਨਾ ਸਿਰਫ਼ 4 ਤੋਂ 8 ਲੱਖ ਦੀ ਸਬਸਿਡੀ ਮਿਲਦੀ ਹੈ, ਬਲਕਿ ਡਰੋਨ ਖਰੀਦਣ ਲਈ ਮਿਲਣ ਵਾਲੇ ਕਰਜ਼ੇ 'ਤੇ 3 ਫ਼ੀਸਦੀ ਤੱਕ ਵਿਆਜ ਦੀ ਛੋਟ ਵੀ ਮਿਲਦੀ ਹੈ। ਇਹ ਸ਼ੁਰੂਆਤ ਭਾਰਤੀ ਖੇਤੀਬਾੜੀ ਬਾਜ਼ਾਰ 'ਤੇ ਇੱਕ ਮਹੱਤਵਪੂਰਨ ਅਸਰ ਪਾ ਸਕਦੀ ਹੈ ਜਿਸ ਦੇ 2024 ਤੋਂ 2028 ਦੌਰਾਨ ਸਾਲਾਨਾ 25 ਫ਼ੀਸਦੀ ਵਾਧੇ ਦਾ ਕਿਆਸ ਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ 2026 ਦੇ ਅੰਤ ਤੱਕ ਖੇਤੀ ਡਰੋਨ ਦੇ ਸੰਸਾਰ ਪੱਧਰੀ ਬਾਜ਼ਾਰ ਦੇ 4.7 ਬਿਲੀਅਨ ਡਾਲਰ ਤੱਕ ਪੁੱਜ ਜਾਣ ਦੀ ਸੰਭਾਵਨਾ ਬਣੀ ਹੋਈ ਹੈ ਜਿਸ ਦੀ ਕਿ ਸੀ.ਏ.ਜੀ.ਆਰ. (ਮਿਸ਼ਰਤ ਸਾਲਾਨਾ ਵਾਧਾ ਦਰ) 2024 ਤੋਂ 2026 ਤੱਕ ਲਈ 31.3 ਦੀ ਪੇਸ਼ੀਨਗੋਈ ਕੀਤੀ ਗਈ ਹੈ। ਇੱਕ ਖੇਤੀ ਡਰੋਨ ਖੇਤੀਯੋਗ ਭੂਮੀ ਦੀ ਪੈਮਾਇਸ਼ ਕਰਨ, ਸਵੈ ਬਿਜਾਈ ਕਰਨ, ਖਾਦ ਦਾ ਸਪਰੇਅ ਕਰਨ, ਫ਼ਸਲ ਦਾ ਵਿਸ਼ਲੇਸ਼ਣ ਕਰਨ ਅਤੇ ਖੇਤਾਂ ਦੀਆਂ ਵਿਸਤ੍ਰਿਤ ਤਸਵੀਰਾਂ ਖਿੱਚਣ ਵਰਗੇ ਕੰਮ ਆਸਾਨੀ ਨਾਲ ਕਰ ਸਕਦਾ ਹੈ। ਇਨ੍ਹਾਂ ਦੀ ਮੰਗ 'ਚ ਹੋ ਰਿਹਾ ਵਾਧਾ ਦਰਸਾਉਂਦਾ ਹੈ ਕਿ ਆਉਣ ਵਾਲੇ ਸਮੇਂ 'ਚ ਇਨ੍ਹਾਂ ਦਾ ਬਾਜ਼ਾਰ ਹੋਰ ਜ਼ਿਆਦਾ ਵਧੇਗਾ।

ਫ਼ਸਲਾਂ ਦਾ ਵੱਧ ਤੋਂ ਵੱਧ ਝਾੜ ਅਤੇ ਲਾਭ ਲੈਣ ਲਈ ਕਿਸਾਨਾਂ ਵਾਸਤੇ ਫ਼ਸਲਾਂ ਦੀ ਸਿਹਤ ਦੀ ਪ੍ਰਭਾਵਸ਼ਾਲੀ ਨਿਗਾਹਬਾਨੀ ਬਹੁਤ ਮਹੱਤਵਪੂਰਨ ਹੁੰਦੀ ਹੈ। ਹਾਈਪਰਸਪੈਕਟ੍ਰਲ ਇਮੇਜਿੰਗ ਤਕਨੀਕ ਨਾਲ ਲੈਸ ਡਰੋਨ ਦੀ ਵਰਤੋਂ ਨੇ ਫ਼ਸਲਾਂ ਦੀ ਸਿਹਤ ਨੂੰ ਸਮਝਣ ਦੇ ਤੌਰ ਤਰੀਕਿਆਂ 'ਚ ਇੱਕ



ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ। ਤਾਜ਼ਾਤਰੀਨ ਅਧਿਐਨ 'ਚ ਪਤਾ ਲੱਗਿਆ ਹੈ ਕਿ ਡਰੋਨ ਫ਼ਸਲਾਂ 'ਤੇ ਕੀੜਿਆਂ ਦੇ ਸੰਕ੍ਰਮਣ ਬਾਰੇ ਨਿਗਰਾਨੀ ਵਾਲੇ ਪ੍ਰੰਪਰਾਗਤ ਤਰੀਕਿਆਂ ਦੀ ਬਾਬਤ, ਦੋ ਹਫ਼ਤੇ ਪਹਿਲਾਂ ਹੀ ਪਤਾ ਲਾ ਲੈਂਦੇ ਹਨ। ਪਹਿਲਾਂ ਹੀ ਪਤਾ ਲੱਗ ਜਾਣ ਕਾਰਨ, ਇਸ ਨਾਲ ਉਸ 30 ਫ਼ੀਸਦੀ ਫ਼ਸਲ ਨੂੰ ਬਚਾਇਆ ਜਾ ਸਕਦਾ ਹੈ ਜੋ ਇਸ ਦੀ ਅਣਹੋਂਦ 'ਚ ਬਰਬਾਦ ਹੋ ਸਕਦੀ ਸੀ।

ਸੂਖ਼ਮ ਤੇ ਸਹੀ ਫ਼ਸਲ ਪ੍ਰਬੰਧਨ : ਡਰੋਨ, ਨਾ ਸਿਰਫ਼ ਨਿਗਰਾਨੀ ਦੇ ਕੰਮਾਂ ਲਈ ਹੀ ਲਾਹੇਵੰਦ ਹਨ, ਬਲਕਿ ਇਹ ਤਾਂ ਸਹੀ ਵਿਸ਼ਲੇਸ਼ਣ ਸਮਰੱਥਾਵਾਂ ਨਾਲ ਵੀ ਲੈਸ ਹੁੰਦੇ ਹਨ, ਜਿਸ ਕਾਰਨ ਇਹ ਫ਼ਸਲਾਂ ਦਾ ਪ੍ਰਬੰਧ ਕਰਨ ਲਈ ਕੀਤੀ ਜਾਣ ਵਾਲੀ ਕਾਰਵਾਈ ਲਈ ਸਹੀ ਸਮੇਂ 'ਤੇ ਸੇਧ ਵੀ ਦਿੰਦੇ ਹਨ। ਉਦਾਹਰਨ ਵਜੋਂ, ਡਰੋਨ ਵਲੋਂ ਇਕੱਤਰ ਕੀਤੇ ਅੰਕੜੇ ਅਤੇ ਇਸ ਦੇ ਵਿਸ਼ਲੇਸ਼ਨ ਤੋਂ ਬਾਅਦ ਜਿੱਥੇ ਖਾਦ ਦੀ ਲੋੜ ਹੈ, ਠੀਕ ਉਸੇ ਥਾਂ 'ਤੇ ਇਸ ਦੀ ਵਰਤੋਂ ਕਰਕੇ, ਕਿਸਾਨ ਖਾਦਾਂ ਦੀ ਵਰਤੋਂ ਕਰੀਬ 26 ਫ਼ੀਸਦੀ ਤੱਕ ਔਸਤਨ ਘਟਾ ਸਕਦੇ ਹਨ। ਇਸ ਨਾਲ ਨਾ ਸਿਰਫ਼ ਵਿੱਤੀ ਲਾਭ ਹੁੰਦਾ ਹੈ, ਬਲਕਿ ਇਸ ਤਰ੍ਹਾਂ ਟਿਕਾਊ ਖੇਤੀ ਨੂੰ ਵੀ ਬਲ ਮਿਲਦਾ ਹੈ ਵਾਤਾਵਰਮ ਅਸਰ ਨੂੰ ਘਟਾਇਆ ਜਾ ਸਕਦਾ ਹੈ।

ਜ਼ਾਹਿਰ ਹੈ ਭਾਰਤ ਦੇ ਵਿਸ਼ਾਲ ਭੂਗੋਲਿਕ ਵਿਸਥਾਰ ਨੂੰ ਵੇਖਦੇ ਹੋਏ ਬਹੁਤ ਦੂਰ ਦੇ ਖੇਤਰਾਂ ਜਾਂ ਉਨ੍ਹਾਂ ਥਾਵਾਂ ਜਿੱਥੇ ਕਿ ਪਹੁੰਚਿਆ ਨਹੀਂ ਜਾ ਸਕਦਾ, ਦੀ ਨਿਗਰਾਨੀ ਕਰਨਾ ਇਕ ਵਿਲੱਖਣ ਚੁਣੌਤੀ ਹੁੰਦਾ ਹੈ। ਅਜਿਹੇ ਥਾਵਾਂ ਲਈ ਡਰੋਨ ਕਿਸੇ ਸੰਪਤੀ ਤੋਂ ਘੱਟ ਨਹੀਂ ਹਨ ਕਿਉਂਕਿ ਇਹ ਖੇਤ ਦੀ ਨਿਗਰਾਨੀ 'ਤੇ ਘੰਟਿਆਂਬੱਧੀ ਮਨੁੱਖੀ ਕਿਰਤ ਦੇ ਸਮੇਂ ਨੂੰ ਮਿੰਟਾਂ ਤੱਕ ਘਟਾ ਦਿੰਦੇ ਹਨ। ਤਾਜ਼ਾ ਅਨੁਮਾਨ ਮੁਤਾਬਕ ਸਹੀ ਸਮੇਂ 'ਤੇ ਸਹੀ ਡਾਟਾ ਮੁਹੱਈਆ ਕਰਵਾਉਂਦੇਹੋਏ, ਇਕ ਡਰੋਨ 200 ਏਕੜ ਦੇ ਖੇਤ ਨੂੰ ਸਿਰਫ਼ 30 ਮਿੰਟ 'ਚ ਕਵਰ ਕਰ ਸਕਦਾ ਹੈ। ਇਹ ਉਨ੍ਹਾਂ ਛੋਟੇ ਕਿਸਾਨਾਂ ਲਈ ਬਹੁਤ ਮੁਫ਼ੀਦ ਹੁੰਦਾ ਹੈ ਜੋ ਭਾਰਤੀ ਖੇਤੀ ਭਾਈਚਾਰੇ ਦਾ ਕਰੀਬ 68 ਫ਼ੀਸਦੀ ਹਿੱਸਾ ਹਨ, ਇਸ ਤੋਂ ਪਹਿਲਾਂ ਕਿ ਫ਼ਸਲ 'ਤੇ ਘਾਤਕ ਕੀੜਿਆਂ ਦੇ ਸੰਕ੍ਰਮਣ ਨਾਲ ਆਰਥਿਕ ਨੁਕਸਾਨ ਹੋ ਜਾਵੇ, ਇਹ ਇਸ ਸਮੱਸਿਆ ਨਾਲ ਨਜਿੱਠਣ ਲਈ ਕਿਸਾਨ ਨੂੰ ਪਹਿਲਾਂ ਹੀ ਤਿਆਰ ਕਰ ਦਿੰਦੇ ਹਨ। ਖੇਤ ਨਿਗਰਾਨੀ (ਫੀਲਡ ਸਕਾਊਟਿੰਗ) ਕਿਸਾਨਾਂ ਨੂੰ ਦੂਰ-ਦੁਰਾਡੇ ਅਤੇ ਉਹ ਥਾਵਾਂ ਜਿੱਥੇ ਬਹੁਤ ਘੱਟ ਪਹੁੰਚ ਹੁੰਦੀ ਹੈ, ਤੱਕ ਅੱਗੇ ਰਹਿਣ ਦੀ ਤਾਕਤ ਦਿੰਦੀ ਹੈ। ਤੀਬਰ-ਕਿਰਤ ਅਤੇ ਵਾਧੂ ਸਮੇਂ ਦੀ ਖਪਤ ਵਾਲੇ ਸਰੀਰਕ ਜਾਂ ਵਿਅਕਤੀਗਤ ਤੌਰ 'ਤੇ ਕੀਤੇ ਜਾਣ ਵਾਲੇ ਨਿਰੀਖਣ ਦੀ ਬਜਾਏ ਡਰੋਨ ਇਕ ਘੱਟ ਲਾਗਤ ਵਾਲਾ ਤੇ ਸਹੀ ਸਮੇਂ 'ਤੇ ਅਸਰ ਕਰਨ ਵਾਲਾ ਤੋੜ ਮੁਹੱਈਆ ਕਰਵਾਉਂਦਾ ਹੈ। ਇਫ਼ਕੋ ਦੇ ਅਨੁਮਾਨ ਮੁਤਾਬਿਕ, ਇੱਕ ਡਰੋਨ, ਇੱਕ ਏਕੜ ਭੂਮੀ 'ਤੇ ਛਿੜਕਾਅ (ਸਪਰੇਅ) ਕਰਨ ਲਈ 8 ਤੋਂ 10 ਮਿੰਟ ਤੱਕ ਦਾ ਸਮਾਂ ਲੈਂਦਾ ਹੈ।

ਅਸੀਂ ਇੱਕ ਅਜਿਹੇ ਦੌਰ 'ਚੋਂ ਲੰਘ ਰਹੇ ਹਾਂ, ਜਿੱਥੇ ਰਣਨੀਤਕ ਫ਼ੈਸਲੇ ਕੋਈ ਉਲਾਂਭਾ ਨਹੀਂ, ਬਲਕਿ ਇੱਕ ਨਿਯਮ ਬਣ ਚੁੱਕੇ ਹਨ ਅਤੇ ਖੇਤੀ ਵੀ ਇਨ੍ਹਾਂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੀ ਹੈ। ਡਰੋਨ ਇੱਕ ਬਹੁਤ ਵੱਡਾ ਡਾਟਾਸੈੱਟ ਤਿਆਰ ਕਰਦੇ ਹਨ ਜੋ ਕਿ ਫ਼ਸਲ ਦੀ ਸਿਹਤ, ਇਸ ਦੇ ਵਿਕਾਸ ਦੇ ਤੌਰ-ਤਰੀਕੇ ਅਤੇ ਹੋਰ ਪਰਿਵਰਤਨਸ਼ੀਲ ਵਸਤੂਆਂ ਦੀ ਗਹਿਰਾਈ ਨਾਲ ਪਰਖ਼ ਦੀ ਜਾਣਕਾਰੀ ਦਿੰਦੇ ਹਨ। ਉਦਾਹਰਨ ਦੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇੱਕ ਕਿਸਾਨ ਗੰਨੇ ਦੀ ਬਿਜਾਈ, ਡਰੋਨ ਵੱਲੋਂ ਦਿੱਤੇ ਘਣਤਾ ਡਾਟੇ ਮੁਤਾਬਿਕ ਕਰ ਸਕਦਾ ਹੈ, ਜਿਸ ਨਾਲ ਉਸ ਦੀ ਫ਼ਸਲ ਦੇ ਝਾੜ ਵਿੱਚ 10 ਫ਼ੀਸਦੀ ਤੱਕ ਦਾ ਚੋਖਾ ਵਾਧਾ ਹੋ ਸਕਦਾ ਹੈ। ਜ਼ਰਾ ਸੋਚੋ, ਹੁਣ ਪੰਜਾਬ ਸੂਬੇ ਦੇ ਕੇਂਦਰ 'ਚ ਰਹਿਣ ਵਾਲਾ ਇੱਕ ਕਿਸਾਨ ਵੀ, ਡਰੋਨ ਵਲੋਂ ਇਕੱਤਰ ਕੀਤੇ ਡਾਟੇ ਦਾ ਇਸਤੇਮਾਲ ਕਰਦੇ ਹੋਏ, ਗੰਨੇ ਦੀ ਸਹੀ ਘਣਤਾ ਮੁਤਾਬਿਕ ਬਿਜਾਈ ਕਰਕੇ, ਪੌਸ਼ਟਿਕ ਤੱਤਾਂ ਦੀ ਸਹੀ ਵਰਤੋਂ ਕਰਦੇ ਹੋਏ, ਆਪਣੀ ਫ਼ਸਲ ਦੀ ਉੱਤਮ ਖੇਤੀ ਦੀ ਯੋਜਨਾ ਬਣਾ ਸਕੇਗਾ। ਡਾਟਾ ਸੰਚਾਲਿਤ ਅਜਿਹੇ ਫ਼ੈਸਲਿਆਂ ਨਾਲ ਨਾ ਸਿਰਫ਼ ਝਾੜ (ਉਤਪਾਦਨ) ਵਿੱਚ ਹੀ ਵਾਧਾ ਹੋ ਸਕੇਗਾ, ਬਲਕਿ ਮੁਨਾਫ਼ਾ ਵੀ ਵੱਧ ਸਕਦਾ ਹੈ।

ਇੱਕ ਅਜਿਹਾ ਖੇਤਰ ਜਿੱਥੇ ਲਾਭ ਦੀ ਗੁੰਜ਼ਾਇਸ਼ ਬਹੁਤ ਹੀ ਘੱਟ ਹੋ ਸਕਦੀ ਹੈ, ਉੱਥੇ ਡਰੋਨ, ਲਾਗਤ ਨੂੰ ਘਟਾਉਣ ਵਾਲਾ ਸਾਥੀ ਬਣ ਸਕਦਾ ਹੈ। ਸੰਜੀਦਾ ਮੁੱਦਿਆਂ ਨੂੰ ਸਮੇਂ ਤੋਂ ਪਹਿਲਾਂ ਉਭਾਰ ਕੇ, ਸਮੇਂ ਸਿਰ ਉਸ ਦਾ ਸਹੀ ਹੱਲ ਤਲਾਸ਼ ਕਰਨ ਨਾਲ ਖਰਚਾ ਘੱਟ ਆਉਂਦਾ ਹੈ। ਡਾਟਾ ਆਧਾਰਿਤ ਫ਼ੈਸਲਿਆਂ ਨੂੰ ਅਪਨਾਉਣ 'ਚ ਮਦਦ ਕਰ ਕੇ ਡਰੋਨ ਵਿੱਤੀ ਨੁਕਸਾਨ ਨੂੰ ਟਾਲ ਸਕਦੇ ਹਨ। ਕਿਸੇ ਵੀ ਫ਼ਸਲ ਦੀ ਸਮੱਸਿਆ ਦੇ ਸਾਹਮਣੇ ਆਉਣ ਤੋਂ ਪਹਿਲਾਂ ਹੀ ਖੇਤੀ ਬਾਰੇ ਹਾਸਿਲ ਕੀਤੀ ਜਾਣਕਾਰੀ ਨੂੰ ਕਿਸਾਨਾਂ ਨਾਲ ਸਾਂਝੀ ਕਰ ਕੇ, ਮਗਰੋਂ ਉਹ ਫ਼ਸਲੀ ਚੱਕਰ ਦੌਰਾਨ, ਜ਼ਿਆਦਾ ਖਰਚੀਲੀ ਦਖ਼ਲਅੰਦਾਜ਼ੀ ਦੀ ਜ਼ਰੂਰਤ ਤੋਂ ਕਿਸਾਨਾਂ ਨੂੰ ਨਿਜਾਤ ਦੁਆ ਸਕਦੇ ਹਨ।

ਬਹੁਤ ਵਧੀਆ ਪੈਦਾਵਾਰ ਲਈ ਅਨੁਕੂਲ ਮੌਸਮ ਹਮੇਸ਼ਾ ਹੀ ਮਹੱਤਵਪੂਰਨ ਹੁੰਦਾ ਹੈ। ਮੌਸਮ ਦੀ ਨਿਗਾਹਬਾਨੀ ਤਕਨੀਕ ਨਾਲ ਲੈਸ ਡਰੋਨ, ਮੌਸਮ ਦੇ ਅਸਲ ਸਮੇਂ ਦਾ ਡਾਟਾ ਜਾਰੀ ਕਰਕੇ, ਆਸਮਾਨ 'ਚ ਮੌਸਮ ਸਟੇਸ਼ਨਾਂ ਦੇ ਰੂਪ 'ਚ ਕੰਮ ਕਰ ਸਕਦੇ ਹਨ। ਇਹ ਸੂਚਨਾ ਖੇਤੀਬਾੜੀ ਦੇ ਕੰਮਾਂ ਦੀ ਯੋਜਨਾਬੰਦੀ ਅਤੇ ਮੌਸਮ ਦੀ ਤਬਦੀਲੀ ਦੇ ਸਰੂਪ ਨਾਲ ਨਜਿੱਠਣ ਲਈ ਬੇਸ਼ਕੀਮਤੀ ਹੁੰਦੀ ਹੈ। ਭਾਰਤ, ਜਿੱਥੇ ਕਿ ਮਾਨਸੂਨ ਕਿਸਾਨ ਦਾ ਇੱਕ ਵਧੀਆ ਦੋਸਤ ਜਾਂ ਅੱਤ ਦਾ ਦੁਸ਼ਮਣ ਹੋ ਸਕਦਾ ਹੈ, ਉੱਥੇ ਮੌਸਮ ਦਾ ਮਿੰਟ-ਦਰ-ਮਿੰਟ ਡਾਟਾ ਪਾਸਾ ਪਲਟ ਸਕਦਾ ਹੈ। ਇਹ ਕਿਸਾਨ ਨੂੰ ਦਿੱਤੀ ਗਈ ਜਾਣਕਾਰੀ ਮੁਤਾਬਿਕ ਫ਼ੈਸਲੇ ਲੈਣ ਦੀ ਆਗਿਆ ਦਿੰਦਾ ਹੈ ਕਿ ਕਦੋਂ ਉਸ ਨੇ ਬਿਜਾਈ ਕਰਨੀ ਹੈ। ਸਿੰਜਾਈ ਕਦੋਂ ਕਰਨੀ ਹੈ ਅਤੇ ਕਦੋਂ ਵਾਢੀ ਕਰਨੀ ਹੈ ਅਤੇ ਅਖੀਰ 'ਚ ਉਹ ਖੇਤੀ ਦੇ ਕੰਮਾਂ 'ਚ ਲਚੀਲੇਪਨ ਲਿਆਉਣ ਦੇ ਕਾਬਲ ਹੋ ਜਾਂਦਾ ਹੈ।

ਸਿੱਟਾ : ਸਰਕਾਰ ਦੀ ਖੇਤੀ ਪ੍ਰਤੀ ਵਧਦੀ ਜਾ ਰਹੀ ਸਪੱਸ਼ਟ ਰੁਚੀ ਤੇ ਪੁਸ਼ਟੀ ਤੋਂ ਜ਼ਾਹਿਰ ਹੈ ਕਿ ਡਰੋਨ, ਫ਼ਸਲਾਂ ਦੇ ਖੇਤੀ ਅਭਿਆਸਾਂ ਦਾ ਇਕ ਅਨਿੱਖੜਵਾਂ ਅੰਗ ਬਣਨ ਲਈ ਤਿਆਰ-ਬਰ-ਤਿਆਰ ਹੈ। ਰਵਾਇਤੀ ਖੇਤੀ ਮੁਹਾਰਤ ਨੂੰ ਉੱਨਤ ਤਕਨਾਲੋਜੀ ਨਾਲ ਮਿਲਾ ਕੇ ਕਿਸਾਨ ਹੋਰ ਜ਼ਿਆਦਾ ਆਸ਼ਾਵਾਦੀ ਅਤੇ ਜ਼ਿਆਦਾ ਫ਼ਲਦਾਇਕ ਭਵਿੱਖ ਦੀ ਉਮੀਦ ਕਰ ਸਕਦੇ ਹਨ। ਇਸ ਤੋਂ ਇਲਾਵਾ, ਸਰਕਾਰ ਖਾਦਾਂ ਅਤੇ ਕੀੜੇਮਾਰ ਦਵਾਈਆਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਦੀ ਬੱਚਤ ਜ਼ਰੀਏ ਕਿਸਾਨਾਂ ਨੂੰ ਡਰੋਨ ਅਪਨਾਉਣ 'ਤੇ ਆਉਣ ਵਾਲੀ 80 ਫ਼ੀਸਦੀ ਲਾਗਤ ਦਾ ਬੋਝ ਖ਼ੁਦ ਚੁੱਕ ਸਕਦੀ ਹੈ, ਕਿਉਂ ਜੋ ਡਰੋਨ ਤਕਨੀਕ ਦੀ ਵਰਤੋਂ ਕਰਨ ਨਾਲ ਇਨ੍ਹਾਂ ਵਸਤੂਆਂ ਦੀ ਖਪਤ ਵੀ ਘਟ ਜਾਂਦੀ ਹੈ।

**-(ਲੇਖਕ, ਸੋਨਾਲੀਕਾ ਗਰੁੱਪ ਦੇ ਉਪ-ਚੇਅਰਮੈਨ, ਕੈਬਨਿਟ ਮੰਤਰੀ ਰੈਂਕ 'ਚ ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ ਹਨ)**



# ਵੱਡਾ ਘੱਲੂਘਾਰਾ ਕੁੱਪ ਰਹੀੜਾ

## 8 ਫ਼ਰਵਰੀ 1762 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸਿੱਖ ਧਰਮ ਕੁਰਬਾਨੀਆਂ ਦਾ ਇਤਿਹਾਸ ਹੈ, ਜਿਸ ਵਿਚ ਮਾਨਵਤਾ ਦੀ ਭਲਾਈ ਅਤੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹੀਦੀਆਂ ਦਰਜ ਹਨ। ਇਸ ਲੰਬੇ ਸੰਘਰਸ਼ ਵਿਚ ਸੰਨ 1716 ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਅੱਠ ਸੌ ਫੌਜੀ ਸਿੰਘਾਂ ਤੇ ਯੋਧਿਆਂ ਜਿਵੇਂ : ਬਾਜ ਸਿੰਘ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਮਾਲੀ ਸਿੰਘ ਆਦਿ ਦੇ ਦਿੱਲੀ ਵਿਚ ਸ਼ਹੀਦ ਹੋਣ ਤੋਂ ਬਾਅਦ ਸਿੰਘਾਂ ਦੀਆਂ ਸਰਗਰਮੀਆਂ ਵਿਚ ਖੜੋਤ ਆ ਗਈ ਸੀ। ਬਾਬਾ ਵਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਮੁਗਲ ਹਕੂਮਤ ਨਾਲ ਸਮਝੌਤਾ ਕਰ ਲਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੜ੍ਹਾਵੇ ਕਰਕੇ ਬਾਬਾ ਜੀ ਦੇ ਬੰਦਈ ਪੈਰੋਕਾਰਾਂ ਅਤੇ ਬਾਵਿਆਂ ਨਾਲ ਝਗੜਾ ਹੋਣ ਤੇ ਬਾਵਿਆਂ ਦਾ ਪੱਖ ਭਾਰੂ ਰਿਹਾ। ਜਿਨ੍ਹਾਂ ਨੂੰ ਤੱਤ ਖ਼ਾਲਸਾ ਕਿਹਾ ਜਾਂਦਾ ਸੀ। ਸੰਨ 1721 ਵਿਚ ਮਾਤਾ ਸੁੰਦਰੀ ਜੀ ਵਲੋਂ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਮੁਗਲਾਂ ਦੀ ਚਲਾਕੀ ਜਾਰੀ ਸੀ। ਉਹ ਸਮੇਂ ਸਮੇਂ ਪਿੰਡਾਂ ਵਿਚੋਂ ਸਿੰਘਾਂ ਨੂੰ ਲੱਭ ਲੱਭ ਕੇ ਸ਼ਹੀਦ ਕਰੀ ਜਾਂਦੇ ਸਨ। ਦੀਵਾਲੀ ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਾਰੇ ਸਿੰਘਾਂ ਦਾ ਇਕੱਠ ਸੱਦਿਆ ਜਾਂਦਾ ਸੀ। ਇਸ ਸਮੇਂ ਇਕੱਠੇ ਹੋਏ ਚੜ੍ਹਾਵੇ ਦੀ ਰਕਮ ਵਿਚੋਂ ਇਕ ਬੱਝੀ ਰਕਮ ਮੁਗਲ ਹਕੂਮਤ ਨੂੰ ਸੁਰੱਖਿਆ ਲਈ ਅਦਾ ਕੀਤੀ ਜਾਂਦੀ ਸੀ। ਸਿੰਘਾਂ 'ਤੇ ਮੁਗਲਾਂ ਵਲੋਂ ਕੀਤੇ ਜਾਂਦੇ ਦਮਨ ਹੇਠ ਦੀਵਾਲੀ ਦੇ ਅਵਸਰ ਤੇ ਦਰਬਾਰ ਸਾਹਿਬ ਵਿਖੇ ਇਕੱਠੀਆਂ ਹੋਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਸੰਨ 1733 ਵਿਚ ਹਾਲਾਤ ਅਜਿਹੇ ਬਣ ਗਏ ਕਿ ਮੁਗਲ ਹਕੂਮਤ ਨੂੰ ਅਦਾ ਕਰਨ ਜਿੰਨੀ ਰਕਮ ਦੇਣ ਜੋਗਾ ਵੀ ਚੜ੍ਹਾਵਾ ਨਾ ਚੜ੍ਹਿਆ। ਭਾਈ ਮਨੀ ਸਿੰਘ ਜੀ ਨੇ ਰਕਮ ਨਾ ਅਦਾ ਕਰ ਸਕਣ ਦੀ ਮਜਬੂਰੀ ਦੱਸ ਦਿੱਤੀ। ਮੁਗਲ ਹਕੂਮਤ ਨੇ ਇਸੇ ਬਹਾਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ।

ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਜੋ ਮਾਰ ਕੇ ਭੱਜ ਜਾਣ ਲਈ ਸਿੰਘ ਜਥੇਬੰਦ ਹੋਣ ਲੱਗੇ। ਸਿੰਘਾਂ ਨੇ ਦਿੱਲੀ ਲੁੱਟ ਕੇ ਪਰਤ ਰਹੀ ਈਰਾਨੀ ਸਮਰਾਟ ਨਾਦਰ ਸ਼ਾਹ ਦੀ ਸੈਨਾ ਦਾ ਸਤਲੁਜ, ਬਿਆਸ ਤੇ ਰਾਵੀ ਦੇ ਪੱਤਣਾਂ ਤੇ ਗੁਰੀਲਾ ਜੰਗ ਵਿਚ ਜਾਨ ਮਾਲ ਦਾ ਨੁਕਸਾਨ ਕੀਤਾ। ਉਸ ਨੇ ਜਾਣ ਲਿਆ ਸੀ ਕਿ ਇਸ ਕੌਮ ਦੀ ਹਕੂਮਤ ਆਵੇਗੀ।

ਸੰਨ 1748 ਨੂੰ ਮਾਲਵੇ ਵਿਚ ਸਿੰਘਾਂ ਨੇ ਆਪਣੀ ਵਧਦੀ ਜਾਂਦੀ ਫੌਜੀ ਸ਼ਕਤੀ ਨਾਲ ਚੌਧਰੀ ਆਲਾ ਸਿੰਘ ਨੇ ਪਟਿਆਲਾ ਅਤੇ ਬਰਨਾਲਾ ਵਿੱਚ ਕਾਰਲੇ ਖੇਤਰ ਵਿੱਚ ਆਪਣਾ ਅਧਿਕਾਰਤ ਰਾਜ ਸਥਾਪਤ ਕਰ ਲਿਆ। ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਈਰਾਨੀ ਸਹਿਨਸ਼ਾਹੀਆਂ ਦੀ ਵਾਗਡੋਰ ਇਕ ਅਫ਼ਗਾਨੀ ਸਾਲਾਰ ਅਹਿਮਦ ਸ਼ਾਹ ਦੁਰਾਨੀ ਅਬਦਾਲੀ ਦੇ ਹੱਥ ਆ ਗਈ। ਉਸ ਨੇ 1743-1763 ਤੱਕ ਪੰਜਾਬ ਅਤੇ ਦਿੱਲੀ 'ਤੇ ਜਬਰਦਸਤ ਹੱਲੇ ਕੀਤੇ। ਚੌਧਰੀ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੁਨਾਮ ਦੇ ਕਿਲੇ ਵਿੱਚ ਕੈਦ ਕਰ ਲਿਆ ਗਿਆ। ਪਰ ਚੌਧਰੀ ਆਲਾ ਸਿੰਘ ਕਿਲੇ ਵਿੱਚੋਂ ਨਿਕਲ ਗਿਆ ਅਤੇ ਉਸ ਨੇ ਇਕ ਲੱਖ ਰੁਪਿਆ ਹਰਜਾਨਾ ਦੇ ਕੇ ਆਪਣੀ ਰਾਜ ਸ਼ਕਤੀ ਨੂੰ ਬਹਾਲ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਪਰ ਸਿੰਘਾਂ ਦਾ ਸੰਘਰਸ਼ ਜਾਰੀ ਸੀ। ਇਸ ਲਈ ਅਬਦਾਲੀ ਨੇ ਪੰਜਾਬ ਤੇ ਹੱਲੇ ਕੀਤੇ। ਇਨ੍ਹਾਂ ਹੱਲਿਆਂ ਵਿੱਚ ਸਿੰਘਾਂ ਨੂੰ ਦੋ ਵਾਰ ਭਾਰੀ ਨੁਕਸਾਨ ਉਠਾਉਣਾ ਪਿਆ। ਇਕ ਵਾਰੀ 1757 ਵਿੱਚ ਕਾਹਨੂੰਵਾਨ (ਗੁਰਦਾਸਪੁਰ), ਇਸ ਜੰਗ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਜੰਗ ਵਿਚ ਸਿੰਘਾਂ ਨਾਲ ਲੜਨ ਵਾਲਾ ਸਾਲਾਰ ਐਮਨਾਬਾਦ ਦਾ ਦੀਵਾਨ ਲਖਪਤ ਰਾਇ ਸੀ।

5 ਫਰਵਰੀ 1762 ਨੂੰ ਅਹਿਮਦ ਸ਼ਾਹ ਦੁਰਾਨੀ/ਅਬਦਾਲੀ ਅਤੇ ਖ਼ਾਲਸੇ ਵਿਚਕਾਰ ਜੰਗ ਹੋਈ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਜਿਸ ਵਿਚ ਅਬਦਾਲੀ 60 ਹਜ਼ਾਰ ਦੀ ਫੌਜ ਲੈ ਕੇ ਪੰਜਾਬ 'ਤੇ ਚੜ੍ਹ ਆਇਆ। ਸਿੰਘਾਂ ਨੇ ਆਪਣੀ ਜੰਗੀ ਵਿਉਂਤਬੰਦੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਾਰੀਆ ਨੇ 3 ਫਰਵਰੀ 1762 ਨੂੰ ਲਾਹੌਰ ਛੱਡ ਦਿੱਤਾ, ਉਹ ਦੁਆਬੇ ਵਿੱਚੋਂ ਨਿਕਲ ਕੇ ਮੁਕਤਸਰ, ਬਠਿੰਡਾ, ਗੰਗਾਨਗਰ (ਰਾਜਸਥਾਨ) ਦੇ ਇਲਾਕੇ ਜਿਸ ਨੂੰ ਲੱਖੀ ਜੰਗਲ ਵੀ ਕਿਹਾ ਜਾਂਦਾ ਹੈ, ਵੱਲ ਵਧੇ। ਉਸ ਸਮੇਂ ਖ਼ਾਲਸੇ ਦੀ ਗਿਣਤੀ 40,000 ਸੀ। ਸਿੰਘ ਕਾਫਲਾ ਬਣਾ ਕੇ ਤੁਰ ਪਏ ਸਨ ਜਿਸ ਵਿਚ ਬੱਚੇ, ਬੁੱਢੇ ਅਤੇ ਇਸਤਰੀਆਂ ਸਨ। ਅਹਿਮਦ ਸ਼ਾਹ ਹੁਣ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲਿਆ ਹੋਇਆ ਸੀ। ਸਿੰਘ ਪਰਿਵਾਰਾਂ ਨੂੰ ਸੁਰੱਖਿਅਤ ਬੀਕਾਨੇਰ ਪਹੁੰਚਾਉਣਾ ਚਾਹੁੰਦੇ ਸਨ। ਸਿੰਘਾਂ ਨੇ ਮਲੇਰਕੋਟਲੇ ਦੇ ਕੋਲ ਕੁੱਪ ਰਹੀੜੇ ਜਾ ਡੇਰੇ ਲਾਏ। ਜੈਨ ਖਾਨ ਸੂਬੇਦਾਰ ਸਰਹਿੰਦ ਅਤੇ ਭੀਖਣ ਸ਼ਾਹ, ਸੂਬੇਦਾਰ ਮਲੇਰਕੋਟਲਾ ਵੀ ਆਣ ਵਧੇ। ਸਿੰਘਾਂ ਨੇ ਇਨ੍ਹਾਂ ਹਮਲਿਆਂ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ।

ਹਮਲੇ ਵਾਲੇ ਦਿਨ 8 ਫਰਵਰੀ, 1762 ਨੂੰ ਅਬਦਾਲੀ ਵੀ 30,000 ਘੋੜ ਸਵਾਰ ਦੀ ਫੌਜ ਨਾਲ ਹਮਲੇ ਵਿਚ ਪਹੁੰਚ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਅਜਿਹੀ



ਰਣਨੀਤੀ ਬਣਾਈ ਕਿ ਕਾਫ਼ਲੇ ਨੂੰ ਬਚਾਉਣਾ ਹੈ ਅਤੇ ਦੁਸ਼ਮਣ ਨਾਲ ਲੜਨਾ ਵੀ ਹੈ। ਇਸੇ ਢੰਗ ਨਾਲ ਉਹ ਬਰਨਾਲੇ ਵਲ ਵਧੇ। ਦੁਸ਼ਮਣ ਦੀਆਂ ਫੌਜਾਂ ਵਿਚ ਲਛਮੀ ਸਹਾਏ, ਦੀਵਾਨ ਰਾਏਕੋਟ ਵੀ ਆਪਣੀ ਫੌਜ ਨਾਲ ਪਹੁੰਚਿਆ। ਸਿੰਘ ਚਾਰੇ ਪਾਸਿਆਂ ਤੋਂ ਘਿਰ ਚੁੱਕੇ ਸਨ। ਸਿੰਘਾਂ ਨੂੰ ਘੋਰ ਜੰਗ ਲੜਨਾ ਪਿਆ। ਸਿੰਘ ਫੈਸਲਾਕੁੰਨ ਜੰਗ ਹੇਠ ਸਿਰਧੜ ਦੀ ਬਾਜੀ ਲਾ ਕੇ ਜੰਗ ਦੇ ਮੈਦਾਨ ਵਿਚ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਚੜ੍ਹਤ ਸਿੰਘ ਸ਼ੁਕਰਚੱਕੀਆ, ਡੱਲੇਵਾਲੀਆ ਅਤੇ ਸਰਦਾਰ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਦੁਸ਼ਮਣਾਂ ਨਾਲ ਜੂਝ ਰਹੀਆਂ ਸਨ। ਜਦੋਂ ਸਿੰਘ ਗਹਿਗੱਚ ਜੰਗ ਵਿਚ ਰੁੱਝੇ ਹੋਏ ਸਨ ਤਾਂ ਅਬਦਾਲੀ ਦੀ ਫੌਜ ਨੇ ਤਾੜ ਕੇ ਧੋਖੇ ਨਾਲ ਅੱਗੇ ਜਾ ਕੇ ਕਾਫਲੇ ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਹਿਫਾਜਤ ਲਈ ਪਹੁੰਚ ਗਏ। ਸਿੰਘ ਕਾਫ਼ਲੇ ਦੇ ਦੁਆਲੇ ਸੁਰੱਖਿਆ ਚੱਕਰਨੁੰਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਸਿੰਘਾਂ ਨੂੰ ਸਾਹਮਣਾ ਕਰਨਾ ਮੁਸ਼ਕਲ ਹੋ ਗਿਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘਾਂ ਦਾ ਏਨਾ ਨੁਕਸਾਨ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਸਿੰਘ ਰੱਬ ਦੇ ਭਾਣੇ ਵਿੱਚ ਰਹਿ ਕੇ ਨਿਸ਼ਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਦੇ ਸਰੀਰਾਂ ਤੇ ਅਨੇਕਾਂ ਜ਼ਖ਼ਮਾਂ ਦੇ ਨਿਸ਼ਾਨ ਸਨ। ਇਸ ਜੰਗ ਵਿਚ ਹਰ ਯੋਧਾ ਜ਼ਖ਼ਮੀ ਸੀ। ਵੱਡੇ ਘੱਲੂਘਾਰੇ ਵਿਚ 7000 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

ਸਿੰਘਾਂ ਨੇ ਜਾਣ ਲਿਆ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਜੰਗ ਵਿਚ ਜੂਝ ਕੇ ਸ਼ਹੀਦ ਹੋਣਾ ਹੀ ਬੇਹਤਰ ਹੈ। ਸਿੰਘਾਂ ਨੇ ਪੂਰੀ ਵਾਹ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਫੌਜੀ ਦੀ ਵੱਡੀ ਗਿਣਤੀ ਨੂੰ ਮਾਰ ਮੁਕਾਇਆ। ਇਸ ਘਮਸਾਨ ਦੀ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਅਤੇ ਜੰਗੀ ਪੈਂਤੜੇ ਨੂੰ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲਈ ਭੱਜਣ ਲੱਗੇ। ਉਹ ਸੋਚਦੇ ਸਨ ਕਿ ਇਹ ਮਨੁੱਖ ਜਾਂ ਕੋਈ ਫੌਲਾਦ ਦੀ ਮਸ਼ੀਨ।

ਸਿੰਘ ਲੜਦੇ ਲੜਦੇ ਮਰਦੇ ਮਾਰਦੇ ਕੁਤਬ ਬਾਹਮਣੀਆਂ ਪਹੁੰਚ ਗਏ ਸਨ। ਸਿੰਘਾਂ ਨੇ ਢਾਬ ਤੋਂ ਪਾਣੀ ਪੀਤਾ ਅਤੇ ਢਾਬ ਤੇ ਕਬਜਾ ਕਰ ਲਿਆ। ਦੁਸ਼ਮਣ ਦੀ ਫੌਜ ਵੀ ਪਾਣੀ ਵਲ ਵਧੀ, ਸਿੰਘਾਂ ਨੇ ਰੋਕ ਲਿਆ। ਸਿੰਘਾਂ ਨੇ ਕਾਫ਼ਲੇ ਵਹੀਰ ਨੂੰ ਸੁਰੱਖਿਅਤ ਜਾਣ ਦਾ ਮੌਕਾ ਦਿੱਤਾ ਕਿ ਰਾਹ ਪੱਧਰਾ ਕਰ ਲਿਆ। ਸ਼ਾਮ ਹੋ ਚੁੱਕੀ ਸੀ। ਸਿੰਘ ਖਿੰਡ-ਪੁੰਡ ਚੁੱਕੇ ਸਨ। ਰਾਤ ਪੈ ਜਾਣ ਤੇ ਅਬਦਾਲੀ ਆਪਣੇ ਕੁਝ ਸਾਲਾਰਾਂ ਨੂੰ ਸਿੰਘਾਂ ਦਾ ਪਿੱਛਾ ਕਰਨ ਲਈ ਛੱਡ ਗਿਆ ਅਤੇ ਆਪ ਮਲੇਰਕੋਟਲਾ ਚਲਾ ਗਿਆ। ਅਹਿਮਦ ਸ਼ਾਹ ਦੇ ਸਲਾਰਾਂ ਨੇ ਵੀ ਸਿੰਘਾਂ ਦਾ ਬਹੁਤੀ ਦੇਰੀ ਪਿੱਛਾ ਨਾ ਕੀਤਾ। ਖਿੰਡੇ ਪੁੰਡੇ ਸਿੰਘ ਰਾਤੋ ਰਾਤ ਪਿੰਡਾਂ ਵਿਚ ਦੀ ਕਈ ਜਥਿਆਂ ਤੇ ਇਕੱਲੇ ਦੁਕੱਲੇ ਬਰਨਾਲਾ ਪਹੁੰਚ ਗਏ। ਜਿੱਥੇ ਆਲਾ ਸਿੰਘ ਕੋਲ ਜਾ ਠਹਿਰੇ।

ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਚਾ ਰੱਖਿਆ। ਇਸ ਵੱਡੇ ਘੱਲੂਘਾਰੇ ਦੀ ਜੰਗ ਵਿਚ 30,000 ਸਿੰਘ ਇਕ ਹੀ ਦਿਨ ਵਿਚ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ।

ਇਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਵਿਚ ਉੱਠੇ ਝਗੜਿਆਂ ਕਾਰਨ ਪੰਜਾਬ ਤੇ ਹੋਰ ਹੱਲੇ ਨਾ ਕੀਤੇ। ਸਿੰਘਾਂ ਨੇ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਤੇ ਕਬਜਾ ਕਰ ਲਿਆ। ਹੁਣ ਕਰਨਾਲ ਤੋਂ ਲੈ ਕੇ ਵਜੀਰਾਬਾਦ ਗੁਜਰਾਤ ਤੱਕ ਸਿੰਘਾਂ ਦਾ ਅਧਿਕਾਰ ਸਥਾਪਤ ਹੋ ਚੁੱਕਾ ਸੀ। ਮੁਗਲ ਅਤੇ ਅਫ਼ਗਾਨ ਫੌਜਦਾਰ ਸਿੰਘਾਂ ਦੀ ਈਨ ਮੰਨਣ ਲੱਗ ਪਏ ਕਿ ਉਹ ਲੜ ਕੇ ਥੱਕ ਚੁੱਕੇ ਸਨ। ਸਿੰਘਾਂ ਨੇ ਜੈਨ ਖਾਨ ਸਰਹਿੰਦ ਤੇ ਹਮਲਾ ਕੀਤਾ ਅਤੇ ਉਸ ਤੋਂ 50,000 ਸਲਾਨਾ ਦੀ ਰਾਖੀ ਵਸੂਲ ਕੀਤੀ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ। ਇਸ ਤਰ੍ਹਾਂ ਘੱਲੂਘਾਰਿਆਂ ਦੀਆਂ ਸ਼ਹੀਦੀਆਂ ਅਤੇ ਜਿੱਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਜਿਨ੍ਹਾਂ ਨੇ ਸਿੱਖ ਸੰਘਰਸ਼ ਤੋਂ ਖ਼ਾਲਸਾ ਰਾਜ ਤੱਕ ਦੀਆਂ ਨੀਹਾਂ ਪੱਕੀਆਂ ਕੀਤੀਆਂ।

ਸਿੱਖ ਧਰਮ ਦੀ ਮੌਲਿਕ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ, ਸਮਾਜ ਨੂੰ ਅਧਿਆਤਮਕ ਤੌਰ 'ਤੇ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਛਕਣ ਦੇ ਬੁਨਿਆਦੀ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਵਿਚ ਰਹਿ ਕੇ ਜਿਊਣ ਦੀ ਜਾਚ ਸਿਖਾਈ। ਮੀਰੀ ਪੀਰੀ ਦੇ ਸੰਤ ਸਿਪਾਹੀ ਸਿਧਾਂਤ ਨਾਲ ਵੀ ਜੋੜਿਆ। ਸਿੱਖ ਕੌਮ ਵਿਚ ਧਾਰਮਿਕ ਅਤੇ ਰਾਜਸੀ ਚੇਤਨਾ ਆਈ। ਅੰਮ੍ਰਿਤ ਦੀ ਦਾਤ ਨੇ ਫੌਜੀ ਖ਼ਾਲਸਾ ਤਿਆਰ ਕੀਤਾ। ਜਿਸ ਨੇ ਧਰਮ ਯੁੱਧ ਵਿੱਚ ਲਾਸਾਨੀ ਸ਼ਹੀਦੀਆਂ ਦਰਜ ਕੀਤੀਆਂ। ਸਿੰਘਾਂ ਵਿਚ ਨਿਸ਼ਚੇ ਕਰ ਆਪਨੀ ਜੀਤ ਕਰੂੰ ਦਾ ਜੋਸ਼ ਭਰਿਆ। ਹਰ ਮੈਦਾਨੇ ਜੰਗ ਵਿਚ ਖ਼ਾਲਸਾ ਜਾਹੋ ਜਲਾਲ ਨਾਲ ਲੜਿਆ,

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਧਿਆਨ ਦੇਣ ਮਾਪੇ

## ਪੜ੍ਹਾਈ ਦਾ ਬੱਚਿਆਂ ’ਤੇ ਨਾ ਪਾਇਆ ਜਾਵੇ ਬੋਝ



ਬੱਚਿਆਂ ਨੂੰ ਦੇਸ਼ ਦਾ ਭਵਿੱਖ ਕਿਹਾ ਜਾਂਦਾ ਹੈ। ਇਸ ਲਈ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ ਪਰ ਜੇ ਅੱਜ ਦੇ ਬੱਚਿਆਂ ਵੱਲ ਵੇਖਿਆ ਜਾਵੇ ਤਾਂ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਬੱਚੇ ਹੁਣ ਕੰਪਿਊਟਰ ਤੇ ਮੋਬਾਇਲ ’ਤੇ ਜਿਆਦਾ ਨਿਰਭਰ ਹੋ ਗਏ ਹਨ, ਉਹ ਹੁਣ ਆਪਣੇ ਦਿਮਾਗ ਤੋਂ ਕੰਮ ਲੈਣ ਦੀ ਥਾਂ ਕੈਲੂਕਟਰ ਅਤੇ ਮੋਬਾਇਲ ਦੀ ਵਰਤੋ ਵਧੇਰੇ ਕਰਦੇ ਹਨ।

ਇਹ ਠੀਕ ਹੈ ਕਿ ਦੋ ਕੁ ਸਾਲ ਪਹਿਲਾਂ ਕੋਵਿਡ ਮਹਾਂਮਾਰੀ ਕਾਰਨ ਬੱਚੇ ਘਰਾਂ ਵਿੱਚ ਇਕ ਤਰਾਂ ਕੈਦ ਹੋ ਕੇ ਰਹਿ ਗਏ ਸਨ, ਹੁਣ ਕੋਵਿਡ ਦਾ ਅਸਰ ਘੱਟ ਹੋਣ ਕਾਰਨ ਬੱਚਿਆਂ ਦੇ ਸਕੂਲ ਵੀ ਖੁਲੇ ਹੋਏ ਹਨ ਅਤੇ ਜਨ ਜੀਵਨ ਆਮ ਵਰਗਾ ਹੋ ਗਿਆ ਹੈ। ਇਸਦੇ ਬਾਵਜੂਦ ਵੱਡੀ ਗਿਣਤੀ ਬੱਚੇ ਅਜੇ ਵੀ ਘਰਾਂ ਵਿੱਚ ਰਹਿਣ ਨੂੰ ਤਰਜੀਹ ਦਿੰਦੇ ਹਨ। ਉਹਨਾਂ ਦਾ ਦਿਨ ਸਵੇਰੇ ਸਕੂਲ ਜਾਣ ਤੇ ਦੁਪਹਿਰੇ ਵਾਪਸ ਘਰ ਆਉਣ ਤਕ ਸੀਮਿਤ ਹੁੰਦਾ ਜਾ ਰਿਹਾ ਹੈ। ਮਾਪੇ ਚਾਹੁੰਦੇ ਹਨ ਕਿ ਕੋਵਿਡ ਦੇ ਸਮੇਂ ਦੌਰਾਨ ਬੱਚਿਆਂ ਦੀ ਪੜ੍ਹਾਈ ਦਾ ਜੋ ਨੁਕਸਾਨ ਹੋਇਆ ਹੈ, ਉਹ ਨੁਕਸਾਨ ਪੂਰਾ ਕੀਤਾ ਜਾਵੇ। ਇਸ ਕਰਕੇ ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਲਗਾਤਾਰ ਪੜਾਈ ਕਰਨ ਲਈ ਦਬਾਓ ਪਾਉਂਦੇ ਹਨ, ਜਿਸ ਦਾ ਕਈ ਵਾਰ ਬੱਚੇ ਤੇ ਗਲਤ ਅਸਰ ਵੀ ਹੁੰਦਾ ਹੈ ਅਤੇ ਪੜ੍ਹਾਈ ਵਿੱਚ ਉਹਨਾਂ ਦਾ ਧਿਆਨ ਨਹੀਂ ਲੱਗਦਾ। ਅਜਿਹੇ ਸਮੇਂ ਵਿੱਚ ਕਈ ਵਾਰ ਬੱਚਿਆਂ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ।

ਮਾਪੇ ਸੋਚਦੇ ਹਨ ਕਿ ਜੇ ਬਚਪਣ ਵਿੱਚ ਬਚਿਆਂ ਨੂੰ ਸਹੀ ਤਰੀਕੇ ਨਾਲ ਪੜਾਇਆ ਜਾਵੇ ਤਾਂ ਬੱਚਾ ਵੱਡਾ ਹੋ ਕੇ ਚੰਗਾ ਇਨਸਾਨ ਬਣਨ ਦੇ ਨਾਲ ਚੰਗੇ ਰੁਜ਼ਗਾਰ ’ਤੇ ਲਗ ਜਾਵੇਗਾ। ਇਸ ਤਰਾਂ ਬੱਚੇ ਦੀ ਜਿੰਦਗੀ ਬਣ ਜਾਵੇਗੀ ਪਰ ਮਾਪੇ ਭੁੱਲ ਜਾਂਦੇ ਹਨ ਕਿ ਬੱਚਿਆਂ ਉਪਰ ਕਦੇ ਵੀ ਮਾਪਿਆਂ ਨੂੰ ਆਪਣੇ ਫੈਸਲੇ ਥੋਪੇ ਨਹੀਂ ਜਾਣੇ ਚਾਹੀਦੇ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਰੁਚੀ ਅਨੁਸਾਰ ਉਹਨਾਂ ਦੀ ਪੜ੍ਹਾਈ ਕਰਵਾਉਣ। ਇਹ ਠੀਕ ਹੈ ਕਿ ਬੱਚਿਆਂ ਨੂੰ ਅਕਸਰ ਆਪਣੇ ਭਲੇ ਬੁਰੇ ਦੀ ਪਹਿਚਾਣ ਨਹੀਂ ਹੁੰਦੀ, ਇਸ ਲਈ ਮਾਪੇ ਸਹੀ ਤਰੀਕੇ ਨਾਲ ਬੱਚਿਆਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀਆਂ ਯੋਗਤਾਵਾਂ ਦੀ ਪਰਖ ਕਰਨ ਅਤੇ ਬੱਚਿਆਂ ਦੀਆਂ ਯੋਗਤਾਵਾਂ ਨੂੰ ਦਬਾਉਣ ਦੀ ਥਾਂ ਉਹਨਾਂ ਨੂੰ ਉਤਸ਼ਾਹਿਤ ਕਰਨ। ਜੇ ਕਿਸੇ ਬੱਚੇ ਦੀ ਪੇਟਿੰਗ ਵਿੱਚ ਰੁਚੀ ਹੈ ਤਾਂ ਉਸ ਨੂੰ ਪੇਟਿੰਗ ਦੀ ਟ੍ਰੇਨਿੰਗ ਦਿਵਾਈ ਜਾਣੀ ਚਾਹੀਦੀ ਹੈ। ਇਸੇ ਤਰਾਂ ਜੇ ਕਿਸੇ ਬੱਚੇ ਦੀ ਕਿਸੇ ਖੇਡ ਵਿੱਚ ਰੁਚੀ ਹੈ ਤਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਉਸ ਖੇਡ ਵਿੱਚ ਮੁਹਾਰਤ ਦਿਵਾਉਣ।



ਕਈ ਮਾਪੇ ਸੋਚਦੇ ਹਨ ਕਿ ਖੇਡਾਂ ਵਿੱਚ ਹਿੱਸਾ ਲੈਣਾ ਵਿਹਲੇ ਬੱਚਿਆਂ ਦਾ ਕੰਮ ਹੈ ਅਤੇ ਖੇਡਾਂ ਵਿੱਚ ਹਿਸਾ ਲੈਣ ਕਰਕੇ ਬੱਚਾ ਪੜ੍ਹਾਈ ਵਿੱਚ ਪਿਛੜ ਸਕਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦਾ ਸਹੀ ਮਾਰਗ ਦਰਸ਼ਨ ਕਰਨ। ਸਾਰਾ ਦਿਨ ਖੇਡਾਂ ਵਿੱਚ ਬਤੀਤ ਕਰਨਾਂ ਵੀ ਬੱਚਿਆਂ ਲਈ ਠੀਕ ਨਹੀਂ ਹੈ, ਪਰ ਬੱਚਿਆਂ ਨੂੰ ਖੇਡਣ ਲਈ ਕੁਝ ਸਮਾਂ ਜਰੂਰ ਦੇਣਾਂ ਚਾਹੀਦਾ ਹੈ। ਇਸ ਲਈ ਇਕ ਟਾਇਮ ਟੇਬਲ ਬਣਾ ਲੈਣਾ ਚਾਹੀਦਾ ਹੈ ਅਤੇ ਖੇਡਾਂ ਦੇ ਸਮੇਂ ਬੱਚੇ ਦਾ ਧਿਆਨ ਸਿਰਫ਼ ਖੇਡਾਂ ਵੱਲ ਹੋਣਾਂ ਚਾਹੀਦਾ ਹੈ। ਖੇਡਾਂ ਵਿਚ ਹਿਸਾ ਲੈਣ ਵਾਲੇ ਬੱਚੇ ਤੰਦਰੁਸਤ ਰਹਿੰਦੇ ਹਨ ਅਤੇ ਉਹ ਬਿਮਾਰ ਘੱਟ ਹੁੰਦੇ ਹਨ। ਇਸਦੇ ਨਾਲ ਹੀ ਉਹਨਾਂ ਦਾ ਸਰੀਰਕ ਵਿਕਾਸ ਵੀ ਸਹੀ ਤਰੀਕਿਆਂ ਨਾਲ ਹੁੰਦਾ ਹੈ। ਖੇਡਾਂ ਵਿੱਚ ਹਿਸਾ ਲੈਣ ਵਾਲੇ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਲਈ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਕੁਝ ਸਮਾਂ ਖੇਡਣ ਲਈ ਵੀ ਦੇਣਾਂ ਚਾਹੀਦਾ ਹੈ।

ਬੱਚਿਆਂ ਦੀ ਪੜ੍ਹਾਈ ਲਈ ਘਰ ਦਾ ਵਾਤਾਵਰਨ ਸ਼ਾਂਤੀ ਭਰਿਆ ਹੋਣਾ ਚਾਹੀਦਾ ਹੈ ਕਿ ਉਂਕਿ ਜੇ ਘਰਾਂ ਵਿੱਚ ਕਲੇਸ਼ ਹੋਵੇਗਾ ਤਾਂ ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ ’ਤੇ ਵੀ ਪਵੇਗਾ। ਇਸ ਲਈ ਬੱਚਿਆਂ ਨੂੰ

ਪੜ੍ਹਾਈ ਵਿੱਚ ਜਿਆਦਾ ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਦੀ ਕਾਪੀਆਂ, ਕਿਤਾਬਾਂ ਅਤੇ ਯੂਨੀਫਾਰਮ ਦੀ ਮਹਿੰਗਾਈ ਦਾ ਰੋਣਾਂ ਬੱਚਿਆਂ ਸਾਹਮਣ ਨਹੀਂ ਰੋਣਾਂ ਚਾਹੀਦਾ ਕਿਉਂਕਿ ਇਸਦਾ ਬੱਚਿਆਂ ਉਪਰ ਨਾਂਹ ਪੱਖੀ ਪ੍ਰਭਾਵ ਪੈਂਦਾ ਹੈ।

ਅਕਸਰ ਬੱਚੇ ਅਨਭੋਲ ਹੁੰਦੇ ਹਨ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਹੀ ਗਲਤ ਦੀ ਵੀ ਜਾਣਕਾਰੀ ਦੇਣ। ਕਈ ਵਾਰ ਵੇਖਿਆ ਜਾਂਦਾ ਹੈ ਕਿ ਅਨੇਕਾਂ ਗੁਪਤ ਦੁਸ਼ਮਣ ਜਾਂ ਸਮਾਜ ਵਿਰੋਧੀ ਅਨਸਰ ਬੱਚਿਆਂ ਨਾਲ ਪਹਿਲਾਂ ਮਿਠੀਆਂ ਗਲਾਂ ਕਰਕੇ ਦੋਸਤੀ ਕਰਦੇ ਹਨ ਤੇ ਬੱਚਿਆਂ ਦਾ ਭਰੋਸਾ ਜਿੱਤਦੇ ਹਨ , ਫਿਰ ਬੱਚੇ ਨਾਲ ਗਲਤ ਹਰਕਤਾਂ ਕਰਦੇ ਹਨ। ਇਸ ਲਈ ਹਰ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਨਿਗਰਾਨੀ ਜਰੂਰ ਕਰਨ। ਜੇ ਬੱਚੇ ਦੇ ਵਿਵਹਾਰ ਵਿੱਚ ਬਦਲਾਓ ਆਉਂਦਾ ਹੈ ਤਾਂ ਬੱਚੇ ਨਾਲ ਪਿਆਰ ਨਾਲ ਗਲਬਾਤ ਕਰਕੇ ਅਸਲੀਅਤ ਦਾ ਪਤਾ ਲਗਾਉਣਾ ਚਾਹੀਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨਾਲ ਪਿਆਰ ਨਾਲ ਪੇਸ਼ ਆਉਣ। ਜਦੋਂ ਬੱਚਾ ਕੋਈ ਗਲਤੀ ਕਰਦਾ ਹੈ, ਤਾਂ ਉਸ ਨੂੰ ਝਿੜਕਣ ਦੇ ਨਾਲ ਪਿਆਰ ਨਾਲ ਵੀ ਸਮਝਾਉਣਾ ਚਾਹੀਦਾ ਹੈ।

ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪਰਵਰਿਸ਼ ਸਹੀ ਤਰੀਕੇ ਨਾਲ ਕਰਨੀ ਚਾਹੀਦੀ ਹੈ ਤੇ ਉਨਾਂ ਦੀਆਂ ਜਰੂਰਤਾਂ ਅਤੇ ਲੋੜਾਂ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ। ਬੱਚੇ ਅਨਭੋਲ ਹੁੰਦੇ ਹਨ, ਇਸ ਕਰਕੇ ਉਹਨਾਂ ਸਾਹਮਣੇ ਕਿਸੇ ਰਿਸ਼ਤੇਦਾਰ ਜਾਂ ਗੁਆਂਢ ਬਾਰੇ ਮੰਦੀ ਚੰਗੀ ਗਲ ਨਹੀਂ ਕਰਨੀ ਚਾਹੀਦੀ ਕਿਉਂਕਿ ਬੱਚੇ ਕਈ ਵਾਰ ਭੋਲੇਪਣ ਵਿੱਚ ਉਹੀ ਗਲ ਰਿਸ਼ਤੇਦਾਰ ਜਾਂ ਗੁਆਂਢੀ ਸਾਹਮਣੇ ਕਰ ਸਕਦੇ ਹਨ।

ਵੇਖਣ ਵਿੱਚ ਆਇਆ ਹੈ ਕਿ ਪੜਾਈ ਦੇ ਬੋਝ ਕਾਰਨ ਅਕਸਰ ਬਚੇ ਤਨਾਓ ਵਿੱਚ ਆ ਜਾਂਦੇ ਹਨ। ਇਸ ਲਈ ਬੱਚਿਆਂ ਨੂੰ ਸਹੀ ਸਮੇਂ ਤੇ ਸਮਝਾਉਣਾ ਚਾਹੀਦਾ ਹੈ। ਬੱਚਿਆਂ ਨੂੰ ਇਸ ਗਲ ਦਾ ਅਹਿਸਾਸ ਜਰੂਰ ਕਰਵਾਉਣਾ ਚਾਹੀਦਾ ਹੈ ਕਿ ਪੜਾਈ ਬੱਚਿਆਂ ਲਈ ਬਹੁਤ ਜਰੂਰੀ ਹੈ। ਇਸਦੇ ਨਾਲ ਹੀ ਬੱਚਿਆਂ ਨੂੰ ਇਹ ਵੀ ਸਮਝਾਉਣਾ ਚਾਹੀਦਾ ਹੈ ਕਿ ਜੇ ਉਹ ਬਚਪਣ ਵਿੱਚ ਮਿਹਨਤ ਕਰਨਗੇ ਤਾਂ ਵੱਡੇ ਹੋ ਕੇ ਆਰਾਮਮਈ ਜੀਵਨ ਬਤੀਤ ਕਰਨਗੇ ਜੇ ਬਚਪਣ ਵਿੱਚ ਉਹ ਪੜ੍ਹਾਈ ਵੱਲ ਧਿਆਨ ਨਹੀਂ ਦੇਣਗੇ ਤਾਂ ਫਿਰ ਜਵਾਨੀ ਅਤੇ ਬੁਢਾਪੇ ਵਿੱਚ ਉਹਨਾਂ ਨੂੰ ਸਖਤ ਮਿਹਨਤ ਕਰਨੀ ਪਵੇਗੀ। (ਬਾਕੀ ਸਫ਼ਾ 31 ’ਤੇ)

# ਬੱਚਿਆਂ ਦੇ ਖਾਣ ਪੀਣ ਵੱਲ ਦਿਓ ਵਿਸ਼ੇਸ਼ ਧਿਆਨ

## ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ ਪੌਸ਼ਟਿਕ ਤੱਤ



ਅੱਜ ਕੱਲ੍ਹ ਬੱਚਿਆਂ ਵਿੱਚ ਖਾਣ-ਪੀਣ ਪ੍ਰਤੀ ਰੁਚੀ ਬਦਲ ਰਹੀ ਹੈ। ਉਹ ਘਰ ਦੇ ਬਣੇ ਭੋਜਨ ਦੀ ਬਜਾਏ ਬਾਜ਼ਾਰ ’ਚ ਮਿਲਣ ਵਾਲੇ ਜੰਕ ਫੂਡ ਆਦਿ ਨੂੰ ਪਸੰਦ ਕਰ ਰਹੇ ਹਨ, ਜਿਸ ਕਾਰਨ ਉਨ੍ਹਾਂ ’ਚ ਮੋਟਾਪੇ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਜੇਕਰ ਭੋਜਨ ਵਿੱਚ ਪੌਸ਼ਟਿਕ ਤੱਤਾਂ ਅਤੇ ਸੰਤੁਲਿਤ ਆਹਾਰ ਦਾ ਧਿਆਨ ਰੱਖਿਆ ਜਾਵੇ ਤਾਂ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਭੋਜਨ ਹਮੇਸ਼ਾ ਚਾਰ ਚੀਜ਼ਾਂ ’ਤੇ ਨਿਰਭਰ ਕਰਦਾ ਹੈ- ਰੰਗ, ਰੂਪ, ਸੁਆਦ, ਵਾਤਾਵਰਨ। ਸਭ ਤੋਂ ਪਹਿਲਾਂ, ਬੱਚੇ ਹਮੇਸ਼ਾ ਰੰਗ ਦੇ ਅਨੁਸਾਰ ਆਪਣੇ ਭੋਜਨ ਦੀ ਚੋਣ ਕਰਦੇ ਹਨ, ਜੇਕਰ ਉਹ ਕਿਸੇ ਥਾਲੀ ਵਿੱਚ ਵੱਖ-ਵੱਖ ਰੰਗ ਦੇਖਦੇ ਹਨ ਤਾਂ ਉਹ ਉਸ ਭੋਜਨ ਵੱਲ ਜ਼ਿਆਦਾ ਆਕਰਸ਼ਿਤ ਹੁੰਦੇ ਹਨ। ਦੂਜਾ, ਪੀਜ਼ਾ, ਬਰਗਰ, ਮੈਕਰੋਨੀ ਆਦਿ ਵਿੱਚ ਵਰਤੀਆਂ ਜਾਣ ਵਾਲੀਆਂ ਰੰਗੀਨ ਸਬਜ਼ੀਆਂ ਕਾਰਨ ਇਨ੍ਹਾਂ ਦੀ ਦਿੱਖ ਵੱਖਰੀ ਨਜ਼ਰ ਆਉਂਦੀ ਹੈ। ਇਸ ਕਾਰਨ ਬੱਚੇ ਇਨ੍ਹਾਂ ਨੂੰ ਜ਼ਿਆਦਾ ਪਸੰਦ ਕਰਦੇ ਹਨ। ਤੀਜੀ ਗੱਲ ਸੁਆਦ ਦੀ ਹੈ, ਕੋਈ ਵੀ ਭੋਜਨ ਉਦੋਂ ਹੀ ਪਸੰਦ ਕੀਤਾ ਜਾਂਦਾ ਹੈ ਜਦੋਂ ਉਹ ਸਵਾਦ ਹੋਵੇ। ਚੌਥਾ, ਵਾਤਾਵਰਨ ਦਾ ਵੀ ਬਹੁਤ ਪ੍ਰਭਾਵ ਹੁੰਦਾ ਹੈ। ਬੱਚੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਨਾਲ ਖਾਣਾ ਪਸੰਦ ਕਰਦੇ ਹਨ।

ਅੱਜ-ਕੱਲ੍ਹ ਬਾਜ਼ਾਰ ਵਿੱਚ ਮਿਲਣ ਵਾਲੇ ਤਿਆਰ ਭੋਜਨਾਂ ਵਿੱਚ ਪੂਰੇ ਪੌਸ਼ਟਿਕ ਤੱਤ ਨਹੀਂ ਮਿਲਦੇ, ਜੋ ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਹੁੰਦੇ ਹਨ। ਪੌਸ਼ਟਿਕ ਤੱਤਾਂ ਦੇ ਕਾਰਨ ਬੱਚਿਆਂ ਵਿੱਚ ਪ੍ਰਤੀਰੋਧਕ ਸ਼ਕਤੀ ਵਧਦੀ ਹੈ।

ਬੱਚਿਆਂ ਨੂੰ ਖਾਣੇ ਵਿੱਚ ਤਾਜ਼ਾ ਜਾਂ ਸੁੱਕਾ ਦੁੱਧ, ਪਨੀਰ, ਦਹੀਂ, ਤੇਲ ਬੀਜ ਅਤੇ ਗਿਰੀਦਾਰ, ਸੋਇਆਬੀਨ, ਖਮੀਰ, ਦਾਲਾਂ, ਮੀਟ, ਮੱਛੀ, ਅਨਾਜ, ਮੱਖਣ, ਘਿਓ, ਬਨਸਪਤੀ ਤੇਲ, ਤੇਲ ਬੀਜ ਅਤੇ ਦਾਣੇ, ਬਾਜਰਾ, ਆਲੂ, ਚੁਕੰਦਰ, ਖੰਡ ਅਤੇ ਗੁੜ ਦੇਣੇ ਚਾਹੀਦੇ ਹਨ।

ਹਰ ਰੋਜ਼ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਬੈਠ ਕੇ ਖਾਣਾ ਖਾਣਾ ਚਾਹੀਦਾ ਹੈ ਅਤੇ ਖਾਣਾ ਖਾਣ ਦਾ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਭੋਜਨ ਘਰ ਵਿੱਚ ਹੀ ਤਿਆਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਸਾਫ਼ ਅਤੇ ਪੌਸ਼ਟਿਕ ਹੁੰਦਾ ਹੈ।

ਬੱਚਿਆਂ ਨੂੰ ਵੀ ਮਦਦ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜਿਵੇਂ ਕਿ ਬਾਜ਼ਾਰ ਵਿੱਚ ਸਬਜ਼ੀਆਂ ਲੈ ਕੇ ਜਾਣ ਸਮੇਂ ਬੱਚਿਆਂ ਨੂੰ ਇਹ ਵੀ ਪੁੱਛਿਆ ਜਾਵੇ ਕਿ ਉਹ ਕਿਹੜੀਆਂ ਸਬਜ਼ੀਆਂ ਖਰੀਦਣਾ ਚਾਹੁੰਦੇ ਹਨ ਅਤੇ ਇਹ ਵੀ ਦੱਸਿਆ ਜਾਵੇ ਕਿ ਕਿਹੜੀਆਂ ਸਬਜ਼ੀਆਂ ਅਤੇ ਫਲ ਸਾਡੇ ਲਈ ਜ਼ਰੂਰੀ ਹਨ।



ਬੱਚਿਆਂ ਨੂੰ ਘਰ ਵਿੱਚ ਤਾਜ਼ੀਆਂ ਸਬਜ਼ੀਆਂ ਤੋਂ ਬਣੇ ਤਾਜ਼ੇ ਜੂਸ ਅਤੇ ਸੂਪ ਦਿਓ।

ਬੱਚਿਆਂ ਨੂੰ ਬਜ਼ਾਰ ਦੇ ਕੋਲਡ ਡਰਿੰਕਸ ਦੀ ਬਜਾਏ ਘਰ ਦੇ ਬਣੇ ਡ੍ਰਿੰਕ ਜਿਵੇਂ ਮਿਲਕ ਸ਼ੇਕ, ਬੈਨਾ ਸ਼ੇਕ ਆਦਿ ਦਿਓ।

ਡੱਬੀ : ਬੱਚਿਆਂ ਨੂੰ ਇਸ ਗਲ ਦੀ ਜਾਣਕਾਰੀ ਨਹੀਂ ਹੁੰਦੀ ਕਿ ਕਿਹੜਾ ਭੋਜਨ ਉਹਨਾਂ ਲਈ ਲਾਭਦਾਇਕ ਹੈ, ਇਸ ਲਈ ਅਕਸਰ ਉਹ ਦੋਸਤਾਂ ਦੇ ਕਹਿਣ ’ਤੇ ਜੰਕ ਫੂਡ ਆਦਿ ਖਾਣ ਲੱਗਦੇ ਹਨ। ਕਦੇ ਕਦਾਂਈ ਜੰਕ ਫੂਡ ਖਾਧਾ ਜਾ ਸਕਦਾ ਹੈ ਪਰ ਇਸ ਦੀ ਲਗਾਤਾਰ ਵਰਤੋ ਬੱਚਿਆਂ ਦੇ ਵਿਕਾਸ ਵਿੱਚ ਰੁਕਾਵਟ ਪਾ ਸਕਦੀ ਹੈ। ਮਾਪਿਆਂ ਨੂੰ ਵੀ ਬੱਚਿਆਂ ਦੇ ਖਾਣੇ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਕਹਾਣੀ

(ਪੰਜਾਬੀ ਰੂਪ: ਪ੍ਰੋ. ਨਵ ਸੰਗੀਤ ਸਿੰਘ)

ਕਮਲੇਸ਼ ਭਾਰਤੀ

# ਮੈਂ ਆਪਣਾ ਨਾਂ ਬਦਲ ਲਿਆ

ਕਹਿੰਦੇ ਹਨ ਕਿ ਤਬਾਦਲਾ ਹੋਣ ਵਾਲੇ ਆਪਣੇ ਨਵੇਂ ਮੁਕਾਮ 'ਤੇ ਪਿੱਛੋਂ ਪਹੁੰਚਦੇ ਨੇ, ਪਰ ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਬਾਰੇ ਚੰਗੀਆਂ-ਮਾੜੀਆਂ ਗੱਲਾਂ ਹਵਾ ਵਿੱਚ ਤੈਰਦੀਆਂ ਪਹੁੰਚ ਚੁੱਕੀਆਂ ਹੁੰਦੀਆਂ ਨੇ। ਹਾਂ ਜੀ, ਰਮਿੰਦਰ ਨਾਲ ਵੀ ਬਿਲਕੁਲ ਅਜਿਹਾ ਹੀ ਹੋਇਆ ਸੀ। ਤੁਸੀਂ ਜਾਣਦੇ ਨਹੀਂ ? ਮੈਂ ਰਮਿੰਦਰ ਸਿੱਧੂ ਦੀ ਗੱਲ ਕਰ ਰਿਹਾ ਹਾਂ! ਹੁਣ ਯਾਦ ਆਈ ਤੁਹਾਨੂੰ, ਲੰਮੇ ਕੱਦ-ਕਾਠ ਵਾਲੀ, ਗੋਰੀ-ਚਿੱਟੀ ਜਿਹੀ, ਵੱਡੀਆਂ-ਵੱਡੀਆਂ ਅੱਖਾਂ ਵਾਲੀ ਰਮਿੰਦਰ ਦੀ ?

ਉਹ ਸਾਡੇ ਸਕੂਲ ਵਿੱਚ ਤਬਾਦਲਾ ਹੋ ਕੇ ਆਉਣ ਵਾਲੀ ਸੀ ਕਿ ਸਕੂਲ ਵਿੱਚ ਉਹਦੇ ਬਾਰੇ ਚਰਚਾ ਸ਼ੁਰੂ ਹੋ ਚੁੱਕੀ ਸੀ ਅਤੇ ਉਹਦੇ ਬਾਰੇ ਸੁਆਦ ਲੈ ਲੈ ਕੇ ਕਿੱਸੇ ਸੁਣਾਏ ਜਾ ਰਹੇ ਸਨ। ਉਨ੍ਹਾਂ ਹੀ ਦੰਦ-ਕਥਾਵਾਂ ਵਿੱਚੋਂ ਇਹ ਗੱਲ ਸਾਹਮਣੇ ਆਈ ਸੀ ਕਿ ਉਹਦੀ ਵਿਆਹੁਤਾ ਜ਼ਿੰਦਗੀ ਸੁਖੀ ਨਹੀਂ ਹੈ। ਇਸ ਲਈ ਉਹ ਆਪਣੇ ਬੇਟੇ ਰਿੰਕੂ ਨਾਲ ਇਕੱਲੀ ਜੀਵਨ ਸੰਘਰਸ਼ ਵਿੱਚ ਇੱਕ ਇੱਕ ਕਦਮ ਰੱਖ ਰਹੀ ਹੈ।

ਉਂਝ, ਮੈਨੂੰ ਮੁੱਖ ਦਫ਼ਤਰ ਵਿੱਚ ਹੀ ਇੱਕ ਬਜ਼ੁਰਗ ਕਰਮਚਾਰੀ ਨੇ ਸਭ ਕੁਝ ਦੱਸਦਿਆਂ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ ਸੀ, "ਤੁਹਾਡੇ ਸਕੂਲ ਵਿੱਚ ਰਮਿੰਦਰ ਨੂੰ ਭੇਜ ਰਹੇ ਹਾਂ। ਉਹਦੇ ਜੀਵਨ ਵਿੱਚ ਪਹਿਲਾਂ ਹੀ ਜ਼ਹਿਰ ਘੁਲਿਆ ਹੋਇਆ ਹੈ, ਜ਼ਰਾ ਉਸ ਨੂੰ ਆਰਾਮ ਨਾਲ ਦਿਨ ਬਿਤਾਉਣ ਦੇਣਾ। ਮੈਂ ਉਹਨੂੰ ਆਪਣੀ ਬੇਟੀ ਵਾਂਗ ਸਮਝਦਾ ਹਾਂ।"

ਦਰਅਸਲ, ਮੈਂ ਹਾਲਾਤ ਦੇ ਵਹਾਅ ਵਿੱਚ ਇੱਕ ਨੇਤਾ ਬਣ ਚੁੱਕਿਆ ਸਾਂ ਅਤੇ ਮੇਰੇ ਸੰਘਰਸ਼ ਕਰਕੇ ਪ੍ਰਿੰਸੀਪਲ ਨੂੰ ਅਸਤੀਫ਼ਾ ਦੇ ਕੇ ਭੱਜਣ ਤੋਂ ਇਲਾਵਾ ਹੋਰ ਕੋਈ ਰਸਤਾ ਨਜ਼ਰ ਨਹੀਂ ਸੀ ਆਇਆ। ਇਸੇ ਕਾਰਨ ਮੁੱਖ ਦਫ਼ਤਰ ਵਿੱਚ ਮੇਰਾ ਨਾਂ ਇੱਕ ਹਊਆ ਬਣ ਚੁੱਕਿਆ ਸੀ। ਖ਼ੈਰ, ਇਹ ਕਿੱਸਾ ਕਦੇ ਫੇਰ ਸਹੀ। ਮੈਂ ਤਾਂ ਤੁਹਾਨੂੰ ਰਮਿੰਦਰ ਬਾਰੇ ਦੱਸ ਰਿਹਾ ਸੀ!

ਉਸ ਬਜ਼ੁਰਗ ਕਰਮਚਾਰੀ ਦੀ ਹੱਥ ਜੋੜ ਕੇ ਬੇਨਤੀ ਕਰਨ ਵਾਲੀ ਮੁਦਰਾ ਤੋਂ ਮੈਂ ਅੰਦਰ ਤਕ ਭਿੱਜ ਗਿਆ ਅਤੇ ਉਸੇ ਵੇਲੇ ਉਨ੍ਹਾਂ ਦੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ, "ਰਮਿੰਦਰ ਨੂੰ ਮੈਥੋਂ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਤੁਸੀਂ ਉਸ ਨੂੰ ਬੇਫ਼ਿਕਰ ਹੋ ਕੇ ਸਾਡੇ ਸਕੂਲ ਵਿੱਚ ਭੇਜੋ। ਇੱਥੇ ਉਸ ਨੂੰ ਕੋਈ ਤਕਲੀਫ਼ ਨਹੀਂ ਹੋਵੇਗੀ।" ਮੇਰੇ ਵਿਸ਼ਵਾਸ ਨਾਲ ਉਸ ਬਜ਼ੁਰਗ ਕਰਮਚਾਰੀ ਦੀਆਂ ਅੱਖਾਂ ਵਿੱਚ ਸੰਤੋਖ ਸਾਫ਼-ਸਾਫ਼ ਚਮਕਣ ਲੱਗਿਆ ਸੀ।

ਕੁਝ ਇਸ ਤਰ੍ਹਾਂ ਦੇ ਮਾਹੌਲ ਵਿੱਚ ਰਮਿੰਦਰ ਨੇ ਸਕੂਲ ਵਿੱਚ ਡਿਊਟੀ ਜੁਆਇਨ ਕੀਤੀ। ਨਾਲ ਉਹਦਾ ਬੇਟਾ ਰਿੰਕੂ ਅਤੇ ਉਸ ਦੀਆਂ ਸ਼ਰਾਰਤਾਂ ਵੀ ਪਹੁੰਚੀਆਂ। ਰਮਿੰਦਰ ਦੇ ਚਾਚਾ-ਚਾਚੀ ਉਹਦਾ ਸਾਮਾਨ ਛੱਡ ਗਏ। ਇਸ ਤਰ੍ਹਾਂ ਨਵੀਂ ਥਾਂ 'ਤੇ ਆਪਣੇ ਅਤੀਤ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਸੀ ਰਮਿੰਦਰ ਨੇ।

ਨਵਾਂ ਮਾਹੌਲ, ਨਵੇਂ ਚਿਹਰਿਆਂ ਵਿੱਚ ਰਮਿੰਦਰ ਅਤੀਤ ਦੇ ਕਾਲ਼ੇ ਪਰਛਾਵੇਂ ਭੁੱਲ ਕੇ ਹੱਸਣ ਦੀ ਕੋਸ਼ਿਸ਼ ਕਰਨ ਲੱਗੀ। ਮੁੱਢਲੇ ਦਿਨਾਂ ਵਿੱਚ ਸਕੂਲ ਦੀਆਂ ਅਧਿਆਪਕਾਵਾਂ ਨੇ ਉਸ ਨੂੰ ਸਿਰ-ਅੱਖਾਂ 'ਤੇ ਬਿਠਾਇਆ। ਉਨ੍ਹਾਂ ਨਾਲ ਉਹਦੀ ਖ਼ੂਬ ਬਣਨ ਲੱਗੀ। ਸਟਾਫ਼ ਰੂਮ ਵਿੱਚ ਉਸ ਦਾ ਹਾਸਾ ਗੂੰਜਦਾ, ਸਵੈਟਰਾਂ ਦੀਆਂ ਨਵੀਂਆਂ-ਨਵੀਂਆਂ ਬੁਣਤੀਆਂ ਵੀ ਉਹਨੂੰ ਖ਼ੁਸ਼ੀ-ਖ਼ੁਸ਼ੀ ਮਿਲ ਜਾਂਦੀਆਂ।

ਕਦੇ-ਕਦੇ ਬੇਟੇ ਕਰਕੇ ਉਹਦਾ ਮਨ ਪ੍ਰੇਸ਼ਾਨ ਹੋ ਜਾਂਦਾ। ਰਿੰਕੂ ਆਪਣੇ ਇਕਲੌਤੇ ਹੋਣ ਦਾ ਪੂਰਾ ਫ਼ਾਇਦਾ ਉਠਾਉਂਦਾ। ਉਹ ਪ੍ਰਿੰਸੀਪਲ ਦਫ਼ਤਰ ਵਿੱਚ ਬੇਝਿਜਕ ਵੜ ਕੇ ਘੰਟੀ ਵਜਾ ਦਿੰਦਾ। ਚਪੜਾਸੀ ਦੌੜਿਆ ਆਉਂਦਾ ਤਾਂ ਉਹਨੂੰ ਦੰਦ ਕੱਢ ਕੇ ਵਿਖਾ ਦਿੰਦਾ। ਜਦੋਂ ਉਹਦਾ ਜੀਅ ਕਰਦਾ, ਉਹ ਮਰਜ਼ੀ ਨਾਲ ਪੀਰੀਅਡ ਦੀ ਘੰਟੀ ਵਜਾ ਦਿੰਦਾ। ਅਜਿਹੇ ਸਮੇਂ ਸਭ ਕੁਝ ਗੜਬੜ ਹੋ ਜਾਂਦਾ। ਰਮਿੰਦਰ ਉਸ ਦੀਆਂ ਅਜਿਹੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਰੋਣ ਲੱਗਦੀ ਅਤੇ ਰਿੰਕੂ ਆਪਣੇ ਬਾਲਪਨ ਵਾਲੇ ਢੰਗ ਨਾਲ ਮੰਮੀ ਦੇ ਗਲ਼ ਵਿੱਚ ਬਾਹਾਂ ਪਾ ਕੇ ਉਹਨੂੰ ਮਨਾਉਣ ਲੱਗਦਾ ਅਤੇ ਅਧਿਆਪਕਾਵਾਂ ਕਹਿੰਦੀਆਂ- 'ਧੰਨ ਹੈ ਵਿਚਾਰੀ! ਅਜਿਹੇ ਬੇਟੇ ਨਾਲ ਜੀਵਨ ਕੱਟਣ ਦੀ ਸੋਚ ਰਹੀ ਹੈ।'

ਬਜ਼ੁਰਗ ਕਰਮਚਾਰੀ ਨੂੰ ਦਿੱਤੇ ਗਏ ਵਾਅਦੇ ਕਰਕੇ ਵਿੱਚ-ਵਿੱਚ ਉਹਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਮੈਂ ਉਹਦੀ ਮਦਦ ਕਰਦਾ। ਜਿਵੇਂ ਉਹਦੇ ਪੁੱਤਰ ਨੂੰ ਉਹਦੀ ਪਸੰਦ ਦੇ ਚੰਗੇ ਸਕੂਲ ਵਿੱਚ ਦਾਖ਼ਲ ਕਰਵਾਇਆ; ਨੰਬਰ ਬੁੱਕ ਨਾ ਹੋਣ ਦੇ ਬਾਵਜੂਦ ਗੈਸ ਸਿਲੰਡਰ ਭਰਵਾ ਦਿੱਤਾ ਅਤੇ ਉਸ ਪਿੰਡ ਤੋਂ ਸ਼ਹਿਰ ਦੇ ਬੱਸ ਸਟੈਂਡ 'ਤੇ ਮਾਂ ਪੁੱਤ ਨੂੰ ਛੱਡ ਆਇਆ।

ਅਕਸਰ ਰਿੰਕੂ ਮੇਰਾ ਮੋਟਰਸਾਈਕਲ ਦੇਖ ਕੇ ਚਾਂਭਲ ਉੱਠਦਾ। ਪਹਿਲਾਂ ਪਹਿਲ ਰਮਿੰਦਰ ਨੇ ਰਿੰਕੂ ਨੂੰ ਇਕੱਲਿਆਂ ਹੀ ਬਿਠਾਉਂਦੇ ਹੋਏ ਕਿਹਾ, "ਸਰ, ਇਹਨੂੰ ਜ਼ਰਾ ਘੁਮਾ ਲਿਆਓ!" ਪਰ ਇੱਕ ਵਾਰ ਰਿੰਕੂ ਅੜ ਗਿਆ ਕਿ ਮੰਮੀ ਤੋਂ ਬਿਨਾਂ ਨਹੀਂ ਬੈਠੇਗਾ। ਉਸ ਦੀ ਜ਼ਿੱਦ ਮੂਹਰੇ ਰਮਿੰਦਰ ਨੂੰ ਝੁਕਣਾ ਪਿਆ, ਪਰ ਉਸ ਦੀ ਝਿਜਕ ਮੈਥੋਂ ਛੁਪੀ ਨਾ ਰਹੀ, ਇਸ ਤਰ੍ਹਾਂ ਜਿਵੇਂ ਚੋਰੀ ਕਰਦੀ ਹੋਈ ਫੜੀ ਗਈ ਹੋਵੇ। ਰਮਿੰਦਰ ਨੇ ਝਿਜਕ ਕੇ ਕਿਹਾ, "ਸਰ, ਛੋਟਾ ਜਿਹਾ ਪਿੰਡ ਹੈ। ਕਿਸੇ ਦੇ ਮੂੰਹ 'ਤੇ ਅਸੀਂ ਲਗਾਮ ਨਹੀਂ ਲਾ ਸਕਦੇ ਨਾ! ਬਟ...ਅ...ਅ... ਰਿੰਕੂ ਦੀ ਜ਼ਿੱਦ ਜੋ ਠਹਿਰੀ ਅਤੇ ਮੇਰੀ ਜਾਨ ਦੀ ਮੁਸੀਬਤ।"

ਗੱਲਾਂ-ਗੱਲਾਂ ਵਿੱਚ ਰਮਿੰਦਰ ਵੱਲੋਂ ਇਸ ਤਰ੍ਹਾਂ ਬਟ...ਅ... 'ਤੇ ਲਿਆ ਕੇ ਗੱਲ ਨੂੰ ਅਧੂਰੇ ਪਰ ਦਿਲਚਸਪ, ਨਾਲ ਹੀ ਡੂੰਘੇ ਮੋੜ 'ਤੇ ਲਿਆ ਕੇ ਛੱਡ ਦੇਣਾ ਬੜਾ ਚੰਗਾ ਲੱਗਦਾ। ਜਿਵੇਂ ਉਹ ਅਕਸਰ ਕਹਿੰਦੀ, "ਸਰ, ਤੁਹਾਡੇ ਬਾਰੇ ਜਿੰਨਾ ਕੁਝ ਸੁਣਿਆ ਸੀ ਉਸ ਤੋਂ, ਸੱਚ ਪੁੱਛੋ, ਤਾਂ ਤੁਹਾਡੀ ਸ਼ਖ਼ਸੀਅਤ ਇੱਕ ਬਹੁਤ ਬੁਰੇ ਆਦਮੀ ਦੇ ਰੂਪ ਵਿੱਚ, ਯਾਨੀ ਖਲਨਾਇਕ ਦੀ ਦਿੱਖ ਉੱਭਰਦੀ ਸੀ। ਬਟ...ਅ... ਤੁਸੀਂ ਤਾਂ..." ਇੰਨਾ ਕਹਿੰਦੇ ਹੀ ਉਹਦੀਆਂ ਗੱਲ੍ਹਾਂ 'ਤੇ ਹਾਸੇ ਨਾਲ ਟੋਏ ਦਿਖਾਈ ਦੇਣ ਲੱਗਦੇ ਅਤੇ ਮੈਂ ਸੋਚਣ ਲੱਗਦਾ, "ਆਖ਼ਰ ਇਸ ਦਾ ਵਿਆਹੁਤਾ ਜੀਵਨ ਕਿਉਂ ਤਿੜਕ ਗਿਆ।"

ਕਦੇ-ਕਦੇ ਮਨ ਵਿੱਚ ਆਉਂਦਾ ਕਿ ਉਹਦੇ ਮੂੰਹੋਂ ਉਹਦੀ ਰਾਮ ਕਹਾਣੀ ਸੁਣਾਂ, ਪਰ ਉਸੇ ਦੇ ਲਹਿਜ਼ੇ ਵਿੱਚ ਬਟ...ਅ... ਮੈਂ ਉਹਦਾ ਹਾਸਾ ਖੋਹਣਾ ਨਹੀਂ ਸੀ ਚਾਹੁੰਦਾ। ਇਹ ਜਾਣਦਿਆਂ ਵੀ ਕਿ ਇਹ ਹਾਸਾ ਦਿਖਾਵੇ ਦਾ ਹਾਸਾ ਹੈ। ਦਿਨ ਦਾ ਹਾਸਾ ਹੈ... ਰਾਤ ਦੇ ਹਨੇਰੇ ਇਕਾਂਤ ਵਿੱਚ ਉਹ ਆਪਣੇ ਅਤੀਤ ਨੂੰ ਲੈ ਕੇ ਹੰਝੂ ਵਹਾਉਂਦੀ ਹੋਵੇਗੀ ਅਤੇ ਸੁੰਨਸਾਨ ਜੰਗਲ ਤੋਂ ਘਨਘੋਰ ਇਕਾਂਤ ਵਾਲੇ ਭਿਆਨਕ ਵਰਤਮਾਨ ਨੂੰ ਵੇਖ ਕੇ ਸਹਿਮ ਜਾਂਦੀ ਹੋਵੇਗੀ। ਅਜਿਹੀ ਹਾਲਤ ਵਿੱਚ ਆਪਣੇ ਜੀਵਨ ਦੇ ਇਕਲੌਤੇ ਸਹਾਰੇ ਰਿੰਕੂ ਦੀ ਹਰ ਜ਼ਿੱਦ ਅੱਗੇ ਝੁਕ ਜਾਂਦੀ ਸੀ।



ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਰਿੰਕੂ ਦੀ ਜ਼ਿੱਦ ਸਾਹਮਣੇ ਪੂਰੀ ਤਰ੍ਹਾਂ ਗੋਡੇ ਟੇਕਦਿਆਂ ਉਹਨੇ ਨਾ ਚਾਹੁੰਦਿਆਂ ਵੀ ਉਸ ਦਾ ਜਨਮ ਦਿਨ ਮਨਾਇਆ ਸੀ। ਰਿੰਕੂ ਜ਼ਿੱਦ ਫੜ ਬੈਠਾ ਸੀ ਧੂਮਧਾਮ ਨਾਲ ਆਪਣਾ ਜਨਮ ਦਿਨ ਮਨਾਉਣ ਲਈ। ਅਤੇ ਰਮਿੰਦਰ ਕਿਤੇ ਅਤੀਤ ਵਿੱਚ ਗੁਆਚ ਗਈ ਸੀ... ਜਦੋਂ ਉਹਦਾ ਜਨਮ ਹੋਇਆ ਹੋਵੇਗਾ... ਉਦੋਂ ਪਿਤਾ ਨੇ ਪਿਆਰ ਨਾਲ ਉਹਨੂੰ ਗੋਦੀ ਵਿੱਚ ਲੈ ਕੇ ਮੱਥਾ ਚੁੰਮਿਆ ਹੋਵੇਗਾ। ਬਟ...ਅ... ਉਹ ਤਾਂ ਅਤੀਤ ਦਾ ਕੋਈ ਸੁਨਹਿਰਾ, ਖੁਸ਼ਨੁਮਾ ਦਿਨ ਸੀ ਸ਼ਾਇਦ... ਹੁਣ ਤਾਂ ਉਹਦੇ ਸਾਹਮਣੇ ਧੁੰਦਲਾ ਜੀਵਨ ਸੀ।

ਰਿੰਕੂ ਸਾਹਮਣੇ ਪੂਰੀ ਤਰ੍ਹਾਂ ਹਾਰਦਿਆਂ ਰਮਿੰਦਰ ਨੇ ਜਨਮ ਦਿਨ ਮਨਾਉਣ ਦਾ ਐਲਾਨ ਕੀਤਾ ਸੀ। ਕੁਝ-ਕੁ ਅਧਿਆਪਕਾਵਾਂ ਨੂੰ ਉਹਨੇ ਸੱਦਿਆ ਵੀ ਸੀ, ਮੈਨੂੰ ਵੀ, ਅਤੇ ਆਪਣੇ ਉਨ੍ਹਾਂ ਚਾਚਾ ਚਾਚੀ ਨੂੰ ਵੀ ਜੋ ਉਸ ਨੂੰ ਜੁਆਇਨ ਕਰਵਾਉਣ ਆਏ ਸਨ। ਚਾਚਾ ਜੀ ਕੈਮਰੇ ਵਿੱਚ ਰੰਗੀਨ ਰੀਲ੍ਹ ਪਾ ਕੇ ਲਿਆਏ ਸਨ। ਰਮਿੰਦਰ ਨੇ ਕੇਕ ਬਣਵਾ ਲਿਆ ਸੀ। ਉਸ ਦਿਨ ਚਾਚੇ ਨੇ ਜਦੋਂ ਰਿੰਕੂ ਦੇ ਹੱਥ ਵਿੱਚ ਛੁਰੀ ਫੜਾ ਕੇ ਕੇਕ ਕਟਵਾਉਣ 'ਚ ਮਦਦ ਕੀਤੀ ਸੀ, ਉਦੋਂ ਕਿਤੋਂ ਅਲਮਾਰੀ ਵਿੱਚ ਬੰਦ ਐਲਬਮ ਦੀ ਕੋਈ ਫੋਟੋ ਉਸ ਦੀਆਂ ਅੱਖਾਂ ਮੂਹਰੇ ਸਾਕਾਰ ਹੋ ਉੱਠੀ ਸੀ। ਜਦੋਂ ਰਿੰਕੂ ਦੇ ਪਿਤਾ ਨੇ ਪਹਿਲੇ ਜਨਮ ਦਿਨ ਦਾ ਕੇਕ ਕਟਵਾਇਆ ਸੀ। ਹੋ-ਹੱਲੇ ਵਿੱਚ 'ਹੈਪੀ ਬਰਥਡੇ' ਦੌਰਾਨ ਸ਼ਰਾਬ ਦੀ ਬੋਤਲ ਖੁੱਲ੍ਹ ਗਈ ਸੀ ਅਤੇ ਇੱਥੋਂ ਹੀ ਸ਼ੁਰੂਆਤ ਹੋਈ ਸੀ ਟੁੱਟਣ ਦੀ।

ਜਨਮ ਦਿਨ ਦੀ ਮਹਿਫ਼ਿਲ ਖ਼ਤਮ ਹੋਣ 'ਤੇ ਜਦੋਂ ਮੈਂ ਰਮਿੰਦਰ ਤੋਂ ਵਿਦਾ ਲੈਣ ਗਿਆ ਤਾਂ ਉਸ ਨੇ ਨਮ ਅੱਖਾਂ ਨਾਲ ਹੌਲੀ ਜਿਹੀ ਕਿਹਾ ਸੀ, "ਬੇਟੇ ਦੀ ਖ਼ੁਸ਼ੀ ਲਈ ਤੁਹਾਨੂੰ ਤਕਲੀਫ਼ ਦਿੱਤੀ..."

"ਅਤੇ ਮਾਂ ਦੀ ਖ਼ੁਸ਼ੀ ?"

"ਨਹੀਂ, ਨਹੀਂ, ਸਰ... ਮਾਂ ਤਾਂ ਬੇਟੇ ਦੀ ਖ਼ੁਸ਼ੀ ਵਿੱਚ ਹੀ ਖ਼ੁਸ਼ ਹੈ।"

"ਮਾਂ ਬਣਨ ਤੋਂ ਪਹਿਲਾਂ ਉਹ ਰਮਿੰਦਰ ਵੀ ਤਾਂ ਹੈ।"

"ਬਟ...ਅ... ਸਰ... ਉਹ ਤਾਂ ਰਿੰਕੂ ਲਈ ਮਰ ਗਈ।"

"ਨਹੀਂ, ਝੂਠ ਕਹਿੰਦੀ ਏਂ... ਰਮਿੰਦਰ ਨੂੰ ਤੂੰ ਮਨ ਦੇ ਕਿਸੇ ਕੋਨੇ ਵਿੱਚ ਕੈਦ ਕਰ ਰੱਖਿਆ ਹੈ। ਜਿਸ ਦਿਨ ਉਸ ਨੇ ਵਿਦਰੋਹ ਕਰ ਦਿੱਤਾ, ਉਦੋਂ ਵੇਖੀਂ...।"

"ਉਦੋਂ ਦੀ ਉਦੋਂ ਵੇਖੀ ਜਾਵੇਗੀ, ਸਰ।"

ਅਤੇ ਉਹ ਖਿੜਖਿੜਾ ਉੱਠੀ।

ਸਮਾਂ ਬੀਤਦਾ ਗਿਆ। ਸਮੇਂ ਦੇ ਨਾਲ-ਨਾਲ ਚੀਜ਼ਾਂ ਵੀ ਬਦਲਦੀਆਂ ਗਈਆਂ। ਰਮਿੰਦਰ ਦੀ ਨਿਯੁਕਤੀ ਕਿਸੇ ਸਰਕਾਰੀ ਸਕੂਲ ਵਿੱਚ ਹੋ ਗਈ ਅਤੇ ਉਹ ਆਪਣੀ ਅਧੂਰੀ ਦਰਦ-ਕਹਾਣੀ ਸਮੇਟ ਕੇ ਚੁੱਪਚਾਪ ਚਲੀ ਗਈ। ਸੰਜੋਗਵੱਸ ਮੈਂ ਵੀ ਕਿਸੇ ਅਖ਼ਬਾਰ ਦੇ ਸੰਪਾਦਕੀ ਵਿਭਾਗ ਵਿੱਚ ਚੁਣੇ ਜਾਣ ਪਿੱਛੋਂ ਅਧਿਆਪਨ ਖੇਤਰ ਨੂੰ ਅਲਵਿਦਾ ਕਹਿ ਕੇ ਨਵੇਂ ਖੇਤਰ ਵਿੱਚ ਆ ਗਿਆ।

ਨਵਾਂ ਖੇਤਰ, ਨਵੀਂ ਥਾਂ, ਨਵੇਂ ਕੰਮ ਵਿੱਚ ਕਦੇ-ਕਦੇ ਪੁਰਾਣੇ ਖੇਤਰ, ਪੁਰਾਣੀ ਥਾਂ, ਪੁਰਾਣੇ ਕੰਮ ਦੇ ਸਹਿਕਰਮੀਆਂ ਦੀ ਯਾਦ ਆ ਹੀ ਜਾਂਦੀ। ਉਨ੍ਹਾਂ ਵਿੱਚ ਰਮਿੰਦਰ ਦਾ ਚਿਹਰਾ ਵੀ ਉੱਭਰ ਆਉਂਦਾ...ਬਟ...ਅ... ਸਾਹਮਣੇ ਤਾਂ ਬੇਕਾਰ ਜਿਹੀਆਂ ਖ਼ਬਰਾਂ ਘੂਰਦੀਆਂ ਰਹਿੰਦੀਆਂ ਜਾਂ ਟੈਲੀਪ੍ਰਿੰਟਰ ਚਲਦੇ ਰਹਿੰਦੇ... ਕਦੇ ਕੋਈ ਬੱਚਾ ਮੋਟਰਸਾਈਕਲ 'ਤੇ ਘੁਮਾਉਣ ਦੀ ਜ਼ਿੱਦ ਕਰਦਾ ਤਾਂ ਰਿੰਕੂ ਦੀਆਂ ਸ਼ਰਾਰਤਾਂ ਯਾਦ ਆ ਜਾਂਦੀਆਂ।

ਇਕ ਦਿਨ ਦਫ਼ਤਰ ਵਿੱਚ ਬੈਠਾ ਖ਼ਬਰਾਂ ਦੀ ਮੁਰੰਮਤ ਕਰ ਰਿਹਾ ਸਾਂ ਕਿ ਰਿਸੈਪਸ਼ਨ ਤੋਂ ਫੋਨ ਆਇਆ ਕਿ ਕੋਈ ਮਿਸਿਜ਼ ਗਰੇਵਾਲ ਮਿਲਣ ਆਏ ਹਨ।

"ਮਿਸਿਜ਼ ਗਰੇਵਾਲ ? ਕੌਣ ਮਿਸਿਜ਼ ਗਰੇਵਾਲ ?"

"ਲਓ, ਫੋਨ 'ਤੇ ਆਪ ਹੀ ਪੁੱਛ ਲਓ।"

"ਹੈਲੋ ? ਕੌਣ ਮਿਸਿਜ਼ ਗਰੇਵਾਲ ?"

"ਸਰ, ਤੁਸੀਂ ਮੈਨੂੰ ਪਛਾਣਿਆ ਨਹੀਂ ਨਾ! ਬਟ...ਅ... ਪਛਾਣਦੇ ਵੀ ਕਿਵੇਂ ? ਮੈਂ ਰਮਿੰਦਰ ਹਾਂ... ਰਮਿੰਦਰ ਕੌਰ ਸਿੱਧੂ, ਹੁਣ ਤਾਂ ਪਛਾਣ ਲਿਆ ਨਾ!"

"ਓ ਹਾਂ, ਇਉਂ ਕਰੋ, ਰਿਸੈਪਸ਼ਨ 'ਤੇ ਮੇਰੀ ਉਡੀਕ ਕਰੋ, ਮੈਂ ਉੱਥੇ ਹੀ ਆਉਂਦਾ ਹਾਂ।"

ਰਿਸੈਪਸ਼ਨ 'ਤੇ ਰਮਿੰਦਰ ਨੂੰ ਵੇਖਦਿਆਂ ਮੈਂ ਹੈਰਾਨ ਰਹਿ ਗਿਆ। ਮੇਰੀ ਹੈਰਾਨੀ ਨੂੰ ਭਾਂਪਦਿਆਂ ਰਮਿੰਦਰ ਨੇ ਹੀ ਸ਼ੁਰੂਆਤ ਕੀਤੀ, "ਸਰ! ਇਉਂ ਕੀ ਵੇਖ ਰਹੇ ਹੋ ? ਮੈਂ ਦੂਜੀ ਸ਼ਾਦੀ ਕਰ ਲਈ ਹੈ। ਇਸ ਲਈ ਤੁਸੀਂ ਮਿਸਿਜ਼ ਗਰੇਵਾਲ ਨੂੰ ਪਛਾਣ ਨਹੀਂ ਸਕੇ!"

"ਕਿਉਂ, ਕਦੋਂ ?" ਮੇਰੇ ਮੂੰਹੋਂ ਅਚਾਨਕ ਇਹ ਸ਼ਬਦ ਉੱਛਲ ਕੇ ਉਹਦੇ ਵੱਲ ਜਾ ਡਿੱਗੇ... ਕਿਸੇ ਜ਼ਖ਼ਮੀ ਪੰਛੀ ਦੇ ਟੁੱਟੇ ਖੰਭਾਂ ਵਾਂਗ।

"ਸਰ! ਕਿਸੇ ਔਰਤ ਨੂੰ ਕਈ ਵਾਰ, ਖ਼ਾਸ ਕਰਕੇ ਇਕੱਲੀ ਔਰਤ ਨੂੰ ਮਰਦ ਤਾਂ ਜੀਅ ਲੈਣ ਦਿੰਦੇ ਨੇ, ਬਟ...ਅ... ਔਰਤਾਂ ਹੀ ਉਹਦਾ ਜਿਉਣਾ ਦੁੱਭਰ ਕਰ ਦਿੰਦੀਆਂ ਹਨ।"

"ਮੈਂ ਸਮਝਿਆ ਨਹੀਂ।"

"ਸਰ! ਜਦੋਂ ਤਕ ਤੁਹਾਡੇ ਸਕੂਲ ਵਿੱਚ ਰਹੀ, ਉਦੋਂ ਤੁਸੀਂ ਇੱਕ ਵਾਰ ਵੀ ਮੇਰੇ ਅਤੀਤ ਵਿੱਚ ਨਹੀਂ ਝਾਕਿਆ ਪਰ... ਸਾਥੀ ਅਧਿਆਪਕਾਵਾਂ ਨੇ ਮੇਰੇ ਸਾਰੇ ਦੱਬੇ ਮੁਰਦੇ ਉਖਾੜ ਸੁੱਟੇ। ਤਾਅਨੇ ਦਿੱਤੇ ਕਿ ਏਨੀ ਹੀ ਧੋਤੀ ਅਤੇ ਸਾਫ਼-ਸੁਥਰੀ ਹੁੰਦੀ ਤਾਂ ਪਤੀ ਦੇ ਘਰ ਨਾ ਹੁੰਦੀ! ਹੁਣ ਪਾਕ-ਸਾਫ਼ ਹੋਣ ਦਾ ਇਹ ਕਿਹੜਾ ਪੈਮਾਨਾ ਹੋਇਆ ? ਖ਼ੁਦ ਕ੍ਰਿਸ਼ਨਾ ਅਤੇ ਚਰਨਜੀਤ ਵਿਆਹੀਆਂ-ਵਰੀਆਂ ਸਨ ਅਤੇ ਪਤੀਆਂ ਨਾਲ ਰਹਿੰਦੀਆਂ ਵੀ ਬਾਹਰ ਕੀ ਸੁਆਹ-ਖੇਹ ਉਡਾਉਂਦੀਆਂ ਸਨ! ਹੁਣ ਤੁਸੀਂ ਹੀ ਦੱਸੋ ਸਰ, ਕਿ ਇੱਕ ਪੜ੍ਹੀ- ਲਿਖੀ ਔਰਤ ਕਿਸੇ ਜਾਨਵਰ ਵਰਗੇ ਆਦਮੀ ਨਾਲ, ਹਰ ਜ਼ੁਲਮ ਸਹਾਰਦਿਆਂ ਜ਼ਿੰਦਗੀ ਗੁਜ਼ਾਰ ਦੇਵੇ ? ਜ਼ਿੰਦਗੀ ਬਰਬਾਦ ਕਰ ਦੇਵੇ- ਇਹ ਕਿਵੇਂ ਹੋ ਸਕਦਾ ਹੈ ? ਬਸ ਸਰ!

(**ਬਾਕੀ ਸਫ਼ਾ** 31 'ਤੇ)

ਮਿੰਨੀ ਕਹਾਣੀ

## ਕੋਟਲਾ ਛਪਾਕੀ

ਸ਼ਾਮ ਦਾ ਵੇਲਾ ਸੀ। ਪਿੰਡ ਦੇ ਦਰਵਾਜ਼ੇ ਅੱਗੇ ਬੱਚੇ ਇੱਕਠੇ ਹੋ ਰਹੇ ਸਨ। ਰੋਜ਼ ਵਾਂਗ ਉਹ ਅੱਜ ਵੀ ਖੇਡਣਾ ਚਾਹੁੰਦੇ ਸਨ। ਮੁੰਡੇ ਤੇ ਕੁੜੀਆਂ ਹੱਸ-ਹੱਸ ਗੱਲਾਂ ਕਰਨ ਲੱਗ ਪਏ। ਕੋਈ ਕਹਿਣ ਲੱਗਾ, ਆਉ ਭੰਡਾ-ਭੰਡਾਰੀਆ ਖੇਡੀਏ। ਕੋਈ ਕਹਿੰਦਾ, ਆਉ ਲੁਕਣ-ਮੀਚੀ ਖੇਡੀਏ। ਕੁੜੀਆਂ ਕਹਿਣ ਲੱਗੀਆਂ, ਨਹੀਂ ਨਹੀਂ, ਸਮੁੰਦਰ ਤੇ ਮੱਛੀ। ਭੋਲੂ ਕਹਿਣ ਲੱਗਾ, ਡੂੰਮਣਾ ਮਖਿਆਲ ਖੇਡ ਲਵੋ।

ਜੀਤੀ ਸਭ ਨੂੰ ਚੁੱਪ ਕਰਾਉਂਦੀ ਬੋਲੀ, ਨਹੀਂ ਬਈ, ਅੱਜ ਤਾਂ ਕੋਟਲਾ-ਛਪਾਕੀ ਖੇਡਾਂਗੇ। ਸਾਰੇ ਉਸ ਵੱਲ ਵੇਖਣ ਲੱਗ ਪਏ।

ਭੋਲੂ, ਦੀਪੀ, ਲੱਖੀ, ਕੁੱਕੀ, ਘੋਲਾ, ਪੰਮੀ ਤੇ ਬਾਕੀ ਸਾਰੇ ਕਹਿਣ ਲੱਗੇ, ਹਾਂ ਬਈ ਹਾਂ। ਅੱਜ ਤਾਂ -ਛਪਾਕੀ ਹੀ ਖੇਡਾਂਗੇ।

ਜੀਤੀ ਖੁਸ਼ ਹੋ ਗਈ ਤੇ ਕਹਿਣ ਲੱਗੀ, ਆਉ, ਪਹਿਲਾਂ ਦਾਈ ਪੁੱਗ ਲਈਏ।

ਸਾਰੇ ਜਣੇ ਗੋਲ-ਚੱਕਰ ਬਣਾ ਕੇ ਖੇਡੋ ਗੇ। ਜੀਤੀ ਆਪਣੇ ਆਪ ਤੋਂ ਸ਼ੁਰੂ ਕਰਕੇ ਸਾਰਿਆਂ ਨੂੰ ਇੰਞ ਗਿਣਨ ਲੱਗੀ:

ਈਂਗਣ ਮੀਂਗਣ ਤਲੀ ਤਲੀਂਗਣ ਕਾਲਾ-ਪੀਲਾ ਡੱਕਰਾ।

ਗੁੜ ਖਾਵਾਂ ਵੇਲ ਵਧਾਵਾਂ ਮੂਲੀ ਪੱਤਰਾ।

ਪੱਤਰਾਂ ਵਾਲੇ ਘੋੜੇ ਆਏ ਹੱਥ ਕਨਾਲੀ, ਪੈਰ ਕਨਾਲੀ।

ਨਿੱਕਲ ਬਾਲਿਆ ਤੇਰੀ ਵਾਰੀ।

ਦਾਈ ਲੱਖੀ ਦੇ ਸਿਰ ਆਈ। ਜੀਤੀ ਨੇ ਆਪਣੀ ਚੁੰਨੀ ਨੂੰ ਵਟਾ ਦੇ ਕੇ ਕੋਟਲਾ ਬਣਾਇਆ ਤੇ ਲੱਖੀ ਨੂੰ ਦੇ ਦਿੱਤਾ। ਬੱਚੇ ਤਾੜੀਆਂ ਮਾਰਦੇ ਇੱਕ ਗੋਲ-ਘੇਰੇ ਵਿੱਚ ਧਰਤੀ ਉੱਤੇ ਬੈਠ ਗਏ। ਸਾਰੇ ਖਿਡਾਰੀ ਘੇਰੇ ਦੇ ਅੰਦਰ ਵੱਲ ਮੂੰਹ ਕਰ ਕੇ ਪੈਰਾਂ ਭਾਰ ਬੈਠ ਗਏ। ਲੱਖੀ ਕੋਟਲਾ ਹੱਥ ਵਿੱਚ ਫੜ ਕੇ, ਆਪਣੀ ਦਾਈ ਦੇਣ ਲੱਗ ਪਿਆ। ਉਸ ਨੇ ਕੋਟਲਾ ਆਪਣੇ ਝੱਗੇ (ਕਮੀਜ਼) ਥੱਲੇ ਲੁਕਾ ਲਿਆ ਤੇ ਫਿਰ ਉਹ ਘੇਰੇ ਦੇ ਆਲੇ-ਦੁਆਲੇ ਘੁੰਮਣ ਲੱਗਾ। ਸਾਰੇ ਬੱਚੇ ਪਿੱਠਾਂ ਕਰੀ ਚੁਕੰਨੇ ਹੋਏ ਬੈਠੇ ਸਨ।

ਲੱਖੀ ਗੋਲ-ਚੱਕਰ ਦੇ ਚੱਕਰ ਕੱਟਦਾ ਹੋਇਆ ਗਾਉਂਦਾ ਹੈ:

ਕੋਟਲਾ-ਛਪਾਕੀ ਜੁਮੇਰਾਤ ਆਈ ਏ।

ਗੋਲ-ਘੇਰੇ ਵਿੱਚ ਬੈਠੇ ਸਾਰੇ ਬੱਚੇ ਅੱਗੋਂ ਉੱਤਰ ਦਿੰਦੇ:

ਜਿਹੜਾ ਅੱਗੇ-ਪਿੱਛੇ ਦੇਖੇ, ਉਹਦੀ ਸ਼ਾਮਤ ਆਈ ਏ।

ਲੱਖੀ ਨੇ ਗਾਉਂਦੇ-ਗਾਉਂਦੇ ਈ ਚੱਕਰ ਲਾਏ। ਬੈਠੇ ਬੱਚੇ ਘੁਸਰ-ਮੁਸਰ ਕਰਨ ਲੱਗੇ। ਲੱਖੀ ਨੇ ਅਛੋਪਲੇ ਜਿਹੇ ਕੋਟਲਾ ਪੰਮੀ ਪਿੱਛੇ ਰੱਖ ਦਿੱਤਾ। ਪੰਮੀ ਨੂੰ ਪਤਾ ਨਾ ਲੱਗਾ। ਲੱਖੀ ਨੇ ਚੱਕਰ ਪੂਰਾ ਕਰਕੇ ਪੰਮੀ ਦੇ ਪਿੱਛੋਂ ਕੋਟਲਾ ਚੁੱਕਿਆ ਤੇ ਉਸ ਦੀ ਪਿੱਠ ਉੱਤੇ ਮਾਰਨਾ ਸ਼ੁਰੂ ਕਰ ਦਿੱਤਾ। ਪੰਮੀ ਝੱਟ ਉੱਠ ਦੌੜੀ ਤੇ ਘੇਰੇ ਦੇ ਆਲੇ-ਦੁਆਲੇ ਚੱਕਰ ਕੱਟਣ ਲੱਗੀ। ਸਾਰੇ ਬੱਚੇ ਹੱਸਣ ਲੱਗੇ। ਅੱਗੇ-ਅੱਗੇ ਪੰਮੀ ਤੇ ਪਿੱਛੇ-ਪਿੱਛੇ ਲੱਖੀ। ਪੰਮੀ ਨੂੰ ਕਈ ਕੋਟਲੇ ਖਾਣੇ ਪਏ। ਆਖ਼ਰ ਉਸ ਨੇ ਆਪਣੀ ਥਾਂ ਮੱਲ ਲਈ।

ਲੱਖੀ ਕੋਟਲਾ ਲੈ ਕੇ ਫੇਰ ਦਾਈ ਦੇਣ ਲੱਗਾ ਤੇ ਗਾਉਣ ਲੱਗਾ। ਇਸ ਵਾਰੀ ਉਸ ਨੇ ਕੋਟਲਾ ਭੋਲੂ ਪਿੱਛੇ ਰੱਖ ਦਿੱਤਾ। ਅਜੇ ਲੱਖੀ ਤੇਜ਼ ਦੋੜਨ ਹੀ ਲੱਗਾ ਸੀ ਕਿ ਭੋਲੂ ਨੂੰ ਝੱਟ ਪਤਾ ਲੱਗ ਗਿਆ। ਉਹ ਕੋਟਲਾ ਚੁੱਕ ਕੇ ਲੱਖੀ ਦੇ ਪਿੱਛੇ ਦੌੜ ਪਿਆ। ਦੋ, ਤਿੰਨ ਕੋਟਲੇ ਲੱਖੀ ਦੀ ਪਿੱਠ ਉੱਤੇ ਪਏ। ਸਾਰੇ ਖ਼ੂਬ ਹੱਸ-ਹੱਸ ਰੌਲਾ ਪਾ ਰਹੇ ਸਨ। ਲੱਖੀ ਨੇ ਚੱਕਰ ਕੱਟ ਕੇ ਭੋਲੂ ਵਾਲੀ ਥਾਂ ਮੱਲ ਲਈ ਤੇ ਨਿੱਚਲਾ ਹੋ ਕੇ ਬੈਠ ਗਿਆ।

ਹੁਣ ਭੋਲੂ ਕੋਟਲਾ ਲੈ ਕੇ ਦਾਈ ਦੇਣ ਲੱਗਾ। ਸਾਰੇ ਚੌਕਸ ਹੋ ਗਏ। ਹਰ ਕੋਈ ਟੇਢਾ ਵੇਖ ਕੇ ਆਪਣੇ ਪਿੱਛੇ ਕੋਟਲੇ ਦੀ ਦਾਈ ਦੇਣ ਦੀ ਉਡੀਕ ਕਰਨ ਲੱਗਾ।

ਭੋਲੂ ਚੱਕਰ ਲਾ ਰਿਹਾ ਸੀ ਤੇ ਗਾ ਰਿਹਾ ਸੀ,

ਕੋਟਲਾ ਛਪਾਕੀ ਜੁਮੇਰਾਤ ਆਈ ਏ।

ਅੱਗੋਂ ਸਾਰੇ ਬੱਚੇ ਉੱਚੀ-ਉੱਚੀ ਬੋਲਦੇ:

ਜਿਹੜਾ ਅੱਗੇ-ਪਿੱਛੇ ਦੇਖੇ, ਉਹਦੀ ਸ਼ਾਮਤ ਆਈ ਏ।

ਭੋਲੂ ਚਾਹੁੰਦਾ ਸੀ ਕਿ ਉਹ ਜਿਸ ਪਿੱਛੇ ਕੋਟਲਾ ਰੱਖੇ ਉਸ ਦਾ ਕਿਸੇ ਨੂੰ ਪਤਾ ਨਾ ਲੱਗੇ। ਇੰਞ ਉਸ ਨੇ ਗਾਉਂਦੇ-ਗਾਉਂਦੇ ਈ ਚੱਕਰ ਲਾਏ ਤੇ ਖੇਡ ਮਘਦੀ ਰਹੀ। ਇਸ ਵਾਰੀ ਕੋਟਲਾ ਜੀਤੀ ਪਿੱਛੇ ਪਿਆ ਸੀ। ਜੀਤੀ ਨੂੰ ਝਟ ਪਤਾ ਲੱਗ ਗਿਆ। ਉਹ ਕੋਟਲਾ ਚੁੱਕ ਕੇ ਤੇਜ਼ ਦੌੜੀ। ਅੱਗੇ-ਅੱਗੇ ਭੋਲੂ ਤੇ ਪਿੱਛੇ-ਪਿੱਛੇ ਜੀਤੀ। ਸਾਰੇ ਹੱਸ-ਹੱਸ ਰੌਲਾ ਪਾ ਰਹੇ ਸਨ। ਕੋਟਲਾ ਖਾਣ ਤੋਂ ਪਹਿਲਾਂ ਹੀ ਭੋਲੂ ਚੱਕਰ ਕੱਟ ਕੇ, ਜੀਤੀ ਦੀ ਥਾਂ ਉੱਤੇ ਆ ਬੈਠਾ।

ਹੁਣ ਜੀਤੀ ਮੁੜ ਦਾਈ ਦੇਣ ਲੱਗੀ ਤੇ ਚੱਕਰ ਲਾਉਣ ਲੱਗੀ। ਕਦੇ ਹੌਲੀ ਤੇ ਕਦੇ ਤੇਜ਼ ਦੌੜਦੀ ਹੋਈ ਜੀਤੀ ਗਾਉਣ ਲੱਗੀ:

ਕੋਟਲਾ ਛਪਾਕੀ ਜੁਮੇਰਾਤ ਆਈ ਏ।

ਅੱਗੋਂ ਸਾਰੇ ਬੱਚੇ ਉੱਚੀ-ਉੱਚੀ ਬੋਲ ਕੇ ਜਵਾਬ ਦਿੰਦੇ:

ਜਿਹੜਾ ਅੱਗੇ-ਪਿੱਛੇ ਦੇਖੇ, ਉਹਦੀ ਸ਼ਾਮਤ ਆਈ ਏ।

ਹਰ ਕੋਈ ਆਪਣੀ ਦਾਈ ਦੀ ਤਾਕ ਵਿੱਚ ਸੀ। ਇੰਞ ਖੇਡ ਚੱਲਦੀ ਰਹੀ ਤੇ ਬੱਚੇ ਅਨੰਦ ਮਾਣਦੇ ਰਹੇ।



# ਮੇਰੀ ਕਲਮ



## ਚੱਲ ਪਾਤਰ ਹੁਣ ਢੂੰਡਣ ਚੱਲੀਏ

**ਸੁਰਜੀਤ ਪਾਤਰ**

ਚੱਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਹੋਈਆਂ ਥਾਂਵਾਂ
ਕਿੱਥੇ ਕਿੱਥੇ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ

ਗੱਡੀ ਚੜ੍ਹਨ ਦੀ ਕਾਹਲ ਬੜੀ ਸੀ ਕੀ ਕੁਝ ਰਹਿ ਗਿਆ ਓਥੇ
ਪਲਾਂ ਛਿਣਾਂ ਵਿੱਚ ਛੱਡ ਆਏ ਸਾਂ ਜੁਗਾਂ ਜੁਗਾਂ ਦੀਆਂ ਥਾਂਵਾਂ

ਅੱਧੀ ਰਾਤ ਹੋਏਗੀ ਮੇਰੇ ਪਿੰਡ ਉਤੇ ਇਸ ਵੇਲੇ
ਜਾਗਦੀਆਂ ਹੋਵਣਗੀਆਂ ਸੁੱਤਿਆਂ ਪੁਤਰਾਂ ਲਾਗੇ ਮਾਂਵਾਂ

ਮਾਰੂਥਲ 'ਚੋਂ ਭੱਜ ਆਇਆ ਮੈਂ ਆਪਣੇ ਪੈਰ ਬਚਾ ਕੇ
ਪਰ ਓਥੇ ਰਹਿ ਗਈਆਂ ਜੋ ਸਨ ਮੇਰੀ ਖਾਤਰ ਰਾਹਵਾਂ

ਮੇਰੇ ਲਈ ਜੋ ਤੀਰ ਬਣੇ ਸਨ ਹੋਰ ਕਲੇਜੇ ਲੱਗੇ
ਕਿੰਝ ਸਾਹਿਬਾਂ ਨੂੰ ਆਪਣੀ ਆਖਾਂ ਕਿਉਂ ਮਿਰਜ਼ਾ ਸਦਵਾਵਾਂ

ਮੈਂ ਸਾਗਰ ਦੇ ਕੰਢੇ ਬੈਠਾਂ ਕੋਰੇ ਕਾਗਜ਼ ਲੈ ਕੇ
ਓਧਰ ਮਾਰੂਥਲ ਵਿੱਚ ਮੈਨੂੰ ਟੋਲਦੀਆਂ ਕਵਿਤਾਵਾਂ

ਖ਼ਾਬਾਂ ਵਿੱਚ ਇੱਕ ਬੂਹਾ ਦੇਖਾਂ ਬੰਦ ਤੇ ਉਸ ਦੇ ਅੱਗੇ
ਕਈ ਹਜ਼ਾਰ ਰੁਲਦੀਆਂ ਚਿੱਠੀਆਂ 'ਤੇ ਮੇਰਾ ਸਰਨਾਵਾਂ

ਖੰਭਾਂ ਵਰਗੀਆਂ ਚਿੱਠੀਆਂ ਉਹਨਾਂ ਵਾਂਗ ਭਟਕ ਕੇ ਮੋਈਆਂ
ਮਰ ਜਾਂਦੇ ਨੇ ਪੰਛੀ ਜਿਹੜੇ ਚੀਰਦੇ ਸਰਦ ਹਵਾਵਾਂ

ਜਾਂ ਤਾਂ ਤੂੰ ਵੀ ਧੁੱਪੇ ਆ ਜਾ ਛੱਡ ਕੇ ਸ਼ਾਹੀ ਛਤਰੀ
ਜਾਂ ਫਿਰ ਰਹਿਣ ਦੇ ਮੇਰੇ ਸਿਰ 'ਤੇ ਇਹ ਸ਼ਬਦਾਂ ਦੀਆਂ ਛਾਵਾਂ

ਚੱਲ ਛੱਡ ਹੁਣ ਕੀ ਵਾਪਸ ਜਾਣਾ, ਜਾਣ ਨੂੰ ਬਚਿਆ ਕੀ ਏ
ਤੇਰੇ ਪੈਰਾਂ ਨੂੰ ਤਰਸਦੀਆਂ ਮਰ ਮੁਕ ਗਈਆਂ ਰਾਹਵਾਂ

ਕੀ ਕਵੀਆਂ ਦਾ ਆਉਣਾ ਜਾਣਾ ਕੀ ਮਸਤੀ ਸੰਗ ਟੁਰਨਾ
ਠੁਮਕ ਠੁਮਕ ਜੇ ਨਾਲ ਨਾ ਚੱਲਣ ਸੱਜ-ਲਿਖੀਆਂ ਕਵਿਤਾਵਾਂ

## ਸਵਾਗਤ

**ਸ਼ਿਵ ਕੁਮਾਰ ਬਟਾਲਵੀ**



ਹੈਂ ਤੂੰ ਆਈ ਮੇਰੇ ਗਰਾਂ
ਹੈਂ ਤੂੰ ਆਈ ਮੇਰੇ ਗਰਾਂ ।
ਹੋਰ ਗੂਹੜੀ ਹੋ ਗਈ ਹੈ,
ਮੇਰਿਆਂ ਬੋਹੜਾਂ ਦੀ ਛਾਂ ।
ਖਾ ਰਹੇ ਨੇ ਚੂਰੀਆਂ
ਅੱਜ ਮੇਰਿਆਂ ਮਹਿਲਾਂ ਦੇ ਕਾਂ ।
ਹੈਂ ਤੂੰ ਆਈ ਮੇਰੇ ਗਰਾਂ,
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਆਲ੍ਹਣਾ ਮੇਰੇ ਦਿਲ 'ਚ ਖ਼ੁਸ਼ੀਆਂ
ਪਾਣ ਦੀ ਕੀਤੀ ਹੈ ਹਾਂ ।
ਤੇਰੇ ਨਾਂ ਤੇ ਪੈ ਗਏ ਨੇ,
ਮੇਰਿਆਂ ਰਾਹਾਂ ਦੇ ਨਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਪੌਣ ਦੇ ਹੋਠਾਂ 'ਤੇ ਅੱਜ ਹੈ
ਮਹਿਕ ਨੇ ਪਾਈ ਸਰਾਂ
ਟੁਰਦਾ ਟੁਰਦਾ ਰੁਕ ਗਿਆ ਹੈ
ਵੇਖ ਕੇ ਤੈਨੂੰ ਸਮਾਂ
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਲੈ ਲਈ ਕਲੀਆਂ ਨੇ
ਭੌਰਾਂ ਨਾਲ ਅੱਜ ਚੌਥੀ ਹੈ ਲਾਂ ।
ਤੇਰੀ ਹਰ ਇਕ ਪੈੜ 'ਤੇ
ਹੈ ਤਿਤਲੀਆਂ ਰੱਖੀ ਜ਼ਬਾਂ

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਆ ਤੇਰੇ ਪੈਰਾਂ 'ਚ ਪੁੱਗੇ
ਸਫ਼ਰ ਦੀ ਮਹਿੰਦੀ ਲਗਾਂ ।
ਆ ਤੇਰੇ ਨੈਣਾਂ ਨੂੰ ਮਿੱਠੇ
ਸੁਪਨਿਆਂ ਦੀ ਪਿਉਂਦ ਲਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਵਰਤ ਰੱਖੇਗੀ ਨਿਰਾਹਾਰੀ
ਮੇਰੀਆਂ ਪੀੜਾਂ ਦੀ ਮਾਂ ।
ਆਉਣਗੇ ਖ਼ੁਸ਼ੀਆਂ ਦੇ ਖ਼ਤ
ਅੱਜ ਮੇਰਿਆਂ ਗੀਤਾਂ ਦੇ ਨਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੋਰ ਗੂਹੜੀ ਹੋ ਗਈ ਹੈ
ਮੇਰਿਆਂ ਬੋਹੜਾਂ ਦੀ ਛਾਂ ।
ਖਾ ਰਹੇ ਨੇ ਚੂਰੀਆਂ
ਅੱਜ ਮੇਰਿਆਂ ਮਹਿਲਾਂ ਦੇ ਕਾਂ ।
ਹੈਂ ਤੂੰ ਆਈ ਮੇਰੇ ਗਰਾਂ ।
ਹੈਂ ਤੂੰ ਆਈ ਮੇਰੇ ਗਰਾਂ ।

## ਪੰਛੀਆਂ ਨੇ ਹੈ ਰੌਣਕ ਲਾਈ

**ਮਾਸਟਰ ਸੰਜੀਵ ਧਰਮਾਣੀ**



ਪੰਛੀਆਂ ਨੇ ਹੈ ਰੌਣਕ ਲਾਈ
ਦਾਣਾ ਖਾ ਗਏ ਵਾਰੋ - ਵਾਰੀ ਭਾਈ ,
ਆਪਣੀਆਂ ਸੁਰੀਲੀਆਂ ਆਵਾਜ਼ਾਂ ਕੱਢ ਕੇ ,
ਚਾਰੇ ਪਾਸੇ ਮਹਿਕ ਖਿਲਾਈ ,
ਹਰ ਕੋਈ ਇਹਨਾਂ ਨੂੰ ਤੱਕੀ ਜਾਵੇ ,
ਤਿਰਛੀ - ਤਿਰਛੀ ਨਜ਼ਰ ਘੁਮਾਵੇ ,
ਭੂਰੇ, ਪੀਲੇ , ਚਿੱਟੇ ਪਿਆਰੇ ,
ਚਾਰੇ ਪਾਸੇ ਖੁਸ਼ੀ ਵਿਖਾਰੇ ,
ਬੱਚਿਆਂ ਨੂੰ ਬੜਾ ਭਾਉਂਦੇ ਨੇ
ਰਲ - ਮਿਲ ਰਹਿਣਾ ਸਿਖਾਉਂਦੇ ਨੇ ,
ਕੁਦਰਤ ਨੇ ਕੈਸੀ ਬਣਤ ਬਣਾਈ ,
ਵਾਤਾਵਰਣ ਵਿੱਚ ਰੌਣਕ ਲਗਾਈ ,
ਕਦੇ ਨਾ ਪਹੁੰਚਾਉ ਇਹਨਾਂ ਨੂੰ ਕਸ਼ਟ ,
ਪੰਛੀਆਂ ਤੇ ਰੁੱਖਾਂ ਬਿਨਾਂ ਵਾਤਾਵਰਨ ਹੋ ਜਾਣਾ ਨਸ਼ਟ ,
ਦਾਣਾ - ਪਾਣੀ ਇਹਨਾਂ ਨੂੰ ਖਿਲਾਓ ,
ਪੰਛੀਆਂ ਨਾਲ ਤੁਸੀਂ ਵੀ ਪਿਆਰ ਪਾਓ ,
ਸਭ ਪੰਛੀ ਸਾਡੇ ਮਿੱਤਰ ਨੇ
ਕਾਂ , ਬਟੇਰ ਤੇ ਭਾਵੇਂ ਤਿੱਤਰ ਨੇ ,
ਪਿਆਰ ਕਰੋ ਤਾਂ ਆਉਂਦੇ ਕੋਲ ,
ਮਿੱਠੇ - ਮਿੱਠੇ ਬੋਲਣ ਬੋਲ ,
'ਧਰਮਾਣੀ' ਪੰਛੀਆਂ ਨੂੰ ਮਿੱਤਰ ਬਣਾਓ ,
ਰੁੱਖਾਂ ਤੇ ਪੰਛੀਆਂ ਨਾਲ ਪਿਆਰ ਪਾਓ ,
ਰੁੱਖਾਂ ਤੇ ਪੰਛੀਆਂ ਨਾਲ ਪਿਆਰ ਪਾਓ..।

## ਅੱਜ

**ਅੰਮ੍ਰਿਤਾ ਪ੍ਰੀਤਮ**

ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ ।
ਫੇਰ ਹਨੇਰੇ ਚਉਸਰ ਖੇਡੇ
ਫ਼ਜ਼ਰ ਗਈ ਉ ਪੁੱਗ ਵੇ ।
ਪੂਰਬ ਦੀ ਇੱਕ ਟਾਹਣੀ ਉੱਤੇ
ਕਿਰਣਾਂ ਪਈਆਂ ਉੱਗ ਵੇ ।
ਸੱਭੇ ਯਾਦਾਂ ਉੱਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ ।
ਅੱਲ੍ਹੜ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ ।
ਲਗਰਾਂ ਜਹੀਆਂ ਸਿਖ਼ਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ ।
ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੁੰਬ ਵੇ ।
ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਣਾਂ ਮਾਰੀ ਝੁੰਬ ਵੇ ।
ਕਿਰਣਾਂ ਜਿਵੇ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ ।
ਕਿਸੇ ਰਾਹੀ ਨੇ ਅੱਡੀ ਝਾੜੀ
ਪੰਛੀ ਝਾੜੇ ਖੰਭ ਵੇ ।
ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ ।
ਏਸ ਹਿਜਰ ਦੇ ਪੈਂਡੇ ਉੱਤੇ
ਜਿੰਦ ਗਈ ਮੇਰੀ ਹੰਭ ਵੇ ।
ਡੋਲ ਗਈ ਸੂਰਜ ਦੀ ਬੇੜੀ
ਪੱਛਮ ਉੱਠੀ ਛੱਲ ਵੇ ।
ਗੰਢ ਪੋਟਲੀ ਚੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ ।
ਕਿਹੜੇ ਬੱਦਲੋਂ ਕਣੀਆਂ ਲੱਥੀਆਂ
ਅੱਖੀਆਂ ਭਰ ਲਈ ਡੱਲ ਵੇ ।
ਹਰ ਇਕ ਮੇਰੀ 'ਅੱਜ' ਢੂੰਡਦੀ
ਕਿੱਥੇ ਕੁ ਤੇਰੀ 'ਕੱਲ੍ਹ' ਵੇ ?

## ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲਗਦੇ ਨੇ

**ਸੁਖਵਿੰਦਰ ਅੰਮ੍ਰਿਤ**

ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲਗਦੇ ਨੇ
ਇਹ ਪਿੰਜਰੇ ਪਿਘਲ ਜਾਂਦੇ ਨੇ ਸ਼ਿਕਾਰੀ ਡਰਨ ਲਗਦੇ ਨੇ

ਕਦੋਂ ਤੱਕ ਰੱਖਿਆ ਜਾਂਦਾ ਦਬਾ ਕੇ ਜਿਉਣ ਦਾ ਜਜ਼ਬਾ
ਲਹੂ 'ਚੋਂ ਲਹਿਰ ਜਦ ਉਠਦੀ ਕਿਨਾਰੇ ਖਰਨ ਲਗਦੇ ਨੇ

ਉਹ ਪਾ ਕੇ ਝਾਂਜਰਾਂ ਅੰਗਿਆਰਿਆਂ ਤੋਂ ਇਉਂ ਗੁਜ਼ਰਦੀ ਹੈ
ਕਿ ਉਸ ਦੀ ਇਸ ਅਦਾ 'ਤੇ ਚੰਨ ਸੂਰਜ ਮਰਨ ਲਗਦੇ ਨੇ

ਘਰਾਂ ਨੂੰ ਭੁੱਲਿਆ ਕਿੱਥੇ ਹਨ੍ਹੇਰੀ ਦਾ ਸਿਤਮ ਹਾਲੇ
ਹਵਾ ਸਰਗੋਸ਼ੀਆਂ ਕਰਦੀ ਤੇ ਬੂਹੇ ਡਰਨ ਲਗਦੇ ਨੇ

ਅਜੇ ਵੀ ਉੱਤਰ ਆਉਂਦੀ ਹੈ ਮੇਰੇ ਚੇਤੇ 'ਚ ਉਹ ਆਥਣ
ਮੇਰੇ ਸੀਨੇ 'ਚ ਜਗਦੇ ਦੀਪ ਅੱਖੀਆਂ ਭਰਨ ਲਗਦੇ ਨੇ

ਹਵਾ ਐਸੀ ਵੀ ਉੱਠਦੀ ਹੈ ਕਿ ਹਰ ਜ਼ੰਜੀਰ ਟੁੱਟਦੀ ਹੈ
ਇਹ ਟਿੱਬੇ ਢਹਿਣ ਲਗਦੇ ਨੇ ਇਹ ਟੋਏ ਭਰਨ ਲਗਦੇ ਨੇ

ਹਨ੍ਹੇਰੇ ਦੀ ਪਕੜ 'ਚੋਂ ਨਿਕਲ ਆਉਂਦੇ ਨੇ ਜਦੋਂ ਦੀਵੇ
ਸਮੇਂ ਦੇ ਨੈਣ ਖੁੱਲ੍ਹ ਜਾਂਦੇ ਨੇ ਤੇ ਚਾਨਣ ਝਰਨ ਲਗਦੇ ਨੇ

## ਕਵਿਤਾ

**ਗੁਰਵਿੰਦਰ ਹਸਨਪੁਰ**



ਪਾਪਾ ਨੀ ਹੁੰਦਾ
ਭਾਪਾ ਹੁੰਦਾ।
ਰੇਡ ਨੀ ਹੁੰਦਾ
ਛਾਪਾ ਹੁੰਦਾ।
ਡਿਲੀਵਰੀ ਨੀ ਹੁੰਦੀ
ਜਾਪਾ ਹੁੰਦਾ।
ਪਰੇਟ ਨੀ ਹੁੰਦਾ
ਕੁਟਾਪਾ ਹੁੰਦਾ।

ਟਾਫੀ ਨੀ ਹੁੰਦੀ
ਟੌਫੀ ਹੁੰਦੀ ਆ
ਚਪਾਤੀ ਨੀ ਹੁੰਦੀ
ਰੋਟੀ ਹੁੰਦੀ ਆ ।

ਮਾਮੂ ਨੀ ਹੁੰਦਾ
ਮਾਮਾ ਹੁੰਦਾ ।
ਤਮਾਸਾ ਨੀ ਹੁੰਦਾ
ਡਰਾਮਾ ਹੁੰਦਾ ।

ਰਪੀਟ ਨੀ ਹੁੰਦਾ
ਦੁਬਾਰਾ ਮਾਰੀਦਾ ।
ਪੀ ਕੇ ਚਿੱਲ ਨੀ
ਮਾਰੀਦੀ
ਲਲਕਾਰਾ ਮਾਰੀਦਾ।



ਘੀਹ ਨੀ ਹੁੰਦਾ
ਘਿਓ ਹੁੰਦਾ ।
ਡੈਡ ਨੀ ਹੁੰਦਾ
ਪਿਓ ਹੁੰਦਾ।

ਸੌਰੀ ਨੀ ਹੁੰਦਾ
ਮਾਫੀ ਹੁੰਦਾ।
ਕੌਪੀ ਨੀ ਹੁੰਦਾ
ਕਾਪੀ ਹੁੰਦਾ।

ਕੌਡੀ ਹੁੰਦੀ ਆ
ਰੇਡ ਨੀ ਹੁੰਦਾ।
ਪੱਚਰਾ ਹੁੰਦਾ
ਬਲੇਡ ਨੀ ਹੁੰਦਾ।

## ਪੈਰੀਂ ਜਲਧਾਰਾ ਹੋਵੇ ...

**ਉੱਤਮਵੀਰ ਸਿੰਘ ਦਾਊਂ**

ਪੈਰੀਂ ਜਲਧਾਰਾ ਹੋਵੇ ਵੱਖਰਾ ਨਜ਼ਾਰਾ ਹੋਵੇ
ਸੱਜਣਾ ਦਾ ਹੱਥ ਫੜਾਂ ਨੈਣਾਂ 'ਚ ਇਸ਼ਾਰਾ ਹੋਵੇ

ਰੁੱਖਾਂ ਦੀ ਜੀਰਾਂਦ ਵਿੱਚ ਖੁੱਲ੍ਹੀ ਜਈ ਚਰਾਂਦ ਵਿੱਚ
ਮੋਰਨੀ ਪਪੀਹਾ 'ਕੱਠੇ ਗਾਉਂਦੇ ਕੋਈ ਗੀਤ ਹੋਣ
ਖਿੜੇ ਚੰਬੇ ਦੀ ਟਹਿਕ 'ਚ ਚਮੇਲੀ ਦੀ ਮਹਿਕ 'ਚ
ਇੱਕਮਿਕ ਹੋਈਏ ਜਦੋਂ ਤਪੇ ਹਉਕੇ ਸੀਤ ਹੋਣ
ਰੱਬ ਦੀ ਰਜ਼ਾ ਦੇ ਵਿੱਚ ਪਾਕ ਫ਼ਿਜ਼ਾ ਦੇ ਵਿੱਚ
ਦੇਖਦਾ ਦੀਵਾਨਿਆਂ ਨੂੰ 'ਕੱਲ੍ਹਾ-'ਕੱਲ੍ਹਾ ਤਾਰਾ ਹੋਵੇ
ਪੈਰੀਂ ਜਲਧਾਰਾ ਹੋਵੇ............

ਕੋਇਲ ਦੀ ਚਹਿਕ ਸੁਣਾਂ ਸੁਪਨੇ 'ਚੋਂ ਖ਼ਿਆਲ ਬੁਣਾਂ
ਮੱਥੇ ਨੂੰ ਜ਼ੁਲਫ਼ ਚੁੰਮੇ ਜ਼ੁਲਫ਼ 'ਚੋਂ ਮੋਤੀ ਚੋਣ
ਯਾਰਾ ਦਿਲ ਤਣੇ ਉੱਤੇ ਖੁਣਾਂ ਤ੍ਰੇਲ ਪੱਤਿਆਂ ਤੋਂ ਚੁਣਾਂ
ਵੰਝਲੀ ਦੀ ਸੁਰ ਸੰਗ ਮਿੱਠੇ ਰਾਗ ਛਿੜੇ ਹੋਣ
ਰੱਬ ਦੀ ਰਜ਼ਾ ਦੇ ਵਿੱਚ ਪਾਕ ਫ਼ਿਜ਼ਾ ਦੇ ਵਿੱਚ
ਝਿਲਮਿਲ ਝਰਨੇ ਦੇ ਕੰਢੇ ਦਾ ਕਿਨਾਰਾ ਹੋਵੇ
ਪੈਰੀਂ ਜਲਧਾਰਾ ਹੋਵੇ............

ਜਦੋਂ ਕਰਾਂ ਪਿਆਰ ਦਾ ਆਗ਼ਾਜ਼ ਰੂਹਾਂ ਵਿੱਚ ਛਿੜੇ ਸਾਜ਼
ਉੱਤਮ ਕਹਿਕਸ਼ੀ ਨਜ਼ਾਰਿਆਂ ਦੇ ਵਿੱਚੋਂ ਵਗੇ ਪੌਣ
ਕਦੇ ਚੰਨ ਮੰਗੇ ਨਾ ਵਿਆਜ ਵੰਡੇ ਰਿਸ਼ਮਾਂ ਦੀ ਨਿਆਜ਼
ਤੂੰ ਦੁੱਧ ਚਾਨਣੀ 'ਚ ਦਾਉਂਵਾਲੇ ਛੇੜੀ ਕੋਈ ਗੌਣ
ਰੱਬ ਦੀ ਰਜ਼ਾ ਦੇ ਵਿੱਚ ਪਾਕ ਫ਼ਿਜ਼ਾ ਦੇ ਵਿੱਚ
ਜੁਗਨੂੰ ਚੁਫ਼ੇਰੇ ਹੋਣ ਸੱਜਣ ਓਹ ਪਿਆਰਾ ਹੋਵੇ
ਪੈਰੀਂ ਜਲਧਾਰਾ ਹੋਵੇ............

## ਸੁਣ ਕੁੜੀਏ ਨੀ

**ਅਮਨਦੀਪ ਕੌਰ ਜੋਗਾ**

ਸੁਣ ਕੁੜੀਏ ਨੀ, ਪੁੰਗਰਦੀ ਕਰੂੰਬਲੇ ਨੀ
ਤੂੰ ਅੰਬਰਾਂ 'ਤੇ ਕਿੱਕਲੀ ਪਾ
ਇਹ ਸਾਰਾ ਹੀ ਜ਼ਮਾਨਾ
ਬਣਿਆ ਤੇਰਾ ਹੀ ਦੀਵਾਨਾ
ਮੈਂ ਰੂਪ ਦੀ ਮਲਿਕਾ ਨਹੀਂ
ਅਕਲਾਂ ਦੀ ਵੀ ਹਾਂ ਵਾਰਿਸ
ਤੂੰ ਇਨ੍ਹਾਂ ਨੂੰ ਵਿਖਾ
ਸੁਣ ਕੁੜੀਏ ਨੀ
ਵੇਖ ਏਸ ਜੱਗ ਦੀ ਹੈ ਰੀਤ
ਤੇਰੇ ਜੰਮਣ 'ਤੇ ਮਾਰੇ ਚੀਕ
ਨਿਭਾਂਵਦੀ ਏ ਭਾਵੇਂ ਤੂੰ ਆਪਣੇ ਫਰਜ਼
ਮਾਂ,ਭੈਣ,ਪਤਨੀ ਤੇ ਧੀ ਦੇ ਰੂਪ 'ਚ
ਫਿਰ ਵੀ ਇਨ੍ਹਾਂ ਨੂੰ ਤਾਂ ਅਸਲੀ ਵਾਰਿਸ ਦੀ
ਉਡੀਕ, ਮਾਰਨ ਤੇਰੇ 'ਤੇ ਲੀਕ
ਇਨ੍ਹਾਂ ਨੂੰ ਤੂੰ ਆਪਣੀ ਹੈਸੀਅਤ ਵਿਖਾ
ਸੁਣ ਕੁੜੀਏ ਨੀ
ਨੀ ਤੂੰ ਸਦਾ ਹੱਸਦੀ ਵੀ ਰਹਿ
ਆਪਣਿਆਂ ਦੇ ਵਿਹੜੇ ਵੱਸਦੀ ਵੀ ਰਹਿ
ਸਮਝਣ ਜੋ ਤੈਨੂੰ ਲੋੜ ਦਾ ਸਮਾਨ
ਉਨ੍ਹਾਂ ਨੂੰ ਤੂੰ ਉਨ੍ਹਾਂ ਦੀ ਉਕਾਤ ਵਿਖਾ
ਕਦਮਾਂ ਨਾਲ ਕਦਮ ਮਿਲਾ ਕੇ
ਬਰਾਬਰਤਾ ਦਾ ਹੱਕ ਜਿਤਾ
ਸੁਣ ਕੁੜੀਏ ਨੀ

# ਖੇਡਾਂ ਦਾ ਵਿਕਾਸ ਅਤੇ ਖੇਡ ਮੈਦਾਨ

## ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਜਿੰਮਾ ਲਵੇ ਸਰਕਾਰ

### ਖਾਲੀ ਪਈ ਜ਼ਮੀਨ ’ਤੇ ਬਣਾਏ ਜਾਣ ਖੇਡ ਮੈਦਾਨ

ਬਲਜਿੰਦਰ ਮਾਨ

ਕਹਿੰਦੇ ਨੇ, ਵਿਹਲਾ ਮਨ ਸ਼ੈਤਾਨ ਦਾ ਕਾਰਖਾਨਾ ਹੁੰਦਾ ਹੈ, ਇਸ ਲਈ ਜੇ ਅਸੀਂ ਵਿਹਲ ਦਾ ਸਹੀ ਇਸਤੇਮਾਲ ਕਰਨਾ ਹੈ ਤਾਂ ਉਹ ਨੇ ਸਾਡੇ ਖੇਡ ਮੈਦਾਨ; ਜਿਥੇ ਪੰਜਾਬ ਦੀ ਜੁਆਨੀ ਨੇ ਨਿਖਰਨਾ ਅਤੇ ਨਿਸਰਨਾ ਹੈ। ਜੇ ਇਹ ਖੇਡ ਮੈਦਾਨ ਜੁਆਨਾਂ ਨਾਲ ਭਰੇ ਹੋਣਗੇ ਤਾਂ ਸਮਝੋ ਪੰਜਾਬ ਚੜ੍ਹਦੀ ਕਲਾ ਵੱਲ ਵਧ ਰਿਹਾ ਹੈ।

ਸਾਡੇ ਬਚਪਨ ਨੂੰ ਬਸਤੇ ਦੇ ਭਾਰ ਅਤੇ ਨੈੱਟ ਦੇ ਮਾਇਆ-ਜਾਲ ਨੇ ਖਾ ਲਿਆ ਹੈ। ਹਰ ਮਾਂ ਆਪਣੇ ਕੰਮ ਨਿਬੇੜਨ ਵਾਸਤੇ ਬੱਚੇ ਹੱਥ ਖਿਡਾਉਣੇ ਦੇਣ ਦੀ ਬਜਾਇ ਮੋਬਾਈਲ ਫੋਨ ਫੜਾ ਰਹੀ ਹੈ ਜਿਸ ਦੇ ਨਤੀਜਿਆਂ ਬਾਰੇ ਅਜੇ ਅਸੀਂ ਸਭ ਅਵੇਸਲੇ ਹੋਏ ਬੈਠੇ ਹੈ। ਮੋਬਾਈਲ ਜਾਂ ਕੰਪਿਊਟਰ ’ਤੇ ਗੇਮ ਖੇਡਣਾ ਕੋਈ ਸਿਹਤਮੰਦ ਰੁਝਾਨ ਨਹੀਂ ਹੈ। ਜੇ ਅਸੀਂ ਬਾਲ ਮਨ, ਬੁੱਧੀ ਅਤੇ ਸਰੀਰ ਦਾ ਵਿਕਾਸ ਕਰਨਾ ਹੈ ਤਾਂ ਉਸ ਨੂੰ ਨੱਚਣ ਕੁੱਦਣ ਦਾ ਸਮਾਂ ਜ਼ਰੂਰ ਦੇਣਾ ਪਵੇਗਾ। ਪੁਰਾਣੇ ਜ਼ਮਾਨੇ ਵਿੱਚ ਅਸੀਂ ਗਲੀਆਂ ਵਿੱਚ ਲੁਕਣਮੀਚੀ, ਛੁਹਣ-ਛੁਆਈ, ਬਾਂਦਰ ਕੀਲਾ, ਕਬੱਡੀ, ਘੋਲ ਅਤੇ ਪਤਾ ਨਹੀਂ ਹੋਰ ਕਿੰਨੀਆਂ ਪੁਰਾਤਨ ਖੇਡਾਂ ਖੇਡਦੇ ਸਾਂ। ਇਹਨਾਂ ਖੇਡਾਂ ਨਾਲ ਸਾਡਾ ਸਰਬਪੱਖੀ ਵਿਕਾਸ ਹੁੰਦਾ ਸੀ। ਪਿੰਡਾਂ ਦਾ ਸਿਆਣਾ ਖਿਡਾਰੀ ਜਾਂ ਵਿਅਕਤੀ ਇਹਨਾਂ ਖੇਡਾਂ ਲਈ ਕੋਚ ਵੀ ਬਣ ਜਾਂਦਾ ਸੀ; ਭਾਵ ਕਿਸੇ ਨੂੰ ਫਾਊਲ ਨਾ ਖੇਡਣ ਦਿੰਦਾ। ਬਸ ਜੀਵਨ ਵੀ ਖੇਡ ਹੀ ਹੈ ਜਿਸ ਵਿਚੋਂ ਫਾਊਲ ਖੇਡਣ ਦੀ ਆਦਤ ਨੂੰ ਮਾਰਨਾ ਹੈ। ਜੋ ਅੱਜ ਸਾਡੀ ਦਸ਼ਾ ਬਣੀ ਹੈ, ਇਹ ਸਾਡੇ ਆਗੂਆਂ ਤੇ ਅਧਿਕਾਰੀਆਂ ਦੁਆਰਾ ਫਾਊਲ ਖੇਡਣ ਕਰਕੇ ਬਣੀ ਹੈ। ਰਾਤੋ-ਰਾਤ ਕੁਝ ਵੀ ਨਹੀਂ ਹੁੰਦਾ। ਹਰ ਕੰਮ ਲਈ ਸਮੇਂ ਦੀ ਲੋੜ ਹੁੰਦੀ ਹੈ।

ਪੁਰਾਤਨ ਖੇਡਾਂ ਤਾਂ ਬੱਚੇ ਪਿੰਡਾਂ ਵਿੱਚ ਹੀ ਖੇਡਦੇ ਸਨ। ਇਹ ਖੇਡਾਂ ਉਦੋਂ ਖੇਡੀਆਂ ਜਾਂਦੀਆਂ ਸਨ ਜਦੋਂ ਸਾਰੇ ਬੱਚੇ ਸਕੂਲ ਨਹੀਂ ਸਨ ਜਾਂਦੇ। ਅੱਜਕੱਲ੍ਹ ਤਾਂ ਤਿੰਨ ਸਾਲ ਦਾ ਬੱਚਾ ਨਰਸਰੀ ਜਮਾਤ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸ ਨੇ ਸਭ ਖੇਡਾਂ ਸਕੂਲਾਂ ਵਿੱਚ ਹੀ ਖੇਡਣੀਆਂ ਹਨ। ਇਸ ਲਈ ਜੇ ਅਸੀਂ ਮੈਡਲਾਂ ਵਾਲੇ ਖਿਡਾਰੀ ਪੈਦਾ ਕਰਨੇ ਹਨ ਤਾਂ ਉਹਨਾਂ ਦੀ ਕਾਂਟ-ਛਾਂਟ ਵੀ ਨਰਸਰੀ ਪੱਧਰ ’ਤੇ ਹੀ ਕੀਤੀ ਜਾਣੀ ਬਣਦੀ ਹੈ। ਹਰ ਪ੍ਰਾਇਮਰੀ ਸਕੂਲ ਵਿੱਚ ਤਿਆਰ ਹੋ ਰਹੇ ਖਿਡਾਰੀ ਤੇ ਅਥਲੀਟ ਵਾਸਤੇ ਕਲੱਸਟਰ ਪੱਧਰ ’ਤੇ ਕੋਚਿੰਗ ਦਾ ਪ੍ਰਬੰਧ ਸਰਕਾਰਾਂ ਦੁਆਰਾ ਕੀਤਾ ਜਾਵੇ। ਅੱਜ ਦਾ ਯੁਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ-ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਪਿਛਲੀ ਸਰਕਾਰ ਨੇ ਮਿਡਲ ਸਕੂਲਾਂ ’ਚੋਂ ਪੀਟੀਆਈ ਦੀ ਪੋਸਟ ਖਤਮ ਕਰਕੇ ਵੱਡਾ ਨੁਕਸਾਨ ਕੀਤਾ ਸੀ। ਹੋਰ ਅਧਿਆਪਕ ਰੁਚੀ ਅਨੁਸਾਰ ਤਿਆਰੀ ਤਾਂ ਕਰਵਾਉਂਦੇ ਹਨ ਪਰ ਅਸਲੀ ਜਾਣਕਾਰੀ ਤਾਂ ਉਸ ਵਿਸ਼ੇ ਦੇ ਮਾਹਿਰ ਹੀ ਦੇ ਸਕਦੇ ਹਨ। ਸਕੂਲ ਪੱਧਰ ’ਤੇ ਤਿਆਰ ਕੀਤੇ ਜਾ ਰਹੇ ਖਿਡਾਰੀਆਂ ਦੀ ਡਾਈਟ ਅਤੇ ਕੋਚਿੰਗ ਦਾ ਵੀ ਵਧੀਆ ਪ੍ਰਬੰਧ ਕੀਤਾ ਜਾਵੇ।

ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ ’ਤੇ ਮੱਲਾਂ ਮਾਰਦੇ ਹਨ, ਉਹਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ। ਮੁਕਾਬਲਿਆਂ ਵਿੱਚ ਹੁੰਦੀਆਂ



ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ ’ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਹਨਾਂ ਗਤੀਵਿਧੀਆਂ ਵਿਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਹਨਾਂ ਦੇ ਪ੍ਰਬੰਧਕਾਂ ਦੀ ਰਾਇ ਵੀ ਖੇਡ ਨੀਤੀ ਵਿਚ ਸ਼ਾਮਲ ਹੋਵੇ। ਇਹਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਗੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।

ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ-ਆਪਣਾ ਅਭਿਆਸ ਕਰ ਸਕਣ। ਉਹਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਹਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿੱਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਸਾਰਾ ਜਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਹਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿੱਚ ਕੋਈ ਕਮੀ ਨਾ ਰਹੇ।

## ਖਿਡਾਰੀਆਂ ਨੂੰ ਨੈਤਿਕ ਸਿੱਖਿਆ ਵੀ ਦਿੰਦੀਆਂ ਨੇ ਖੇਡਾਂ

ਅਗਾਂਹਵਧੂ ਅਤੇ ਆਧੁਨਿਕ ਬਣਨ ਦੀ ਦੌੜ ਵਿੱਚ ਅਸੀਂ ਆਪਣੀ ਸਿਹਤ ਨਾਲ ਖੇਡ ਰਹੇ ਹਾਂ। ਇੰਜ ਜਾਪਦਾ ਹੈ ਜਿਵੇਂ ਅਸੀਂ ਖੇਡਾਂ ਦੀ ਮਹੱਤਤਾ ਨੂੰ ਭੁੱਲਦੇ ਜਾ ਰਹੇ ਹਾਂ। ਅੱਜ ਦੇ ਬੱਚੇ ਮੋਬਾਈਲ, ਲੈਪਟਾਪ ਅਤੇ ਵੀਡੀਓ ਗੇਮਾਂ ਨਾਲ ਹੀ ਖੇਡਦੇ ਹਨ। ਪਰ ਬੱਚਿਆਂ ਦੇ ਵਧਦੇ ਵਿਕਾਸ ਦੇ ਨਾਲ ਖੇਡਾਂ ਦੀ ਮਹੱਤਤਾ ਨੂੰ ਜਾਣਨਾ ਜ਼ਰੂਰੀ ਹੈ। ਜਿੰਨਾ ਖੇਡਾਂ ਸਿਹਤ ਲਈ ਜ਼ਰੂਰੀ ਹਨ, ਖੇਡਾਂ ਪੜ੍ਹਾਈ ਵਿੱਚ ਵੀ ਓਨੀ ਹੀ ਜ਼ਰੂਰੀ ਹਨ। ਅਸੀਂ ਬਚਪਨ ਤੋਂ ਹੀ ਆਪਣੇ ਜੀਵਨ ਵਿੱਚ ਖੇਡਾਂ ਦੀ ਮਹੱਤਤਾ ਬਾਰੇ ਸੁਣਦੇ ਆ ਰਹੇ ਹਾਂ ਅਤੇ ਇਸੇ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਖੇਡਾਂ ਦਾ ਵੱਖਰਾ ਸਮਾਂ ਦਿੱਤਾ ਜਾਂਦਾ ਹੈ। ਇੰਨਾ ਹੀ ਨਹੀਂ, ਕਈ ਵਾਰ ਘਰ ’ਚ ਮਾਂ ਬੱਚਿਆਂ ਨੂੰ ਸਾਰਾ ਦਿਨ ਘਰੋਂ ਬਾਹਰ ਨਾ ਜਾਣ, ਖੇਡਾਂ ਨਾ ਖੇਡਣ ਜਾਂ ਟੀਵੀ ਨਾ ਦੇਖਣ ਲਈ ਵੀ ਝਿੜਕਦੀ ਹੈ।



ਹੁਣ ਜੇਕਰ ਖੇਡਾਂ ਦੇ ਮਹੱਤਵ ਦੀ ਗੱਲ ਕਰੀਏ ਤਾਂ ਖੇਡਾਂ ਸਰੀਰ ਅਤੇ ਮਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ ਹੀ ਖੇਡਾਂ ਤੁਹਾਡੇ ਤਣਾਅ ਨੂੰ ਵੀ ਦੂਰ ਕਰਦੀਆਂ ਹਨ। ਖੇਡਾਂ ਤੁਹਾਡੀ ਇਕਾਗਰਤਾ ਬਣਾਈ ਰੱਖਣ ਲਈ ਵਧੀਆ ਹਨ। ਇੰਨਾ ਹੀ ਨਹੀਂ ਖੇਡਾਂ ਤੁਹਾਨੂੰ ਨੌਕਰੀ ਦਿਵਾਉਣ ਵਿੱਚ ਵੀ ਮਦਦ ਕਰਦੀਆਂ ਹਨ।



ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸ ਹੋ ਸਕਦਾ ਹੈ ਅਤੇ ਸਰੀਰ ਨੂੰ ਤੰਦਰੁਸਤ ਅਤੇ ਮਜ਼ਬੂਤ ਬਣਾਉਣ ਲਈ ਖੇਡਾਂ ਜ਼ਰੂਰੀ ਹਨ। ਮਨੋਵਿਗਿਆਨੀ ਮੰਨਦੇ ਹਨ ਕਿ ਖੇਡਾਂ ਵਿੱਚ ਮਨੁੱਖ ਦੀ ਰੁਚੀ ਕੁਦਰਤੀ ਹੈ। ਇਸ ਕਾਰਨ ਬੱਚੇ ਖੇਡਾਂ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਹਨ। ਪੀ. ਸਿਰਨ ਨੇ ਕਿਹਾ ਹੈ - ਚੰਗੀ ਸਿਹਤ ਅਤੇ ਚੰਗੀ ਸਮਝ ਜ਼ਿੰਦਗੀ ਦੀਆਂ ਦੋ ਸਭ ਤੋਂ ਵਧੀਆ ਬਰਕਤਾਂ ਹਨ। ਇਨ੍ਹਾਂ ਦੋਵਾਂ ਨੂੰ ਪ੍ਰਾਪਤ ਕਰਨ ਲਈ, ਇੱਕ ਖਿਡਾਰੀ ਦੀ ਭਾਵਨਾ ਨਾਲ ਜੀਵਨ ਵਿੱਚ ਖੇਡਾਂ ਖੇਡਣੀਆਂ ਜ਼ਰੂਰੀ ਹਨ। ਖੇਡਣ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ, ਮਾਸਪੇਸ਼ੀਆਂ ਦਾ ਵਿਕਾਸ ਹੁੰਦਾ ਹੈ, ਭੁੱਖ ਤੇਜ ਹੁੰਦੀ ਹੈ, ਆਲਸ ਦੂਰ ਹੁੰਦਾ ਹੈ ਅਤੇ ਸਰੀਰ ਸ਼ੁੱਧ ਹੁੰਦਾ ਹੈ। ਖੇਡਾਂ ਖੇਡਣ ਨਾਲ ਵਿਅਕਤੀ ਨੂੰ ਲੜਨ ਦੀ ਆਦਤ ਪੈ ਜਾਂਦੀ ਹੈ। ਜ਼ਿੰਦਗੀ ਦੀਆਂ ਜਿੱਤਾਂ ਅਤੇ ਹਾਰਾਂ ਨੂੰ ਖੁਸ਼ੀ ਨਾਲ ਲੈਣ ਦੀ ਮਹੱਤਵਪੂਰਨ ਆਦਤ ਖੇਡਾਂ ਖੇਡਣ ਨਾਲ ਹੀ ਮਿਲਦੀ ਹੈ। ਖੇਡਾਂ ਸਾਡਾ ਬਹੁਤ ਮਨੋਰੰਜਨ ਕਰਦੀਆਂ ਹਨ। ਖਿਡਾਰੀ ਹੋਵੇ ਜਾਂ ਖੇਡ ਪ੍ਰੇਮੀ, ਦੋਵਾਂ ਨੂੰ ਖੇਡ ਮੈਦਾਨ ਵਿੱਚ ਅਨੋਖਾ ਆਨੰਦ ਮਿਲਦਾ ਹੈ। ਅੱਜ ਹਰ ਵਿਅਕਤੀ ਆਪਣੀ ਸਿਹਤ ਨੂੰ ਲੈ ਕੇ ਚਿੰਤਤ ਹੈ। ਉਹ ਸਿਹਤਮੰਦ ਜੀਵਨ ਜਿਊਣਾ ਚਾਹੁੰਦਾ ਹੈ। ਸਿਹਤਮੰਦ ਰਹਿਣ ਲਈ ਕਸਰਤ, ਯੋਗਾ, ਪ੍ਰਾਣਾਯਾਮ, ਸੰਤੁਲਿਤ ਪੌਸ਼ਟਿਕ ਆਹਾਰ ਆਦਿ ਜ਼ਰੂਰੀ ਅੰਗ ਹਨ, ਇਸ ਤੋਂ ਇਲਾਵਾ ਖੇਡਾਂ ਵੀ ਬਹੁਤ ਜ਼ਰੂਰੀ ਹਨ ਖੇਡਾਂ ਦਾ ਜੀਵਨ ਵਿੱਚ ਸਿੱਖਿਆ ਦੇ ਬਰਾਬਰ ਮਹੱਤਵ ਹੈ। ਖੇਡਾਂ ਨਾ ਸਿਰਫ਼ ਵਿਦਿਆਰਥੀਆਂ ਦਾ ਮਨੋਰੰਜਨ ਕਰਦੀਆਂ ਹਨ ਸਗੋਂ ਉਨ੍ਹਾਂ ਦੀ ਸਿਹਤ ਵਿੱਚ ਵੀ ਸੁਧਾਰ ਕਰਦੀਆਂ ਹਨ। ਜੇਕਰ ਬੱਚੇ ਖੁਸ਼ ਅਤੇ ਤੰਦਰੁਸਤ ਰਹਿਣਗੇ ਤਾਂ ਉਹ ਪੜ੍ਹਾਈ ਵੱਲ ਵੀ ਧਿਆਨ ਦੇਣਗੇ।

ਖੇਡਾਂ ਦੌਰਾਨ ਸਰੀਰ ਬਹੁਤ ਮਿਹਨਤ ਕਰਦਾ ਹੈ, ਨਤੀਜੇ ਵਜੋਂ ਆਕਸੀਜਨ ਦੀ ਜ਼ਿਆਦਾ ਮਾਤਰਾ ਸਰੀਰ ਦੇ ਅੰਦਰ ਜਾਂਦੀ ਹੈ। ਇਹ ਆਕਸੀਜਨ ਸਾਡੇ ਖੂਨ ਨੂੰ ਸ਼ੁੱਧ ਕਰਦੀ ਹੈ ਅਤੇ ਭੋਜਨ ਨੂੰ ਪਚਾਉਣ ਵਿੱਚ ਮਦਦ ਕਰਦੀ ਹੈ। ਜਿਸ ਨੇ ਖੇਡਾਂ ਨੂੰ ਮਹੱਤਵ ਦਿੱਤਾ ਹੈ ਉਹ ਹਮੇਸ਼ਾ ਖੁਸ਼, ਤੰਦਰੁਸਤ ਅਤੇ ਮਜ਼ਬੂਤ ਰਹਿੰਦਾ ਹੈ, ਆਤਮ-ਵਿਸ਼ਵਾਸ ਰੱਖਦਾ ਹੈ, ਲੀਡਰਸ਼ਿਪ ਸਮਰੱਥਾ ਵਿਕਸਿਤ ਕਰਦਾ ਹੈ, ਇੱਛਾ ਸ਼ਕਤੀ ਹਮੇਸ਼ਾ ਮਜ਼ਬੂਤ ਰਹਿੰਦੀ ਹੈ ਅਤੇ ਸੰਗਠਨ ਦੀ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਇਸ ਲਈ ਖੇਡਾਂ ਸਿਹਤ ਦਾ ਸਮਾਨਾਰਥੀ ਹੈ।

(ਬਾਕੀ ਸਫ਼ਾ 31 ’ਤੇ)

## ਜ਼ਿੰਦਗੀ ਦਾ ਅਹਿਮ ਹਿੱਸਾ ਹਨ ਖੇਡਾਂ



ਖੇਡਾਂ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ, ਇਸੇ ਲਈ ਜ਼ਿਆਦਾਤਰ ਡਾਕਟਰ ਸਾਨੂੰ ਯੋਗਾ, ਕਸਰਤ, ਗੇਮਾਂ ਖੇਡਣ ਦੀ ਸਲਾਹ ਦਿੰਦੇ ਹਨ। ਬਚਪਨ ਤੋਂ ਹੀ ਅਸੀਂ ਮੁੱਖ ਤੌਰ ’ਤੇ ਵੱਖ-ਵੱਖ ਖੇਡਾਂ ਖੇਡਦੇ ਹਾਂ। ਅਸੀਂ ਅੰਦਰੂਨੀ ਖੇਡਾਂ ਜਿਵੇਂ ਕਿ ਸ਼ਤਰੰਜ, ਲੂਡੋ, ਕੈਰਮ ਬੋਰਡ, ਤਾਸ਼ ਦੀਆਂ ਖੇਡਾਂ ਆਦਿ ਖੇਡਦੇ ਹਾਂ, ਬਾਹਰੀ ਖੇਡਾਂ ਜਿਵੇਂ ਕਿ ਕ੍ਰਿਕੇਟ, ਫੁਟਬਾਲ ਅਤੇ ਟੈਨਿਸ ਆਦਿ ਵੀ ਖੇਡਦੇ ਹਾਂ। ਇਸ ਲਈ ਖੇਡਾਂ ਅਤੇ ਖੇਡਾਂ ਖੇਡਣ ਦੇ ਹੋਰ ਵੀ ਬਹੁਤ ਚੰਗੇ ਪੱਖ ਹਨ।

ਸਾਡੇ ਰੋਜ਼ਾਨਾ ਜੀਵਨ ਵਿੱਚ ਅਸੀਂ ਆਪਣਾ ਜ਼ਿਆਦਾਤਰ ਸਮਾਂ ਕੰਮ ਵਾਲੀ ਥਾਂ ’ਤੇ ਬਿਤਾਉਂਦੇ ਹਾਂ, ਫਿਰ ਘਰ ਜਾ ਕੇ ਭੋਜਨ ਖਾਓ ਅਤੇ ਦੁੱਧ ਪੀਓ ਅਤੇ ਫਿਰ ਸੌਂ ਜਾਓ। ਵਿਦਿਆਰਥੀ ਕਿਤਾਬਾਂ ਪੜ੍ਹਨ ਅਤੇ ਅਗਲੇ ਦਿਨ ਹੋਮਵਰਕ ਕਰਨ ਵਿੱਚ ਜ਼ਿਆਦਾ ਸਮਾਂ ਬਿਤਾਉਂਦੇ ਹਨ। ਔਰਤਾਂ ਘਰ ਦੇ ਅੰਦਰ ਵੱਖ-ਵੱਖ ਘਰੇਲੂ ਕੰਮਾਂ ਲਈ ਆਪਣਾ ਸਮਾਂ ਬਤੀਤ ਕਰ ਰਹੀਆਂ ਹਨ।

ਜਦੋਂ ਅਸੀਂ ਖੇਡਾਂ ਅਤੇ ਖੇਡਾਂ ਨਹੀਂ ਖੇਡਦੇ, ਅਸੀਂ ਅਸਲ ਵਿੱਚ ਨਹੀਂ ਜਾਣਦੇ ਹਾਂ ਕਿ ਅਸੀਂ ਆਪਣੀ ਸਿਹਤ ਲਈ ਕਿੰਨਾ ਬੁਰਾ ਕਰ ਰਹੇ ਹਾਂ। ਸਾਰੇ ਕੰਮ ਅਤੇ ਕੋਈ ਖੇਡ ਨਹੀ ਤਾਂ ਸਾਡੇ ਸਰੀਰ ਵਿੱਚ ਵਧੇਰੇ ਮੋਟਾਪਾ, ਰਾਤ ਦੀ ਨੀਂਦ ਨਾ ਆਉਣਾ, ਭੋਜਨ ਦੀ ਬਦਹਜ਼ਮੀ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਸਾਨੂੰ ਖੇਡਾਂ ਅਤੇ ਖੇਡਾਂ ਦੀ ਕੀਮਤ ਨੂੰ ਸਮਝਣਾ ਚਾਹੀਦਾ ਹੈ।

ਇਸ ਲਈ ਸਾਨੂੰ ਖੁੱਲ੍ਹੀ ਹਵਾ ਵਿੱਚ ਸਭ ਤੋਂ ਵਧੀਆ ਕਸਰਤ ਕਰਨ ਲਈ ਆਪਣੇ ਖਾਲੀ ਸਮੇਂ ਵਿਚ ਕੁਝ ਖੇਡਾਂ ਅਤੇ ਖੇਡਾਂ ਖੇਡਣ ਦੀ ਲੋੜ ਹੈ। ਤਾਜ਼ੀ ਹਵਾ, ਜਿਸ ਵਿੱਚ ਇੱਕ ਸੀਮਤ ਕਮਰੇ ਨਾਲੋਂ ਵੱਧ ਆਕਸੀਜਨ ਹੁੰਦੀ ਹੈ,

ਸਾਡੇ ਸਰੀਰ ਨੂੰ ਆਰਾਮ ਦਿੰਦਾ ਹੈ। ਮਨ ਜੋ ਸਾਡੇ ਮਨ ਦੀ ਇਕਾਗਰਤਾ ਨੂੰ ਵਧਾਉਣ ਵਿੱਚ ਸਾਡੀ ਮਦਦ ਕਰੇਗਾ। ਅਸੀਂ ਸ਼ਤਰੰਜ ਵਰਗੀਆਂ ਅੰਦਰੂਨੀ ਖੇਡਾਂ ਖੇਡ ਸਕਦੇ ਹਾਂ ਜੋ ਸਾਡੀ ਸੋਚਣ ਸ਼ਕਤੀ, ਤੈਰਾਕੀ, ਟੇਬਲ ਟੈਨਿਸ, ਬੈਡਮਿੰਟਨ ਆਦਿ ਨੂੰ ਬਿਹਤਰ ਬਣਾਉਂਦੀਆਂ ਹਨ। ਸਾਨੂੰ ਸਭ ਨੂੰ ਖੇਡਾਂ ਦੇ ਕਿਸੇ ਵੀ ਰੂਪ ਨੂੰ ਖੇਡਣਾ ਚਾਹੀਦਾ ਹੈ । ਆਪਣੇ ਆਪ ਨੂੰ ਤਰੋਤਾਜ਼ਾ ਕਰਨ ਅਤੇ ਸਿਹਤਮੰਦ ਜੀਵਨ ਜਿਉਣ ਲਈ ਖੇਡਾਂ ਬਹੁਤ ਜ਼ਰੂਰੀ ਹਨ।

# 2024 ਦੀਆਂ ਫ਼ਿਲਮਾਂ ਨਵੇਂ ਰਿਕਾਰਡ ਬਣਾਉਣਗੀਆਂ




ਬੀਤੇ ਸਾਲ 2023 ਵਿੱਚ ਜਿਸ ਤਰ੍ਹਾਂ ਜਵਾਨ (1143.59 ਕਰੋੜ), ਪਠਾਨ (1050.40 ਕਰੋੜ), ਐਨੀਮਲ (881 ਕਰੋੜ), ਗ਼ਦਰ 2 (691.08 ਕਰੋੜ), ਜੇਲਰ (650 ਕਰੋੜ), ਲਿਓ (620.50 ਕਰੋੜ), ਸਾਲਾਰ (470 ਕਰੋੜ), ਪੋਨਿਅਲ ਸੇਲਵਨ ਪਾਰਟ-2 (345 ਕਰੋੜ), ਵਾਰਿਸੂ (310 ਕਰੋੜ), ਦ ਕੇਰਲਾ ਸਟੋਰੀ (303.97 ਕਰੋੜ), ਡੰਕੀ (270 ਕਰੋੜ), ਓ.ਐਮ.ਜੀ.-2 (221 ਕਰੋੜ), ਥੁਨਿਵੂ (200 ਕਰੋੜ), ਵਾਥੀ (118 ਕਰੋੜ), ਸੇਮ ਬਹਾਦੁਰ (116 ਕਰੋੜ) ਅਤੇ ਦਸਾਰਾ (110 ਕਰੋੜ) ਵਰਗੀਆਂ ਫ਼ਿਲਮਾਂ ਨੇ ਟਿਕਟ ਖਿੜਕੀ 'ਤੇ ਤਾਬੜਤੋੜ ਕਮਾਈ ਕੀਤੀ ਹੈ। ਉਸ ਤੋਂ ਬਾਅਦ ਹੁਣ ਨਵੇਂ ਸਾਲ ਤੋਂ ਵੀ ਉਮੀਦਾਂ ਵਧ ਗਈਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਢੇਰ ਸਾਰੀਆਂ ਛੋਟੇ ਬਜਟ ਦੀਆਂ ਫ਼ਿਲਮਾਂ ਤੋਂ ਇਲਾਵਾ ਕੁਝ ਵੱਡੇ ਬਜਟ ਅਤੇ ਅਜੈ ਦੇਵਗਨ ਤੋਂ ਲੈ ਕੇ ਅੱਲੂ ਅਰਜੁਨ ਵਰਗੀ ਸਟਾਰ ਕਾਸਟ ਵਾਲੀਆਂ ਫ਼ਿਲਮਾਂ ਰਿਲੀਜ਼ ਲਈ ਤਿਆਰ ਹਨ।

**ਸਿੰਘਮ ਅਗੇਨ** : ਹਿੰਦੀ ਸਿਨੇਮਾ ਜਗਤ ਦੇ ਸਭ ਤੋਂ ਜ਼ਿਆਦਾ ਕਾਮਯਾਬ ਨਿਰੇਦਸ਼ਕਾਂ ਵਿਚੋਂ ਇੱਕ ਰੋਹਿਤ ਸ਼ੈਟੀ ਵੱਲੋਂ ਨਿਰਦੇਸ਼ਿਤ ਸਿੰਘਮ ਅਗੇਨ ਦਾ ਪ੍ਰਸੰਸਕ ਵਰਗ ਇੱਕ ਲੰਮੇ ਸਮੇਂ ਤੋਂ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੈ। ਇਸ ਫ਼ਿਲਮ ਵਿੱਚ ਇੱਕ ਵਾਰ ਫਿਰ ਅਜੈ ਦੇਵਗਨ 'ਸਿੰਘਮ' ਦੀ ਭੂਮਿਕਾ ਵਿੱਚ ਨਜ਼ਰ ਆਉਣ ਵਾਲੇ ਹਨ। ਇਸ ਵਾਰ ਉਨ੍ਹਾਂ ਨਾਲ ਫ਼ਿਲਮ ਵਿੱਚ ਦੀਪਿਕਾ ਪਾਦੂਕੋਨ, ਕਰੀਨਾ ਕਪੂਰ ਅਤੇ ਅਰਜੁਨ ਕਪੂਰ ਹੋਣਗੇ। ਫ਼ਿਲਮ ਨੂੰ ਇਸ ਸਾਲ ਆਜ਼ਾਦੀ ਦਿਵਸ 'ਤੇ ਰਿਲੀਜ਼ ਕੀਤਾ ਜਾਵੇਗਾ।

**'ਬੜੇ ਮੀਆਂ ਛੋਟੇ ਮੀਆਂ'** : ਅਕਸ਼ੈ ਕੁਮਾਰ ਅਤੇ ਟਾਈਗਰ ਸ਼ਰਾਫ ਦੀ ਜੋੜੀ ਵਾਲੀ ਅਲੀ ਅੱਬਾਸ ਜਫਰ ਵੱਲੋਂ ਨਿਰਦੇਸ਼ਿਤ ਜ਼ਬਰਦਸਤ ਐਕਸ਼ਨ ਐਂਟਰਟੇਨਰ ਫ਼ਿਲਮ 'ਬੜੇ ਮੀਆਂ ਛੋਟੇ ਮੀਆਂ' 10 ਅਪ੍ਰੈਲ ਨੂੰ ਈਦ ਮੌਕੇ ਰਿਲੀਜ਼ ਹੋਵੇਗੀ। ਫ਼ਿਲਮ ਵਿੱਚ ਪ੍ਰਿਥਵੀਰਾਜ ਸੁਕੁਮਾਰਨ, ਸੋਨਾਕਸ਼ੀ ਸਿਨਹਾ, ਮਾਨੁਸ਼ੀ ਛਿੱਲਰ ਅਤੇ ਅਲਾਇਆ ਐਫ. ਵੀ ਹਨ। ਇਸ ਫ਼ਿਲਮ ਜ਼ਰੀਏ ਪਹਿਲੀ ਵਾਰ ਸਨਅਤ ਦੇ ਦੋ ਵੱਡੇ ਐਕਸ਼ਨ ਸਟਾਰ ਅਕਸ਼ੈ ਕੁਮਾਰ ਅਤੇ ਟਾਈਗਰ ਸ਼ਰਾਫ ਇਕੱਠੇ ਆ ਰਹੇ ਹਨ। ਇਸ ਲਈ ਇਸ ਫ਼ਿਲਮ ਨੂੰ ਲੈ ਕੇ ਹਰ ਕਿਸੇ ਨੇ ਕਾਫ਼ੀ ਉਮੀਦਾਂ ਲਾ ਰੱਖੀਆਂ ਹਨ।

**ਦੇਵਾ** : ਸ਼ਾਹਿਦ ਕਪੂਰ ਦੀ ਇਹ ਐਕਸ਼ਨ-ਡਰਾਮਾ ਫ਼ਿਲਮ 11 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਇਸ ਫ਼ਿਲਮ ਵਿੱਚ ਸ਼ਾਹਿਦ ਦੇ ਨਾਲ ਪੂਜਾ ਹੈਗੜੇ ਨਜ਼ਰ ਆਵੇਗੀ। ਇਸ ਫ਼ਿਲਮ ਦਾ ਨਿਰੇਦਸ਼ਨ ਮਲਿਆਲਮ ਫ਼ਿਲਮਾਂ ਦੇ ਜਾਣੇ-ਪਛਾਣੇ ਨਿਰਦੇਸ਼ਕ ਰੌਸ਼ਨ ਅੰਡਰਿਊਜ਼ ਕਰ ਰਹੇ ਹਨ।

**ਇਸਤਰੀ-2** : ਅਮਰ ਕੌਸ਼ਿਕ ਵੱਲੋਂ ਨਿਰਦੇਸ਼ਿਤ ਸ਼ਰਧਾ ਕਪੂਰ ਅਤੇ ਰਾਜ ਕੁਮਾਰ ਰਾਓ ਦੀ 2018 ਦੀ ਡਰਾਉਣੀ ਕਾਮੇਡੀ ਫ਼ਿਲਮ ਦੇ ਵਿਸਥਾਰ ਦੀ ਬਹੁਤ ਉਡੀਕੀ ਜਾਣ ਵਾਲੀ ਇਸਤਰੀ 2 ਇਸ ਸਾਲ 30 ਅਗਸਤ ਨੂੰ ਰਿਲੀਜ਼ ਹੋਵੇਗੀ। ਇਸ ਵਿਸਥਾਰ ਨੇ ਆਪਣੇ ਐਲਾਨ ਦੇ ਨਾਲ ਹੀ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। ਇਸ ਵਿੱਚ ਇੱਕ ਵਾਰ ਫਿਰ ਸ਼ਰਧਾ ਕਪੂਰ ਅਤੇ ਰਾਜ ਕੁਮਾਰ ਰਾਓ, ਪੰਕਜ ਤ੍ਰਿਪਾਠੀ, ਅਪਾਰਸ਼ਕਤੀ ਖੁਰਾਣਾ ਅਤੇ ਅਭਿਸ਼ੇਕ ਬੈਨਰਜੀ ਦੀ ਟੀਮ ਵਾਪਸ ਆ ਰਹੀ ਹੈ।

**ਜਿਗਰਾ** : ਵਾਸਨ ਮੁਟਿਆਰ ਵੱਲੋਂ ਨਿਰਦੇਸ਼ਿਤ ਇੱਕ ਭੈਣ ਦੇ ਕਿਰਦਾਰ ਵਿੱਚ ਆਲੀਆ ਭੱਟ ਆਪਣੇ ਭਰਾ ਵੇਦਾਂਗ ਰੈਣਾ ਲਈ ਹੌਸਲੇ ਵਾਲੀ ਲੜਾਈ ਲੜਦੀ ਨਜ਼ਰ ਆਵੇਗੀ। ਧਮਾਕੇਦਾਰ ਐਕਸ਼ਨ 'ਤੇ ਆਧਾਰਿਤ ਇਹ ਫ਼ਿਲਮ 27 ਸਤੰਬਰ ਨੂੰ ਆਵੇਗੀ। ਇਸ ਵਿੱਚ ਆਲੀਆ ਭੱਟ ਦਾ ਜ਼ਬਰਦਸਤ ਐਕਸ਼ਨ ਅਵਤਾਰ ਦੇਖਣ ਨੂੰ ਮਿਲੇਗਾ।

**ਚੈਂਪੀਅਨਸ** : ਪਿਛਲੇ ਸਾਲ ਟਿਕਟ ਖਿੜਕੀ 'ਤੇ ਸ਼ਾਹਰੁਖ ਅਤੇ ਸਲਮਾਨ ਖਾਨ ਦੀ ਧੂਮ ਰਹੀ ਪਰ ਆਮਿਰ ਖਾਨ ਖਾਮੋਸ਼ ਰਹੇ। ਪਰ ਇਸ ਸਾਲ ਆਮਿਰ, ਆਰ. ਐਸ. ਪ੍ਰਸੰਨਾ ਵਲੋਂ ਨਿਰਦੇਸ਼ਿਤ ਸਪੈਨਿਸ਼ ਫ਼ਿਲਮ ਚੈਂਪੀਅਨਸ ਦੀ ਰੀਮੇਕ ਵਿੱਚ ਇੱਕ ਬੇਹੱਦ ਚੁਣੌਤੀਪੂਰਨ ਭੂਮਿਕਾ ਵਿੱਚ ਨਜ਼ਰ ਆਉਣਗੇ। ਆਮਿਰ ਖਾਨ ਪ੍ਰੋਡਕਸ਼ਨ ਵੱਲੋਂ ਬਣਾਈ ਜਾ ਰਹੀ ਇਹ ਫ਼ਿਲਮ ਸਾਲ ਦੇ ਅਖੀਰ ਵਿੱਚ ਕ੍ਰਿਸਮਸ ਮੌਕੇ ਰਿਲੀਜ਼ ਹੋਵੇਗੀ।






**ਪੁਸ਼ਪਾ-2** : ਅੱਲੂ ਅਰਜੁਨ ਦੀ ਇਸ ਸਾਲ ਦੀ ਸਭ ਤੋਂ ਜ਼ਿਆਦਾ ਉਡੀਕੀਆਂ ਜਾਣ ਵਾਲੀਆਂ ਫ਼ਿਲਮਾਂ ਵਿਚੋਂ ਇੱਕ ਪੁਸ਼ਪਾ-2 ਹੈ। ਪਹਿਲੇ ਭਾਗ ਦੀ ਸ਼ਾਨਦਾਰ ਸਫ਼ਲਤਾ ਤੋਂ ਬਾਅਦ ਪ੍ਰਸੰਸਕ ਪੁਸ਼ਪਰਾਜ ਬਾਰੇ ਜ਼ਿਆਦਾ ਜਾਣਨ ਲਈ ਪੂਰੀ ਉਤਸੁਕਤਾ ਨਾਲ ਫ਼ਿਲਮ ਦਾ ਇੰਤਜ਼ਾਰ ਕਰ ਰਹੇ ਹਨ। ਇਹ ਫ਼ਿਲਮ ਇਸ ਸਾਲ ਅਗਸਤ ਵਿੱਚ ਆਵੇਗੀ।

**ਯੋਧਾ** : ਫ਼ਿਲਮ ਵਿੱਚ ਸਿਧਾਰਥ ਮਲਹੋਤਰਾ ਵਰਗੇ ਕਲਾਕਾਰਾਂ ਦੀ ਕਰਨ ਜੌਹਰ ਦੇ ਪ੍ਰੋਡਕਸ਼ਨ ਹਾਊਸ ਦੀ ਮਾਰਧਾੜ ਨਾਲ ਭਰਪੂਰ ਫ਼ਿਲਮ 15 ਮਾਰਚ ਨੂੰ ਰਿਲੀਜ਼ ਹੋਵੇਗੀ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਫ਼ਿਲਮ ਸਿਧਾਰਥ ਦੇ ਚਾਕਲੇਟ ਬੁਆਏ ਵਾਲੀ ਦਿੱਖ ਨੂੰ ਮਾਚੋਮੈਨ ਵਿੱਚ ਬਦਲ ਦੇਵੇਗੀ।

**ਚੰਦੂ ਚੈਂਪੀਅਨ** : ਕਾਰਤਿਕ ਆਰੀਅਨ ਲਈ ਪਿਛਲਾ ਸਾਲ ਕੁਝ ਖ਼ਾਸ ਨਹੀਂ ਰਿਹਾ ਸੀ। ਭਰਪਾਈ ਦੇ ਇਰਾਦੇ ਨਾਲ ਇਸ ਸਾਲ ਪਹਿਲੀ ਵਾਰ ਉਹ ਐਕਸ਼ਨ ਅਵਤਾਰ ਦੇ ਨਾਲ ਫ਼ਿਲਮ ਚੰਦੂ ਚੈਂਪੀਅਨ ਵਿੱਚ ਨਜ਼ਰ ਆਉਣਗੇ। 1965 ਦੀ ਭਾਰਤ-ਪਾਕਿ ਜੰਗ 'ਤੇ ਆਧਾਰਿਤ ਇਸ ਫ਼ਿਲਮ ਨੂੰ ਕਬੀਰ ਖਾਨ ਨਿਰਦੇਸ਼ਿਤ ਕਰ ਰਹੇ ਹਨ।

ਪਿਛਲੇ ਸਾਲ ਜਿਸ ਤਰ੍ਹਾਂ ਨਾਲ ਜਵਾਨ (65 ਕਰੋੜ), ਐਨੀਮਲ (54.75 ਕਰੋੜ), ਪਠਾਨ (55 ਕਰੋੜ), ਟਾਈਗਰ 3 (40.70 ਕਰੋੜ), ਗ਼ਦਰ 2 (40.10 ਕਰੋੜ), ਆਦਿਪੁਰਸ਼ (37.25 ਕਰੋੜ), ਡੰਕੀ (28 ਕਰੋੜ), ਰਾਕੀ ਔਰ ਰਾਨੀ ਕੀ ਪ੍ਰੇਮ ਕਹਾਨੀ (11.10 ਕਰੋੜ), ਓ.ਐਮ.ਜੀ. 2 (10.26 ਕਰੋੜ) ਅਤੇ ਸਤਿਆਪ੍ਰੇਮ ਕੀ ਕਥਾ (9.25 ਕਰੋੜ) ਦੇ ਪਹਿਲੇ ਦਿਨ ਦੀ ਕੁਲੈਕਸ਼ਨ ਨਾਲ ਰਿਕਾਰਡ ਬਣਾਇਆ ਸੀ। ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਾਲ ਪ੍ਰਦਰਸ਼ਿਤ ਹੋਣ ਵਾਲੀਆਂ ਫ਼ਿਲਮਾਂ ਉਨ੍ਹਾਂ ਦੇ ਰਿਕਾਰਡ ਨੂੰ ਤੋੜਦੇ ਹੋਏ ਨਵੇਂ ਰਿਕਾਰਡ ਬਣਾਉਣਗੀਆਂ।

## ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਡਰਿੱਪੀ' ਰਿਲੀਜ਼




ਮਾਨਸਾ/ਏ.ਟੀ.ਨਿਊਜ਼ :ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਨਵਾਂ ਗੀਤ 'ਡਰਿੱਪੀ' ਰਿਲੀਜ਼ ਹੋ ਗਿਆ ਹੈ। ਗੀਤ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ 50 ਹਜ਼ਾਰ ਤੋਂ ਵੱਧ ਲੋਕ ਇਸ ਗੀਤ ਦੀ ਉਡੀਕ ਕਰ ਰਹੇ ਸਨ ਅਤੇ ਰਿਲੀਜ਼ ਹੋਣ ਤੋਂ ਇੱਕ ਘੰਟੇ ਬਾਅਦ ਹੀ ਗੀਤ ਨੂੰ 9.73 ਲੱਖ ਤੋਂ ਵੱਧ ਵਿਊ ਮਿਲ ਚੁੱਕੇ ਸਨ। ਇਸ ਦੇ ਨਾਲ ਹੀ ਲਗਪਗ 4.63 ਲੱਖ ਲੋਕਾਂ ਨੇ ਇਸ ਨੂੰ ਪਸੰਦ ਕੀਤਾ ਹੈ ਅਤੇ ਦੋ ਲੱਖ ਤੋਂ ਵੱਧ ਕੁਮੈਂਟ ਆਏ ਹਨ। ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ 29 ਮਈ 2022 ਵਿੱਚ ਸਿੱਧੂ ਮੂਸੇਵਾਲਾ ਦਾ ਕਤਲ ਹੋਣ ਮਗਰੋਂ ਇਹ ਛੇਵਾਂ ਗੀਤ ਰਿਲੀਜ਼ ਕੀਤਾ ਗਿਆ ਹੈ। ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਤੇ ਮਾਤਾ ਚਰਨ ਕੌਰ ਵੱਲੋਂ ਮੂਸੇਵਾਲਾ ਦੇ ਯੂ-ਟਿਊਬ ਚੈਨਲ 'ਤੇ ਇਹ ਗੀਤ ਰਿਲੀਜ਼ ਕੀਤਾ ਗਿਆ ਹੈ। ਇਹ ਗੀਤ 3.17 ਮਿੰਟ ਦਾ ਹੈ। ਗਾਣੇ ਦੀ ਵੀਡੀਓ ਐਨੀਮੇਸ਼ਨ ਨਾਲ ਤਿਆਰ ਕੀਤੀ ਗਈ ਹੈ। ਪੁੱਤਰ ਦੇ ਨਵੇਂ ਗੀਤ ਨੂੰ ਭਰਪੂਰ ਪਿਆਰ ਮਿਲਦਾ ਦੇਖ ਕੇ ਬਲਕੌਰ ਸਿੰਘ ਤੇ ਚਰਨ ਕੌਰ ਨੇ ਪ੍ਰਸ਼ੰਸਕਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਵੇਰੇ 11 ਵਜੇ ਇਹ ਗੀਤ ਯੂ-ਟਿਊਬ 'ਤੇ ਪੰਜਵੇਂ ਨੰਬਰ 'ਤੇ ਟਰੈਂਡ ਕਰ ਰਿਹਾ ਸੀ। ਪੂਰਾ ਗੀਤ ਰੈਪ ਵਾਂਗ ਗਾਇਆ ਗਿਆ ਹੈ। ਗੀਤ ਰਿਲੀਜ਼ ਕਰਨ ਸਬੰਧੀ ਬਲਕੌਰ ਸਿੰਘ ਨੇ ਇੱਕ ਪੋਸਟਰ ਸਾਂਝਾ ਕਰ ਕੇ ਜਾਣਕਾਰੀ ਦਿੱਤੀ ਸੀ।

## ਪੂਨਮ ਪਾਂਡੇ ਦੀ ਮੌਤ ਦੀ ਅਫ਼ਵਾਹ ਫ਼ੈਲਾਉਣ ਵਾਲੀ ਏਜੰਸੀ ਨੇ ਮੰਗੀ ਮੁਆਫ਼ੀ

ਮੁੰਬਈ/ਏ.ਟੀ.ਨਿਊਜ਼ :-ਵਿਵਾਦਿਤ ਅਦਾਕਾਰਾ ਤੇ ਮਾਡਲ ਪੂਨਮ ਪਾਂਡੇ ਇਨ੍ਹੀਂ ਦਿਨੀਂ ਲਗਾਤਾਰ ਸੁਰਖ਼ੀਆਂ 'ਚ ਹੈ। ਕਾਰਨ ਹਰ ਕੋਈ ਜਾਣਦਾ ਹੈ। ਉਸ ਨੇ ਆਪਣੀ ਮੌਤ ਦੀ ਝੂਠੀ ਖ਼ਬਰ ਫੈਲਾਈ ਕਿ ਉਹ ਸਰਵਾਈਕਲ ਕੈਂਸਰ ਬਾਰੇ ਜਾਗਰੂਕਤਾ ਫੈਲਾ ਰਹੀ ਸੀ।

ਇਸ ਦੌਰਾਨ ਪੂਨਮ ਦੀ ਇਸ ਡਰਾਮੇਬਾਜ਼ੀ ਦੇ ਪਿੱਛੇ ਵਾਲੀ ਕੰਪਨੀ 'ਸ਼ਬਾਂਗ' ਨੇ ਜਨਤਕ ਤੌਰ 'ਤੇ ਮੁਆਫ਼ੀ ਮੰਗ ਲਈ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਸ ਸਟੰਟ ਤੋਂ ਬਾਅਦ ਸਰਵਾਈਕਲ ਕੈਂਸਰ ਬਾਰੇ ਹੋਰ ਵੀ ਚਰਚਾ ਹੋਈ ਹੈ।

ਪੂਨਮ ਪਾਂਡੇ ਦੀ ਫਰਜ਼ੀ ਮੌਤ ਪਿੱਛੇ ਕੰਪਨੀ ਸ਼ਬਾਂਗ ਦੇ ਅਧਿਕਾਰਤ ਹੈਂਡਲ ਨੇ ਲਿੰਕਡਿਨ 'ਤੇ ਮੁਆਫ਼ੀਨਾਮਾ ਸਾਂਝਾ ਕੀਤਾ ਹੈ। ਇਸ 'ਚ ਲਿਖਿਆ ਹੈ, "ਹਾਂ, ਅਸੀਂ ਹੌਟਰਫਲਾਈ ਦੇ ਸਹਿਯੋਗ ਨਾਲ ਸਰਵਾਈਕਲ ਕੈਂਸਰ ਬਾਰੇ ਜਾਗਰੂਕਤਾ ਫੈਲਾਉਣ ਲਈ ਪੂਨਮ ਪਾਂਡੇ ਦੀ ਪਹਿਲਕਦਮੀ 'ਚ ਸ਼ਾਮਲ ਸੀ। ਸ਼ੁਰੂ ਕਰਨ ਲਈ ਅਸੀਂ ਦਿਲੋਂ ਮੁਆਫ਼ੀ ਮੰਗਣਾ ਚਾਹੁੰਦੇ ਹਾਂ। ਖ਼ਾਸ ਤੌਰ 'ਤੇ ਉਨ੍ਹਾਂ ਕੋਲੋਂ ਜਿਨ੍ਹਾਂ ਦੇ ਅਜ਼ੀਜ਼ਾਂ ਨੂੰ ਕਿਸੇ ਵੀ ਕਿਸਮ ਦੇ ਕੈਂਸਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।"



**ਸਿਰਫ਼ ਮਿਸ਼ਨ ਜਾਗਰੂਕਤਾ ਫੈਲਾਉਣਾ ਸੀ**

ਪੋਸਟ ਨੇ ਸੰਕੇਤ ਦਿੱਤਾ ਕਿ ਇਹ ਵਿਵਾਦਪੂਰਨ ਕਦਮ ਸਰਵਾਈਕਲ ਕੈਂਸਰ ਬਾਰੇ ਜਾਗਰੂਕਤਾ ਫੈਲਾਉਣ ਦੇ ਮਿਸ਼ਨ ਦੇ ਬਦਲੇ ਵਜੋਂ ਸੀ। ਇਸ 'ਚ ਲਿਖਿਆ ਗਿਆ ਸੀ, "ਸਾਡੀ ਕਾਰਵਾਈ ਦਾ ਇਕੋ ਇਕ ਮਿਸ਼ਨ ਸਰਵਾਈਕਲ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। 2022 'ਚ ਭਾਰਤ 'ਚ ਸਰਵਾਈਕਲ ਕੈਂਸਰ ਦੇ 1,23,907 ਮਾਮਲੇ ਤੇ 77,348 ਮੌਤਾਂ ਹੋਈਆਂ। ਛਾਤੀ ਦੇ ਕੈਂਸਰ ਤੋਂ ਬਾਅਦ, ਸਰਵਾਈਕਲ ਕੈਂਸਰ ਭਾਰਤ 'ਚ ਮੱਧ ਉਮਰ ਦੀਆਂ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੀ ਦੂਜੀ ਸਭ ਤੋਂ ਘਾਤਕ ਬਿਮਾਰੀ ਹੈ।"

**ਪੂਨਮ ਦੀ ਮਾਂ ਕੈਂਸਰ ਨਾਲ ਜੂਝ ਰਹੀ ਸੀ**

ਕੰਪਨੀ ਨੇ ਇਹ ਵੀ ਸਾਂਝਾ ਕੀਤਾ ਹੈ ਕਿ ਪੂਨਮ ਪਾਂਡੇ ਦੀ ਮਾਂ ਕੈਂਸਰ ਨਾਲ ਜੂਝ ਰਹੀ ਸੀ ਤੇ ਇਸ ਲਈ ਉਹ ਇਸ ਬਿਮਾਰੀ ਦੀ ਮਹੱਤਤਾ ਨੂੰ ਜਾਣਦੀ ਹੈ। ਮੁਆਫ਼ੀਨਾਮਾ ਪੋਸਟ 'ਚ ਕਿਹਾ ਗਿਆ ਹੈ, "ਤੁਹਾਡੇ 'ਚੋਂ ਬਹੁਤ ਸਾਰੇ ਅਣਜਾਣ ਹੋਣਗੇ ਪਰ ਪੂਨਮ ਦੀ ਮਾਂ ਨੇ ਕੈਂਸਰ ਨਾਲ ਬਹਾਦਰੀ ਨਾਲ ਲੜਿਆ ਹੈ। ਇਸ ਨੂੰ ਇੰਨੇ ਨੇੜਿਓਂ ਦੇਖਣ ਤੇ ਆਪਣੀ ਨਿੱਜੀ ਜ਼ਿੰਦਗੀ 'ਚ ਅਜਿਹੀ ਬਿਮਾਰੀ ਨਾਲ ਲੜਨ ਦੀਆਂ ਚੁਣੌਤੀਆਂ 'ਚੋਂ ਲੰਘਣ ਤੋਂ ਬਾਅਦ ਪੂਨਮ ਨੇ ਰੋਕਥਾਮ ਦੇ ਮਹੱਤਵ ਤੇ ਜਾਗਰੂਕਤਾ ਦੀ ਗੰਭੀਰਤਾ ਨੂੰ ਸਮਝਿਆ। ਖ਼ਾਸ ਕਰਕੇ ਜਦੋਂ ਵੈਕਸੀਨ ਉਪਲੱਬਧ ਹੋਵੇ।

## ਕਾਮਿਆਂ ਦੀ ਕਮੀ ਪੂਰੀ ਕਰਨ ਲਈ

ਫਲਸਤੀਨ 'ਤੇ ਪਹਿਲੀ ਅਤੇ ਦੂਜੀ ਜੰਗ ਦੌਰਾਨ ਇੰਗਲੈਂਡ ਦਾ ਕਬਜ਼ਾ ਹੋ ਗਿਆ ਸੀ। ਇਸ ਦੌਰਾਨ ਬ੍ਰਿਟੇਨ ਦੀ ਫੌਜ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਅਤੇ ਪੰਜਾਬੀ ਫੌਜੀ ਹੁੰਦੇ ਸਨ। ਯਹੂਦੀ ਅਤੇ ਅਰਬ ਦੇ ਵਿਚਾਲੇ ਤਣਾਅ ਹੋਣ ਦੀ ਵਜ੍ਹਾ ਕਰਕੇ ਇੱਥੇ ਕਈ ਵਾਰ ਹਥਿਆਰਬੰਦ ਹਮਲੇ ਅਤੇ ਬੰਬਾਰੀ ਹੁੰਦੀ ਰਹਿੰਦੀ ਸੀ । ਭਾਰਤੀ ਫੌਜੀਆਂ ਨੂੰ ਨਿਰਪੱਖ ਮੰਨਿਆ ਜਾਂਦਾ ਸੀ ਇਸੇ ਲਈ ਇੱਥੇ ਉਨ੍ਹਾਂ ਨੂੰ ਬ੍ਰਿਟੇਨ ਦੀ ਸਰਕਾਰ ਨੇ ਤਾਇਨਾਤ ਕੀਤਾ ਸੀ।ਉਸ ਵੇਲੇ ਫੌਜੀ ਯੋਰੂਸ਼ਲਮ ਵਿੱਚ ਆਉਣ ਵਾਲੇ ਲੋਕਾਂ ਦੀ ਤਲਾਸ਼ੀ ਵੀ ਲੈਂਦੇ ਸਨ।

1918 ਵਿੱਚ ਜਦੋਂ ਫਲਸਤੀਨ ਨੂੰ ਬ੍ਰਿਟੇਨ ਤੁਰਕੀ ਤੋਂ ਆਪਣੇ ਕਬਜ਼ੇ ਵਿੱਚ ਲਿਆ ਤਾਂ ਉਸ ਵਿੱਚ ਭਾਰਤੀ ਫੌਜੀਆਂ ਨੇ ਬ੍ਰਿਟੇਨ ਫੌਜ ਵੱਲੋਂ ਅਹਿਮ ਭੂਮਿਕਾ ਅਦਾ ਕੀਤੀ। 1918 ਦੀ ਹਾਇਫਾ ਦੀ ਲੜਾਈ ਦੌਰਾਨ ਹੀ ਬ੍ਰਿਟੇਨ ਨੇ ਫਲਸਤੀਨ 'ਤੇ ਕਬਜ਼ਾ ਕੀਤਾ ਸੀ। ਪਟਿਆਲਾ ਰਾਜਘਰਾਣੇ ਨਾਲ ਸਬੰਧਿਤ ਪਟਿਆਲਾ ਲਾਂਸਰ ਹਾਇਫਾ ਦੀ ਲੜਾਈ ਵੇਲੇ ਫੌਜ ਦਾ ਹਿੱਸਾ ਸਨ। ਨਵਤੇਜ ਸਰਨਾ ਦੀ ਕਿਤਾਬ ਮੁਤਾਬਿਕ ਭਾਰਤੀ ਫੌਜੀ ਮੇਜਰ ਦਲਪਤ ਸਿੰਘ ਦਾ ਹਾਫਿਆ ਦੀ ਲੜਾਈ ਦੇ ਸਭ ਤੋਂ ਵੱਡੇ ਨਾਇਕ ਮੰਨੇ ਜਾਂਦੇ ਹਨ। ਸਰਨਾ ਨੇ ਦੱਸਿਆ ਕਿ ਅਣਵੰਡੇ ਭਾਰਤ ਦੇ ਫੌਜੀਆਂ ਫਲਸਤੀਨ ਵਿੱਚ ਬ੍ਰਿਟੇਨ ਵੱਲੋਂ ਅਹਿਮ ਭੂਮਿਕਾ ਅਦਾ ਕੀਤੀ।ਉਸ ਵੇਲੇ 1,50,000 ਭਾਰਤੀ ਫੌਜੀ ਮਿਸਰ ਅਤੇ ਇਜ਼ਰਾਈਲ ਵਿੱਚ ਭੇਜੇ ਗਏ ਸਨ ਤਾਂ ਕਿ ਤੁਰਕੀ ਨੂੰ ਮਾਤ ਦਿੱਤੀ ਜਾ ਸਕੇ।

ਭਾਰਤੀ ਫੌਜੀਆਂ ਨੇ ਸਤੰਬਰ ਅਤੇ ਅਕਤੂਬਰ ਵਿੱਚ 1918 ਫਸਲਤੀਨ ਮੁਹਿੰਮ ਵਿੱਚ ਵੀ ਹਿੱਸਾ ਲਿਆ ਜਦੋਂ ਬ੍ਰਿਟੇਨ ਦੀ ਫੌਜ ਦੇ ਸਾਹਮਣੇ ਫਲਸਤੀਨ ਵਿੱਚ ਵਸੇ ਅਰਬੀ ਅਤੇ ਤੁਰਕੀ ਦੋਵੇ ਪਾਸੇ ਤੋਂ ਚੁਣੌਤੀਆਂ ਪੇਸ਼ ਕਰ ਰਹੇ ਸਨ। ਦੱਸਿਆ ਜਾਂਦਾ ਹੈ ਕਿ ਬਰਤਾਨਵੀ ਫੌਜ ਵੱਲੋਂ ਲੜਨ ਵਾਲੀ ਫੌਜ ਵਿੱਚ ਘੋੜ ਸਵਾਰ ਫੌਜੀਆਂ ਦੀ ਵੱਧ ਗਿਣਤੀ ਸੀ ਉਨ੍ਹਾਂ ਨੇ ਤੁਰਕ ਫੌਜੀਆਂ ਨੂੰ ਹਰਾਇਆ ਸੀ। ਹਾਫਿਆ ਦੀ ਜੰਗ ਵਿੱਚ ਜੋਧਪੁਰ ਲਾਂਸਰ, ਅਤੇ ਮੈਸੂਰ ਲਾਂਸਰ ਨਾਂਅ ਦੀਆਂ ਸੈਨਿਕ ਟੁਕੜੀਆਂ ਨੇ ਇਸ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਇਹ ਫੌਜੀ ਟੁਕੜੀਆਂ ਜੋਧਪੁਰ ਰਾਜਘਰਾਣੇ ਅਤੇ ਮੈਸੂਰ ਰਾਜ ਘਰਾਣੇ ਨਾਲ ਸਬੰਧਤ ਸੀ। ਬ੍ਰਿਟੇਨ ਯਹੂਦੀਆਂ ਨੂੰ ਪਹਿਲਾਂ ਹੀ ਵੱਖ ਦੇਸ਼ ਦਾ ਵਾਧਾ ਕਰ ਚੁੱਕਿਆ ਸੀ ਜੋ ਉਸ ਨੇ 1948 ਵਿੱਚ ਪੂਰਾ ਕੀਤਾ।

ਭਾਰਤੀ ਵਿਦੇਸ਼ ਮੰਤਰਾਲੇ ਦੇ ਸਾਬਕਾ ਬੁਲਾਰੇ ਤੇ ਇਜ਼ਰਾਈਲ ਵਿੱਚ ਭਾਰਤੀ ਸਫੀਰ ਰਹੇ ਨਵਤੇਜ ਸਰਕਾਰ ਨੇ ਆਪਣੀ ਕਿਤਾਬ ਵਿੱਚ ਲਿਖਿਆ 'ਦਿ ਹੇਰੋਡਸ ਗੇਟ - ਏ ਯੇਰੂਸਲਮ ਟੇਲ' ਨਾਂ ਦੀ ਕਿਤਾਬ ਵਿੱਚ ਦੱਸਿਆ ਹੈ ਕਿ ਭਾਰਤੀ ਫੌਜੀ ਲੀਬੀਆ, ਲਿਬਨਾਨ,ਮਿਸਰ ਅਤੇ ਹੋਰ ਇਲਾਕਿਆਂ ਤੋਂ ਅਰਾਮ ਕਰਨ ਦੇ ਲਈ ਯੇਰੂਸ਼ਲਮ ਆਉਂਦੇ ਸਨ। ਉਹ ਇੰਡੀਅਨ ਹੌਮਪਿਸ, ਜਿਸ ਨੂੰ ਬਾਬਾ ਫ਼ਰੀਦ ਹੌਮਪਿਸ ਵੀ ਕਿਹਾ ਜਾਂਦਾ ਹੈ, ਵਿੱਚ ਆਕੇ ਅਰਾਮ ਕਰਦੇ ਸਨ। ਬਾਬਾ ਫਰੀਦ 1200 ਈਸਵੀਂ ਵਿੱਚ ਇੱਥੇ ਆਏ ਸਨ ।

***

## ਅਮਰੀਕਾ ਦੇ ਸਾਬਕਾ ਡਿਪਲੋਮੈਟ ਵੱਲੋਂ

ਅਮਰੀਕਾ ਨੇ ਈਰਾਨ ਨਾਲ ਜੰਗ ਸ਼ੁਰੂ ਕਰਨ ਤੋਂ ਬਚਣ ਲਈ ਸਿੱਧੇ ਤੌਰ 'ਤੇ ਉਸ ਨੂੰ ਨਿਸ਼ਾਨਾ ਨਹੀਂ ਬਣਾਇਆ। ਰਿਪੋਰਟਾਂ ਮੁਤਾਬਕ ਅਮਰੀਕਾ ਅਜਿਹਾ ਕਰਕੇ ਇਰਾਨ ਦੀ ਲੀਡਰਸ਼ਿਪ ਨੂੰ ਸਿੱਧਾ ਸੰਦੇਸ਼ ਭੇਜਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿਉਂਕਿ ਇਰਾਨ ਇਨ੍ਹਾਂ ਸਮੂਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪੈਸਾ ਅਤੇ ਹਥਿਆਰ ਮੁਹੱਈਆ ਕਰਦਾ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਸ਼ੁੱਕਰਵਾਰ ਨੂੰ ਇਰਾਕ ਅਤੇ ਸੀਰੀਆ 'ਤੇ ਹਮਲਾ ਕੀਤਾ ਸੀ ਪਰ ਹਾਉਤੀ 'ਤੇ ਹਮਲਾ ਵੱਖਰਾ ਹੈ। ਇਹ ਅਮਰੀਕੀ ਜੰਗੀ ਬੇੜਿਆਂ 'ਤੇ ਹੋਤੀ ਬਾਗੀਆਂ ਦੇ ਹਮਲਿਆਂ ਦਾ ਜਵਾਬ ਹੈ। ਅਮਰੀਕੀ ਰਾਸ਼ਟਰਪਤੀ ਬਿਡੇਨ ਨੇ ਇਸ ਹਫਤੇ ਹਾਉਤੀ 'ਤੇ ਹਮਲੇ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਇਸ ਦੌਰਾਨ ਅਮਰੀਕਾ ਦੇ ਸਾਬਕਾ ਡਿਪਲੋਮੈਟ ਮਾਰਕ ਵੈਲੇਸ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਰਾਨ ਨੂੰ ਨਾ ਰੋਕਿਆ ਗਿਆ ਤਾਂ ਉਹ ਪਲਕ ਝਪਕਦੇ ਹੀ ਭਿਆਨਕ ਪ੍ਰਮਾਣੂ ਹਥਿਆਰ ਬਣਾ ਸਕਦਾ ਹੈ। ਇਸ ਰਾਹੀਂ ਉਹ ਪ੍ਰਮਾਣੂ ਯੁੱਧ ਭੜਕਾਉਣ ਤੋਂ ਪਿੱਛੇ ਨਹੀਂ ਹਟੇਗਾ। ਉਨ੍ਹਾਂ ਪੱਛਮੀ ਦੇਸ਼ਾਂ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕਰਨ ਤੋਂ ਡਰਨਾ ਨਹੀਂ ਚਾਹੀਦਾ। ਮਾਰਕ ਵੈਲੇਸ ਨੇ 'ਦਿ ਸਨ' ਨੂੰ ਦੱਸਿਆ ਕਿ ਜਿਵੇਂ-ਜਿਵੇਂ ਸੰਸਾਰ ਗਲੋਬਲ ਤਬਾਹੀ ਦੇ ਨੇੜੇ ਆ ਰਿਹਾ ਹੈ, ਪੱਛਮੀ ਦੇਸ਼ ਇਰਾਨ 'ਤੇ ਲਗਾਮ ਲਗਾਉਣ ਦੀ ਤਾਕਤ ਗੁਆ ਰਹੇ ਹਨ।

ਉਸਨੇ ਦੋਸ਼ ਲਗਾਇਆ, ਇਰਾਨ ਅੱਤਵਾਦ ਦਾ ਨੰਬਰ ਇੱਕ ਸਪਾਂਸਰ ਦੇਸ਼ ਹੈ। ਇਹ ਵਿਸ਼ਵ ਪੱਧਰ 'ਤੇ ਸਭ ਤੋਂ ਬੇਰਹਿਮ ਅਤੇ ਅਸਥਿਰ ਦੇਸ਼ ਵੀ ਹੈ। ਅਜਿਹੀ ਸਥਿਤੀ ਵਿੱਚ ਇਰਾਨ ਨੂੰ ਕਦੇ ਵੀ ਪ੍ਰਮਾਣੂ ਹਥਿਆਰ ਨਹੀਂ ਮਿਲਣੇ ਚਾਹੀਦੇ, ਕਿਉਂਕਿ ਇਸ ਨਾਲ ਪੂਰੀ ਦੁਨੀਆਂ ਲਈ ਖ਼ਤਰਾ ਵਧੇਗਾ।

ਮਾਰਕ ਵੈਲੇਸ ਨੇ ਦਾਅਵਾ ਕੀਤਾ ਕਿ ਇਰਾਨ ਪਰਮਾਣੂ ਹਥਿਆਰਾਂ ਨੂੰ ਵਿਕਸਤ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਇਸ ਨੂੰ ਰੋਕਣ ਦੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਵਿਸ਼ਵ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਤੇ ਇਰਾਨ ਦਾ ਤਣਾਅ ਛਿੜਿਆ ਤਾਂ ਪਟਰੋਲ ਮਹਿੰਗਾ ਹੋ ਸਕਦਾ ਹੈ ਤੇ ਵਿਸ਼ਵ ਮੰਦੀ ਹੋਰ ਡੂੰਘੀ ਹੋ ਸਕਦੀ ਹੈ। ਇਥੋਂ ਤਕ ਪ੍ਰਮਾਣੂ ਜੰਗ ਦੀ ਵੀ ਸੰਭਾਵਨਾ ਹੈ।

***

## ਪਿਛਲੇ ਸਾਲ ਸੰਸਦ 'ਚ ਦਾਖ਼ਲ

ਨੀਲਮ ਤੇ ਅਮੋਲ, ਜਿਹੜੇ ਸੰਸਦ ਦੇ ਬਾਹਰ ਫੜੇ ਗਏ ਸਨ, ਕੋਲ ਮੋਬਾਇਲ ਫੋਨ ਨਹੀਂ ਸੀ। ਕੋਈ ਬੈਗ ਜਾਂ ਪਛਾਣ ਪੱਤਰ ਵੀ ਨਹੀਂ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਖੁਦ ਸੰਸਦ ਪੁੱਜੇ ਤੇ ਉਨ੍ਹਾਂ ਦਾ ਕਿਸੇ ਜਥੇਬੰਦੀ ਨਾਲ ਸੰਬੰਧ ਨਹੀਂ। ਉਸ ਦਿਨ ਦੋ ਨੌਜਵਾਨ ਦਰਸ਼ਕ ਗੈਲਰੀ ਤੋਂ ਲੋਕ ਸਭਾ ਦੀਆਂ ਬੈਂਚਾਂ 'ਤੇ ਕੁੱਦੇ ਸਨ ਤੇ ਉਨ੍ਹਾਂ ਰੰਗੀਨ ਧੂੰਆਂ ਛੱਡਿਆ ਸੀ। ਇਨ੍ਹਾਂ ਨੂੰ ਵੀ ਫੜ ਲਿਆ ਗਿਆ ਸੀ। ਦੋ ਹੋਰ ਵੀ ਫੜੇ ਗਏ ਸਨ। ਇਹ ਬੇਰੁਜ਼ਗਾਰੀ ਤੇ ਸਰਕਾਰੀ ਦਮਨ ਖਿਲਾਫ ਲੋਕਾਂ ਦਾ ਧਿਆਨ ਖਿੱਚਣਾ ਚਾਹੁੰਦੇ ਸਨ। ਦੇਸ਼ ਵਿੱਚ ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਬਿਹਾਰ ਤੋਂ ਲੈ ਕੇ ਦਿੱਲੀ ਦੀਆਂ ਸੜਕਾਂ ਤੱਕ ਲੱਖਾਂ ਨੌਜਵਾਨ ਪ੍ਰਦਰਸ਼ਨ ਕਰ ਰਹੇ ਹਨ। ਮੁਲਜ਼ਮਾਂ ਦੇ ਫੋਨ ਤੇ ਸੋਸ਼ਲ ਮੀਡੀਆ ਸਾਈਟਸ ਨੂੰ ਪੁਲਿਸ ਕਿੰਨੀ ਵਾਰ ਖੰਗਾਲ ਚੁੱਕੀ ਹੈ ਤੇ ਬਿਨਾਂ ਨਾਂਅ ਦੱਸੇ ਅਧਿਕਾਰੀ ਜਾਣਕਾਰੀਆਂ ਜਨਤਕ ਵੀ ਕਰਦੇ ਆ ਰਹੇ ਹਨ। ਹਫਤਾ ਪਹਿਲਾਂ ਵੀ ਦਿੱਲੀ ਪੁਲਿਸ ਨੇ ਕਿਹਾ ਸੀ ਕਿ ਸਾਰੇ ਮੁਲਜ਼ਮ ਮਸ਼ਹੂਰ ਹੋਣ ਲਈ ਕੁਝ ਵੱਡਾ ਕਰਨਾ ਚਾਹੁੰਦੇ ਸਨ। ਇਨ੍ਹਾਂ ਤੋਂ ਇਲਾਵਾ ਪੁਲਿਸ ਨੂੰ ਪੜਤਾਲ ਵਿਚ ਕੁਝ ਵੀ ਨਹੀਂ ਲੱਭਾ । ਅਜਿਹੇ ਵਿੱਚ ਸਵਾਲ ਉਠਦਾ ਹੈ ਕਿ ਜਦ ਸਭ ਸ਼ੀਸ਼ੇ ਵਾਂਗ ਸਾਫ ਹੈ ਤਾਂ ਫਿਰ ਨਾਰਕੋ ਟੈਸਟ ਜਾਂ ਦਬਾਅ ਪਾ ਕੇ ਆਪੋਜ਼ੀਸ਼ਨ ਪਾਰਟੀ ਜਾਂ ਆਗੂ ਦਾ ਨਾਂਅ ਕਬੂਲ ਕਰਾਉਣ ਲਈ ਕਿਉ ਮਜਬੂਰ ਕੀਤਾ ਜਾ ਰਿਹਾ ਹੈ। ਜਿਸ ਭਾਜਪਾ ਸਾਂਸਦ ਦੇ ਪਾਸ 'ਤੇ ਨੌਜਵਾਨ ਸੰਸਦ ਵਿੱਚ ਦਾਖਲ ਹੋਏ ਸਨ, ਉਸ ਖ਼ਿਲਾਫ਼ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ, ਪਰ ਆਪਣੀ ਪੀੜਾ ਲੋਕਾਂ ਨੂੰ ਦੱਸਣ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾ ਰਹੇ ਹਨ।

***

## ਪੰਜਾਬ 'ਚ ਲੋਕ ਸਭਾ ਦੀਆਂ 13 ਸੀਟਾਂ ਜਿੱਤਣ

ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਜੇਕਰ ਕਾਂਗਰਸ ਸਿੱਖ ਤੇ ਪੰਜਾਬ ਏਜੰਡਾ ਨਹੀਂ ਅਪਨਾਏਗੀ ਤਾਂ ਉਹ ਪੰਜਾਬ ਵਿੱਚ ਰਾਜਨੀਤਕ ਤਾਕਤ ਨਹੀਂ ਫੜ ਸਕੇਗੀ।

ਭਾਨਾ ਸਿੱਧੂ ਦੀ ਗ੍ਰਿਫਤਾਰੀ ਬਾਅਦ ਸੁਖਪਾਲ ਸਿੰਘ ਖਹਿਰਾ ਖ਼ਾਲਿਸਤਾਨੀ ਆਗੂ ਸਿਮਰਨਜੀਤ ਸਿੰਘ ਮਾਨ ਨਾਲ ਇਕਸੁਰ ਦਿਖਾਈ ਦੇ ਰਹੇ ਹਨ। ਭਾਨਾ ਸਿੱਧੂ ਦੇ ਹੱਕ ਵਿੱਚ ਸਟੈਂਡ ਲੈਣ ਕਾਰਨ ਸਿਮਰਨਜੀਤ ਸਿੰਘ ਮਾਨ ਦੀ ਨਜ਼ਰਬੰਦੀ ਬਾਰੇ ਖਹਿਰਾ ਨੇ ਸਖਤ ਸਟੈਂਡ ਲਿਆ ਹੈ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਹ ਜਮਹੂਰੀਅਤ ਤੇ ਸੰਵਿਧਾਨ ਵਿੱਚ ਦਰਜ ਸਾਡੇ ਮੌਲਿਕ ਅਧਿਕਾਰਾਂ ਦਾ ਕਤਲ ਹੈ। ਕੀ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨੂੰ ਪੰਜਾਬ ਸਰਕਾਰ ਦੇ ਗ਼ਲਤ ਫ਼ੈਸਲਿਆਂ ਦਾ ਵਿਰੋਧ ਕਰਨ ਦੀ ਵੀ ਇਜਾਜ਼ਤ ਨਹੀਂ ਹੈ। ਪੰਜਾਬ ਸਰਕਾਰ ਸਹਿਣਸ਼ੀਲਤਾ ਗੁਆ ਚੁੱਕੀ ਹੈ, ਜਿਹੜੀ ਕਿ ਪੰਜਾਬ ਦੇ ਹੱਕਾਂ ਲਈ ਬੋਲਣ ਵਾਲੇ ਨੌਜਵਾਨਾਂ ਖ਼ਿਲਾਫ਼ ਝੂਠੇ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਰਹੀ ਹੈ।

ਦੂਜੇ ਪਾਸੇ ਜਾਗਰੂਕ ਵੋਟਰਾਂ ਦਾ ਕਹਿਣਾ ਹੈ ਕਿ ਰਾਜਨੀਤਕ ਪਾਰਟੀਆਂ ਵੱਲੋਂ ਉਕਤ ਮੁੱਦਿਆਂ ਸਬੰਧੀ ਕੋਈ ਏਜੰਡਾ ਰੱਖਿਆ ਸੀ ਜਾਂ ਨਹੀਂ ਇਹ ਤਾਂ ਸੂਬੇ ਦੀ ਅੱਧੀ ਆਬਾਦੀ ਨੇ ਸੋਚਣਾ ਹੀ ਨਹੀਂ ਕਿਉਂ ਜੋਂ ਇਹ ਲੋਕ ਆਟਾ ਦਾਲ , ਮੁਫਤ ਬਿਜਲੀ ਸਮੇਤ ਮੁਫ਼ਤ ਸਕੀਮਾਂ ਦੀ ਨਮਕ ਹਲਾਲੀ ਚੁਕਾਉਣ ਲਈ ਪਾਬੰਦ ਹੋ ਜਾਂਦੇ ਹਨ। ਜਦ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਨੂੰ ਇਹ ਮਿਲਦੀਆਂ ਸਹੂਲਤਾਂ ਦਾ ਕਰਜ਼ਾ ਉਨ੍ਹਾਂ ਦੇ ਹੀ ਸਿਰ ਚੜ੍ਹ ਰਿਹਾ ਹੈ ਤੇ ਹਰ ਜੰਮਦੇ ਜਵਾਕ ਸਿਰ ਕਰਜ਼ੇ ਦੀ ਰਕਮ 1 ਲੱਖ ਰੁਪਏ ਤੋਂ ਟੱਪ ਗਈ ਹੈ। ਕੁਲ ਮਿਲਾਕੇ ਪੰਜਾਬ ਅੰਦਰ ਲੋਕ ਸਭਾ ਚੋਣਾਂ ਆਮ ਆਦਮੀ ਪਾਰਟੀ, ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਲਈ ਵਕਾਰ ਦਾ ਸਵਾਲ ਬਣੀਆਂ ਹੋਈਆਂ ਹਨ ਅਤੇ ਪੰਜਾਬ ਦੀਆਂ ਬਹੁਤੀਆਂ ਸੀਟਾਂ 'ਤੇ ਬਹੁਕੋਨੇ ਅਤੇ ਫਸਵੇਂ ਮੁਕਾਬਲੇ ਹੋਣ ਦੀਆਂ ਕਿਆਸ-ਅਰਾਈਆਂ ਹਨ ।

***

## ਸਸਪੈਂਡ ਏ.ਆਈ.ਜੀ. ਰਾਜਜੀਤ ਦੀ

ਡੇਢ ਕਰੋੜ ਰੁਪਏ ਦਾ 500 ਵਰਗ ਗਜ਼ ਦਾ ਮਕਾਨ ਅਤੇ ਮੁਹਾਲੀ ਵਿੱਚ 733.33 ਵਰਗ ਗਜ਼ ਦਾ ਪਲਾਟ ਖਰੀਦਿਆ ਗਿਆ।

ਇਸ ਤੋਂ ਇਲਾਵਾ 2020 ਵਿੱਚ ਲੁਧਿਆਣਾ ਦੇ ਤਿੰਨ ਸ਼ਾਪਿੰਗ ਕੰਪਲੈਕਸਾਂ ਵਿੱਚ ਕੁਝ ਸ਼ੇਅਰ ਖਰੀਦੇ ਗਏ ਸਨ। ਦਸਤਾਵੇਜ਼ ਵਿੱਚ ਇਨ੍ਹਾਂ ਸ਼ੇਅਰਾਂ ਦੀ ਕੀਮਤ ਕ੍ਰਮਵਾਰ 48 ਲੱਖ, 27.5 ਲੱਖ ਅਤੇ 27.5 ਲੱਖ ਰੁਪਏ ਦਿਖਾਈ ਗਈ ਹੈ। ਦੋਸ਼ ਹੈ ਕਿ ਏ.ਆਈ.ਜੀ. ਅਤੇ ਉਸ ਦੇ ਪਰਿਵਾਰ ਨੇ 10 ਸਾਲਾਂ ਵਿੱਚ 13 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਹੈ। ਜਿਸ ਦਾ ਕੋਈ ਸੁਰਾਗ ਨਹੀਂ ਹੈ। ਇਸ ਦੀ ਕੀਮਤ 4 ਕਰੋੜ ਰੁਪਏ ਤੋਂ ਵੱਧ ਹੈ। ਹਾਲਾਂਕਿ ਜਾਇਦਾਦ ਕੁਰਕ ਕਰਨ ਦੀ ਪ੍ਰਕਿਰਿਆ ਕੇਂਦਰੀ ਵਿੱਤ ਮੰਤਰਾਲੇ ਰਾਹੀਂ ਹੁੰਦੀ ਹੈ। ਅਜਿਹੇ ਵਿੱਚ ਐਸ.ਟੀ.ਐਫ. ਨੇ ਮਾਮਲਾ ਬਣਾ ਕੇ ਉੱਥੇ ਭੇਜਿਆ ਸੀ। ਇਸ ਦੇ ਨਾਲ ਹੀ ਮੰਤਰਾਲੇ ਨੇ ਏ.ਆਈ.ਜੀ. ਦੇ ਪਰਿਵਾਰਕ ਮੈਂਬਰਾਂ ਨੂੰ ਇਸ ਸਬੰਧ ਵਿੱਚ ਨੋਟਿਸ ਜਾਰੀ ਕੀਤਾ ਹੈ। ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਮਾਮਲੇ ਵਿੱਚ ਆਪਣਾ ਪੱਖ ਪੇਸ਼ ਕਰਨ ਲਈ 9 ਫਰਵਰੀ ਨੂੰ ਉਨ੍ਹਾਂ ਨੂੰ ਦਿੱਲੀ ਬੁਲਾਇਆ ਗਿਆ ਹੈ। ਜਾਇਦਾਦ ਨਾਲ ਸਬੰਧਿਤ ਦਸਤਾਵੇਜ਼ ਵੀ ਨਾਲ ਲਿਆਉਣ ਦੇ ਹੁਕਮ ਦਿੱਤੇ ਗਏ ਹਨ। ਪਰਿਵਾਰ ਨੂੰ 31 ਜਨਵਰੀ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ।

***

## ਟਰੰਪ ਦੀ ਕਾਰ ਨਿਲਾਮੀ 'ਚ

ਪਰ ਹਾਲ ਹੀ ਵਿੱਚ ਇਹ ਕਾਰ 1.1 ਮਿਲੀਅਨ ਡਾਲਰ (ਭਾਰਤੀ ਰੁਪਏ ਵਿੱਚ 9.14 ਕਰੋੜ ਰੁਪਏ) ਵਿੱਚ ਵਿਕੀ। 2016 ਤੱਕ ਇਹ ਕਾਰ 14655 ਕਿਲੋਮੀਟਰ ਦਾ ਸਫ਼ਰ ਤੈਅ ਕਰ ਚੁੱਕੀ ਹੈ ਅਤੇ ਹੁਣ ਇਹ ਨਿਲਾਮੀ ਦੇ ਸਮੇਂ ਓਡੋਮੀਟਰ 'ਤੇ 15431 ਕਿਲੋਮੀਟਰ ਦਾ ਸਫ਼ਰ ਤੈਅ ਕਰਦੀ ਨਜ਼ਰ ਆ ਰਹੀ ਹੈ। ਲੱਗਦਾ ਹੈ ਕਿ 2016 ਤੋਂ ਬਾਅਦ ਇਸ ਦੀ ਜ਼ਿਆਦਾ ਵਰਤੋਂ ਨਹੀਂ ਹੋਈ। ਇਸ ਵਿੱਚ ਸ਼ਕਤੀਸ਼ਾਲੀ 5.7 ਲੀਟਰ ਇੰਜਣ ਹੈ। ਇਹ 492 ਹਾਰਸ ਪਾਵਰ ਪੈਦਾ ਕਰਦਾ ਹੈ। ਇਸ ਵਿੱਚ ਇੱਕ 5-ਸਪੀਡ ਮੈਨੂਅਲ ਟ੍ਰਾਂਸਮਿਸ਼ਨ ਅਤੇ ਇੱਕ ਆਲ-ਵ੍ਹੀਲ ਡਰਾਈਵ ਸਿਸਟਮ ਹੈ ਜੋ ਸਿਰਫ 4.1 ਸਕਿੰਟਾਂ ਵਿੱਚ 60 ਦੀ ਰਫਤਾਰ ਫੜ ਲੈਂਦੀ ਹੈ। ਇਸ ਦੀ ਟਾਪ ਸਪੀਡ 235 ਕਿਲੋਮੀਟਰ ਪ੍ਰਤੀ ਘੰਟਾ ਹੈ।

***

## ਸਮਾਜ ਵਿੱਚ ਸੁਧਾਰ ਦੀ ਲੋੜ

ਸਮਾਜ ਵਿੱਚੋਂ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਸਮਾਜ ਨੂੰ ਸਾਫ਼ ਸੁਥਰਾ ਉਸ ਸਮੇਂ ਤੱਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਸਮਾਜ ਆਪ ਫ਼ੈਸਲਾ ਹੱਥ ਵਿੱਚ ਨਹੀਂ ਲੈਂਦਾ। ਸਮਾਜ ਨੂੰ ਸਰਕਾਰ ਅੱਗੇ ਅਪੀਲ ਕਰਨ ਦੀ ਕੋਈ ਲੋੜ ਨਹੀਂ ਹੈ। ਸਮਾਜ ਆਪਣੇ ਆਪ ਨੂੰ ਸਹੀ ਕਰਨ ਦਾ ਹੁਕਮ ਸੁਣਾ ਸਕਦਾ ਹੈ। ਜੋ ਧੀਆਂ ਅੱਜ ਵੀ ਸਮਾਜ ਵਿੱਚ ਸਿਰ ਝੁਕਾ ਲੰਘਦੀਆਂ ਹਨ ਉਹਨਾਂ ਨੂੰ ਸਿਰ ਝੁਕਾ ਤੁਰਨ ਦੀ ਲੋੜ ਨਹੀਂ ਹੋਵੇਗੀ। ਹੈਵਾਨੀਅਤ ਦਾ ਨਾਚ ਤੇ ਇੱਜ਼ਤ ਉੱਤੇ ਹੱਥ ਪਾਉਣ ਵਾਲੇ ਦਾ ਨਾਸ਼ ਹੋਣਾ ਚਾਹੀਦਾ ਹੈ। ਜਿਸ ਨਾਲ ਸਮਾਜ ਇੱਜ਼ਤਦਾਰ ਦਿੱਖ ਸਕੇ।

***

## ਵੱਡੀ ਗਿਣਤੀ 'ਚ ਪ੍ਰਵਾਸੀ ਛੱਡ ਰਹੇ ਹਨ ਕੈਨੇਡਾ

ਅਨੁਕੂਲ ਹੋਣ ਦੀ ਕੋਸ਼ਿਸ਼ ਵਿੱਚ ਬਿਤਾਉਂਦੇ ਹਨ। ਜੇਕਰ ਕੁਝ ਪ੍ਰਵਾਸੀ ਏਕੀਕਰਣ 'ਚ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ ਜਾਂ ਉਨ੍ਹਾਂ ਨੇ ਸ਼ੁਰੂ ਤੋਂ ਅਜਿਹਾ ਕਰਨ ਦਾ ਇਰਾਦਾ ਰੱਖਿਆ ਸੀ ਤਾਂ ਉਹ ਵੀ ਪ੍ਰਵਾਸ ਕਰ ਸਕਦੇ ਹਨ। ਰਿਪੋਰਟ 'ਚ ਅੱਗੇ ਕਿਹਾ ਗਿਆ ਹੈ ਕਿ ਕੁਝ ਦੇਸ਼ਾਂ ਦੇ ਪ੍ਰਵਾਸੀਆਂ ਵੱਲੋਂ ਪ੍ਰਵਾਸ ਕਰਨ ਦੀ ਸੰਭਾਵਨਾ ਵੱਧ ਹੈ। ਤਾਈਵਾਨ, ਅਮਰੀਕਾ, ਫਰਾਂਸ, ਹਾਂਗਕਾਂਗ ਜਾਂ ਲੇਬਨਾਨ 'ਚ ਪੈਦਾ ਹੋਏ 25 ਫ਼ੀਸਦੀ ਤੋਂ ਵੱਧ ਪ੍ਰਵਾਸੀਆਂ ਦਾਖ਼ਲੇ ਦੇ 20 ਸਾਲਾਂ ਦੇ ਅੰਦਰ ਪ੍ਰਵਾਸ ਕੀਤਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਤੋਂ ਲੋਕਾਂ ਦਾ ਪ੍ਰਵਾਸ ਘੱਟ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਅਧਿਐਨ 2017 ਤੱਕ ਦੇ ਅੰਕੜਿਆਂ 'ਤੇ ਆਧਾਰਿਤ ਹੈ, ਜਦਕਿ ਭਾਰਤ ਤੋਂ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਆਮਦ ਕਾਫੀ ਵਧੀ ਹੈ। ਹਾਲ ਹੀ ਵਿੱਚ ਬਹੁਤ ਸਾਰੇ ਭਾਰਤੀ ਆਪਣੇ ਘਰ ਪਰਤਣ ਜਾਂ ਦੂਜੇ ਦੇਸ਼ਾਂ ਵਿੱਚ ਜਾਣ ਦੀ ਚੋਣ ਕਰ ਰਹੇ ਹਨ।

ਕੁਝ ਸਾਲ ਪਹਿਲਾਂ, ਟੋਰਾਂਟੋ-ਅਧਾਰਤ ਸਾਊਥ ਏਸ਼ੀਅਨ ਰੇਡੀਓ ਸਟੇਸ਼ਨ ਲਈ ਇੱਕ ਫੋਨ-ਇਨ ਸ਼ੋਅ ਦੀ ਮੇਜ਼ਬਾਨੀ ਕਰਦੇ ਸਮੇਂ, ਸਰੋਤਿਆਂ ਨੂੰ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੇ ਵਧਦੀ ਅਸੁਵਿਧਾ ਦੇ ਕਾਰਨ ਕੈਨੇਡਾ ਛੱਡਣ ਬਾਰੇ ਸੋਚਿਆ ਹੈ, ਇਕ ਮਹੱਤਵਪੂਰਨ ਗਿਣਤੀ ਨੇ ਹਾਂ 'ਚ ਜਵਾਬ ਦਿੱਤਾ। ਜਿਨ੍ਹਾਂ ਨੇ ਹਾਂ ਕਿਹਾ ਉਹ ਬਹੁਤ ਜ਼ਿਆਦਾ ਜਵਾਨ ਸਨ ਅਤੇ ਤਕਨਾਲੋਜੀ ਅਤੇ ਵਿੱਤ ਵਰਗੇ ਉੱਚ ਹੁਨਰ ਵਾਲੇ ਖੇਤਰਾਂ ਤੋਂ ਸਨ। ਉਨ੍ਹਾਂ ਨੇ ਇਸ ਕਦਮ 'ਤੇ ਵਿਚਾਰ ਕਰਨ ਦੇ ਕਾਰਨਾਂ ਵਜੋਂ ਘੱਟ ਮੌਕੇ, ਘੱਟ ਤਨਖਾਹ, ਉੱਚ ਟੈਕਸ ਅਤੇ ਬਹੁਤ ਜ਼ਿਆਦਾ ਰਿਹਾਇਸ਼ੀ ਲਾਗਤਾਂ ਦਾ ਹਵਾਲਾ ਦਿੱਤਾ। ਬਹੁਤ ਸਾਰੇ ਲੋਕ ਆਪਣੀ ਕੈਨੇਡੀਅਨ ਨਾਗਰਿਕਤਾ ਦੇ ਆਉਣ ਦੀ ਉਡੀਕ ਕਰ ਰਹੇ ਸਨ ਤਾਂ ਜੋ ਉਹ ਸੰਯੁਕਤ ਰਾਜ ਅਮਰੀਕਾ ਜਾ ਸਕਣ ਅਤੇ ਉੱਥੇ ਕੰਮ ਕਰ ਸਕਣ। ਜਿਹੜੇ ਲੋਕ ਕੈਨੇਡਾ 'ਚ ਸੰਤੁਸ਼ਟ ਸਨ, ਉਹ ਅਕਸਰ ਲਾਜਿਸਟਿਕਸ, ਵਪਾਰ, ਪ੍ਰਾਹੁਣਚਾਰੀ ਜਾਂ ਰੀਅਲ ਅਸਟੇਟ 'ਚ ਕੰਮ ਕਰਦੇ ਸਨ। ਇਹ ਉਹ ਖੇਤਰ ਹਨ ਜਿਨ੍ਹਾਂ ਦੀ ਇਸ ਦੇਸ਼ 'ਚ ਮੰਗ ਹੈ ਅਤੇ ਉਨ੍ਹਾਂ 'ਚੋਂ ਬਹੁਤਿਆਂ ਦੇ ਘਰ ਇੱਥੇ ਸਨ।

***

## ਨਿਊ ਜਰਸੀ 'ਚ ਪ੍ਰਾਇਮਰੀ ਚੋਣ

ਹੱਕਾਂ ਦੇ ਅਲੰਬਰਦਾਰ ਹਨ। ਹੁਣ ਤੱਕ ਉਹ 11 ਲੱਖ ਡਾਲਰ ਫੰਡ ਜੁਟਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਨੂੰ ਆਮ ਲੋਕਾਂ ਨੇ ਫੰਡ ਦਿੱਤਾ ਹੈ ਜਦ ਕਿ ਮੇਰੇ ਵਿਰੋਧੀ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਸਾਰਿਆਂ ਲਈ ਉੱਚ ਪੱਧਰੀ ਸਿਹਤ ਸੇਵਾਵਾਂ ਲਈ ਯਤਨ ਕਰਨਗੇ , ਵਾਤਾਵਰਣ ਤਬਦੀਲੀ ਵਿਰੁੱਧ ਜਦੋਜਹਿਦ ਕਰਨਗੇ ਤੇ ਹਮੇਸ਼ਾਂ ਆਮ ਲੋਕਾਂ ਦੇ ਨਾਲ ਖੜੇ ਰਹਿਣਗੇ।

***

## ਬੀ.ਜੇ.ਪੀ. ਦੇ ਆਗੂ ਮਨਜਿੰਦਰ ਸਿੰਘ ਸਿਰਸਾ

ਕਰਨ ਤੋਂ ਬਾਅਦ ਬਾਬਾ ਬਘੇਲ ਸਿੰਘ ਨੇ 1783 ਵਿੱਚ ਮਸਜਿਦ ਨੂੰ ਢਾਅ ਕੇ ਗੁਰੂ ਘਰ ਦੀ ਉਸਾਰੀ ਕੀਤੀ ਸੀ। ਦਿੱਲੀ ਕਮੇਟੀ ਨੇ ਕਿਹਾ ਕਿ ਜੇਕਰ ਕਿਸੇ ਸ਼ਖਸ ਨੇ ਇਤਿਹਾਸ ਦੀ ਕਿਤਾਬ ਪੜ੍ਹ ਕੇ ਦੱਸਿਆ ਹੈ ਤਾਂ ਉਹ ਸ਼ਖਸ ਦੋਸ਼ੀ ਨਹੀਂ ਹੋ ਸਕਦਾ ਹੈ ਜਦਕਿ ਸ਼੍ਰੋਮਣੀ ਕਮੇਟੀ ਜਿਸ ਨੇ ਇਹ ਕਿਤਾਬ ਪ੍ਰਕਾਸ਼ਿਤ ਕੀਤੀ ਹੈ, ਉਹ ਦੋਸ਼ੀ ਹੈ। ਅਸੀਂ ਹੁਣ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਜੇਕਰ ਇਹ ਇਤਿਹਾਸ ਠੀਕ ਹੈ ਸਿਰਸਾ ਖ਼ਿਲਾਫ਼ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ, ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਵੱਲੋਂ ਸਜ਼ਾ ਲਗਾਈ ਜਾਣੀ ਚਾਹੀਦੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## 'ਆਪ' ਸਰਕਾਰ ਤੋਂ ਕਿਉਂ

ਮਾਨ ਸਰਕਾਰ ਨੇ 300 ਯੂਨਿਟ ਬਿਜਲੀ ਮੁਆਫੀ, ਔਰਤਾਂ ਨੂੰ ਮੁਫਤ ਬੱਸ ਸੇਵਾ, ਮੁਹੱਲਾ ਕਲੀਨਿਕ, ਭ੍ਰਿਸ਼ਟਾਚਾਰ ਵਿਰੋਧੀ ਦਲੇਰਾਨਾ ਕਦਮਾਂ, ਰੁਜ਼ਗਾਰ ਅਤੇ ਤਨਖਾਹਾਂ ਵਿੱਚ ਵਾਧੇ ਆਦਿ ਚੰਗੇ ਕਦਮਾਂ 'ਤੇ ਵੀ ਮਿੱਟੀ ਪੁਆ ਲਈ ਹੈ ਬਦਲਾਖੋਰੀ ਰਾਜਨੀਤੀ ਕਰਕੇ। ਇਹੀ ਲੱਖਾ ਸਿਧਾਣਾ ਅਤੇ ਭਾਨਾ ਸਿੱਧੂ ਜੋ ਸ਼ੁਰੂ ਵਿੱਚ ਉਨ੍ਹਾਂ ਦੀ ਸਰਕਾਰ ਦੇ ਪ੍ਰਸ਼ੰਸਕ ਸਨ, ਅੱਜ ਘੋਰ ਵਿਰੋਧੀਆਂ ਵਿੱਚ ਸ਼ੁਮਾਰ ਹਨ। ਸੁਖਪਾਲ ਖਹਿਰਾ ਕਦੇ ਆਮ ਆਦਮੀ ਪਾਰਟੀ ਵਿਧਾਨਕਾਰ ਗਰੁੱਪ ਦਾ ਆਗੂ ਸੀ, ਅੱਜ ਘੋਰ ਵਿਰੋਧੀ ਹੈ। ਸਰਕਾਰਾਂ ਦੇ ਨਿਸ਼ਾਨੇ ਰਾਜ ਦੇ ਹਿਤਾਂ ਦੀ ਰਾਖੀ, ਵਿਕਾਸ, ਅਮਨ, ਕਾਨੂੰਨ ਕਾਇਮ ਰੱਖਣਾ, ਨਿਵੇਸ਼ ਵਿੱਚ ਵਾਧਾ, ਗੁਰਬਤ, ਬੇਰੁਜ਼ਗਾਰੀ ਖਤਮ ਕਰਨਾ ਅਤੇ ਕਰਜ਼ਾ ਮੁਕਤ ਕਰਨਾ, ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਹੁੰਦਾ ਹੈ, ਨਾ ਕਿ ਨਿੱਜੀ ਕਿੜਾਂ ਕੱਢਣ ਲਈ ਵਿਅਕਤੀਆਂ ਤਕ ਸੀਮਤ ਹੋ ਜਾਣਾ। ਸਰਕਾਰਾਂ ਵਧੀਆ ਸ਼ਾਸਨ ਲਈ ਚੁਣੀਆਂ ਜਾਂਦੀਆਂ ਹਨ ਨਾ ਕਿ ਬਦਲਾਖੋਰੀ ਲਈ।

ਇਸ ਲੋਕ ਆਕ੍ਰੋਸ਼ ਵਿੱਚੋਂ ਰਾਜਨੀਤੀ, ਰਾਜਨੀਤਕ ਪਾਰਟੀਆਂ ਅਤੇ ਰਾਜਨੀਤਕ ਲੀਡਰਸ਼ਿੱਪ ਬਿਲਕੁਲ ਮਨਫੀ ਨਜ਼ਰ ਆਈ। ਦਰਅਸਲ ਰਾਜਨੀਤਕਾਂ ਦਾ ਜਨਤਕ ਰੋਹ, ਜਨਤਕ ਮਾਮਲਿਆਂ ਅਤੇ ਜਨਤਾ ਨੂੰ ਸੱਤਾ ਪ੍ਰਾਪਤੀ ਬਾਅਦ ਦਬਾਅ ਕੇ ਰੱਖਣ ਦਾ ਵਰਤਾਰਾ ਭਿੰਨ ਨਹੀਂ। ਪੰਜਾਬ ਅਤੇ ਪੰਜਾਬੀਆਂ ਨੂੰ, ਨੌਜਵਾਨੀ ਨੂੰ ਵਿਦੇਸ਼ ਭੇਜਣ ਦੇ ਨਕਾਬ ਹੇਠ ਲੁੱਟਣ ਵਾਲੇ ਟ੍ਰੈਵਲ ਏਜੰਟਾਂ ਨਾਲ ਹਰ ਰਾਜਨੀਤਕ ਪਾਰਟੀ, ਲੀਡਰਸ਼ਿੱਪ, ਪੁਲਿਸ ਅਤੇ ਪ੍ਰਸ਼ਾਸਨ ਦੀ ਲਗਾਤਾਰ ਮਿਲੀਭੁਗਤ ਰਹੀ ਹੈ ਕਿਉਂਕਿ ਉਹ ਉਨ੍ਹਾਂ ਨੂੰ ਸੋਨੇ ਦੇ ਆਂਡੇ ਭੇਟ ਕਰਦੇ ਹਨ ਅਤੇ ਅੱਜ ਵੀ ਇਹੀ ਹਾਲ ਹੈ। ਜੇ ਮਾਨ ਸਰਕਾਰ ਨੇ ਇਹ ਲੁਟੇਰੇ ਟ੍ਰੈਵਲ ਏਜੰਟ, ਚਿੱਟ ਫੰਡੀਏ ਅਤੇ ਮਨੀਲੈਂਡਰ ਨੱਪੇ ਹੁੰਦੇ ਤਾਂ ਅਜੋਕਾ ਜਨ ਆਕ੍ਰੋਸ਼ ਸੈਲਾਬ ਨਾ ਉਸਰਦਾ।

ਪੰਜਾਬ ਵਿੱਚ ਦੁੱਲਾ ਭੱਟੀ, ਸੁੱਚਾ ਸਿੰਘ ਸੂਰਮਾ, ਜਿਊਣਾ ਮੌੜ, ਜੱਗਾ ਡਾਕੂ ਆਦਿ ਲਗਾਤਾਰ ਪੈਦਾ ਹੁੰਦੇ ਆਏ ਹਨ ਜਦੋਂ ਤੱਤਕਾਲੀ ਸਰਕਾਰਾਂ ਜਨਤਕ ਇਨਸਾਫ ਤੋਂ ਮੂੰਹ ਮੋੜ ਲੈਂਦੀਆਂ ਹਨ। ਲੱਖਾ ਸਿਧਾਣਾ, ਭਾਨਾ ਸਿੱਧੂ ਆਦਿ ਵੀ ਉਨ੍ਹਾਂ ਵਰਗੇ ਉੱਭਰਦੇ ਜਨ-ਨਾਇਕ ਹਨ। ਉਨ੍ਹਾਂ ਦੀਆਂ ਕਮਜ਼ੋਰੀਆਂ ਦੇ ਬਾਵਜੂਦ ਆਮ ਪੰਜਾਬੀ ਆਪਣੇ ਇਨਕਲਾਬੀ ਸੁਭਾਅ ਕਰਕੇ ਆਪਮੁਹਾਰੇ ਉਨ੍ਹਾਂ ਨਾਲ ਜੁੜਦਾ ਹੈ। ਐਸੇ ਸੂਰਮੇ ਆਪਾ ਵਾਰਨ ਤੋਂ ਜ਼ਰਾ ਨਹੀਂ ਡਰਦੇ।

ਆਮ ਆਦਮੀ ਪਾਰਟੀ ਨੂੰ ਪੰਜਾਬੀ ਆਪਣੇ ਚੰਗੇਰੇ ਭਵਿੱਖ ਅਤੇ ਰਵਾਇਤੀ ਪਾਰਟੀਆਂ ਦੇ ਅਤਿ ਦੇ ਕੁਸ਼ਾਸਨ ਅਤੇ ਸ਼ਰਮਨਾਕ ਭ੍ਰਿਸ਼ਟਾਚਾਰ, ਜਨਤਕ ਮੁੱਦਿਆਂ ਨੂੰ ਤਾਨਾਸ਼ਾਹੀ ਢੰਗ ਨਾਲ ਨਜ਼ਰਅੰਦਾਜ਼ ਕਰਨ, ਭਾਈ-ਭਤੀਜਾਵਾਦ ਵਰਤਾਰੇ ਤੋਂ ਦੁਖੀ ਹੋ ਕੇ ਸੱਤਾ ਵਿੱਚ ਲਿਆਏ ਸਨ। ਹੁਣ ਜਦੋਂ ਇਹ ਕਾਡਰਹੀਣ, ਵਿਚਾਰਧਾਰਾਹੀਣ, ਅਧਾਰਹੀਣ ਪਾਰਟੀ ਇੱਕ ਵਧੀਆ, ਵੀ.ਆਈ.ਪੀ. ਕਲਚਰ ਰਹਿਤ ਸ਼ਾਸਨ, ਜਨਤਾ ਨੂੰ ਇਨਸਾਫ, ਭ੍ਰਿਸ਼ਟਾਚਾਰ ਰਹਿਤ ਜਵਾਬਦੇਹ ਸਰਕਾਰ ਦੇਣ ਦੀ ਥਾਂ ਨਫ਼ਰਤ, ਹੈਂਕੜ ਅਤੇ ਏਕਾਧਿਕਾਰ ਤਾਨਾਸ਼ਾਹ ਢੰਗ ਨਾਲ ਪੁਲਸਸ਼ਾਹੀ ਬਲਬੂਤੇ ਸਰਕਾਰ ਚਲਾਉਣ ਲੱਗ ਪਈ ਤਾਂ ਦੋ ਸਾਲਾਂ ਵਿੱਚ ਹੀ ਪੰਜਾਬ ਦੇ ਜੁਝਾਰੂ, ਇਨਕਲਾਬੀ, ਮੌਤ ਨੂੰ ਮਖੌਲਾਂ ਕਰਨ ਵਾਲੇ ਲੋਕ ਇਸ ਵਿਰੁੱਧ ਲਾਮਬੰਦ ਹੋਣ ਸ਼ੁਰੂ ਹੋ ਗਏ ਹਨ। ਇੰਨੀ ਛੇਤੀ ਕਦੇ ਕਿਸੇ ਸਰਕਾਰ ਵਿਰੁੱਧ ਲੋਕ ਇਕੱਠੇ ਨਹੀਂ ਹੋਏ ਜਿੰਨੀ ਛੇਤੀ ਇਸ ਵਿਰੁੱਧ ਉੱਠ ਖੜ੍ਹੇ ਹੋਏ ਹਨ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਭਗਵੰਤ ਮਾਨ ਸਰਕਾਰ ਆਪਣੀਆਂ ਗਲਤੀਆਂ ਜਨਤਕ ਕਚਹਿਰੀ ਵਿੱਚ ਸੁਧਾਰ ਲਵੇ।

(ਨੋਟ : ਇਹ ਲੇਖਕ ਦੇ ਨਿੱਜੀ ਵਿਚਾਰ ਹਨ, ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।)

***

## ਮੈਂ ਆਪਣਾ ਨਾਂ ਬਦਲ ਲਿਆ

ਚੁਭ ਕੇ ਰਹਿ ਗਈਆਂ ਸਾਫ਼-ਸੁਥਰਾ ਹੋਣ ਦੀਆਂ ਖੋਖਲੀਆਂ ਪਰਿਭਾਸ਼ਾਵਾਂ! ਮੈਂ ਤਾਂ ਆਪਣੀ ਜ਼ਿੰਦਗੀ ਰਿੰਕੂ ਦੇ ਨਾਂ ਅਰਪਿਤ ਕਰ ਚੁੱਕੀ ਸਾਂ, ਪਰ ਇਸ ਸਮੁੰਦਰ ਵਿੱਚ ਇਕੱਲੀ ਔਰਤ ਜੀਵਨ ਦੀ ਕਿਸ਼ਤੀ ਚਲਾ ਕੇ ਲੈ ਜਾਏ... ਮੁਸ਼ਕਿਲ ਹੈ... ਹਰ ਥਾਂ ਘੂਰਦੀਆਂ ਅੱਖਾਂ... ਥਪੇੜੇ ਹੀ ਥਪੇੜੇ... ਬਸ, ਵਿਅੰਗ ਬਾਣਾਂ ਤੋਂ ਦੁਖੀ ਹੋ ਕੇ ਦੂਜੀ ਸ਼ਾਦੀ ਕਰਨ ਦਾ ਫ਼ੈਸਲਾ ਕਰ ਲਿਆ... ਤੁਸੀਂ ਵੀ ਤਾਂ..."

"ਅਤੇ ਰਿੰਕੂ, ਰਿੰਕੂ ਕਿਵੇਂ ਮਹਿਸੂਸ ਕਰ ਰਿਹਾ ਹੈ?"

"ਰਿੰਕੂ ਮੈਥੋਂ ਵੱਖ ਕਿੱਥੇ ਹੈ? ਹੌਲੀ-ਹੌਲੀ ਸਮਝ ਜਾਏਗਾ, ਆਪਣੀ ਮਾਂ ਵਾਂਗ ਜ਼ਿੰਦਗੀ ਨੂੰ, ਜ਼ਿੰਦਗੀ ਦੀਆਂ ਠੋਕਰਾਂ ਨੂੰ... ਫਿਰ ਤੁਸੀਂ ਹੀ ਤਾਂ ਕਹਿੰਦੇ ਸੀ ਕਿ ਮੈਂ ਰਮਿੰਦਰ ਨੂੰ ਕੈਦ ਕਰ ਰੱਖਿਆ ਹੈ... ਆਖ਼ਰ ਉਸ ਨੇ ਵਿਦਰੋਹ ਕਰ ਹੀ ਦਿੱਤਾ... ਹੁਣ ਤਾਂ ਤੁਹਾਨੂੰ ਮੇਰੇ ਫ਼ੈਸਲੇ ਤੋਂ ਖ਼ੁਸ਼ ਹੋਣਾ ਚਾਹੀਦਾ ਹੈ... ਨਹੀਂ?"

ਇਸ ਤੋਂ ਅੱਗੇ ਉਹਦਾ ਗਲਾ ਭਰ ਆਇਆ... ਉਹ ਡੁਸਕ ਰਹੀ ਸੀ... ਪਤਾ ਨਹੀਂ ਆਪਣੇ ਅਤੀਤ ਨੂੰ ਲੈ ਕੇ ਜਾਂ ਵਰਤਮਾਨ ਨੂੰ ਲੈ ਕੇ। ਕੁਝ ਚਿਰ ਪਿੱਛੋਂ ਠੀਕ ਹੋਣ 'ਤੇ ਉਹ ਬੋਲੀ, "ਮੁਆਫ਼ ਕਰਨਾ, ਸਰ! ਤੁਹਾਨੂੰ ਆਪਣੀ ਰਾਮ-ਕਹਾਣੀ ਸੁਣਾ ਕੇ ਬੋਰ ਕੀਤਾ। ਅੱਜ ਤੱਕ ਤੁਸੀਂ ਮੇਰੇ ਛੋਟੇ-ਵੱਡੇ ਕਈ ਕੰਮ ਕੀਤੇ ਨੇ। ਇਕ ਤਕਲੀਫ਼ ਹੋਰ ਤੁਹਾਨੂੰ ਦੇਣ ਆਈ ਹਾਂ। ਸ਼ਾਦੀ ਪਿੱਛੋਂ ਮੈਂ ਰਮਿੰਦਰ ਕੌਰ ਗਰੇਵਾਲ ਬਣ ਗਈ ਹਾਂ ਅਤੇ ਸਾਰੇ ਸਬੰਧਿਤ ਲੋਕ ਮੈਨੂੰ ਇਸੇ ਨਾਂ ਨਾਲ ਬੁਲਾਉਣ... ਬਸ ਇਸੇ ਨਾਂ-ਬਦਲੀ ਦੀ ਸੂਚਨਾ ਨੂੰ ਤੁਹਾਡੇ ਅਖ਼ਬਾਰ ਵਿੱਚ ਛਪਵਾਉਣਾ ਚਾਹੁੰਦੀ ਹਾਂ। ਮੇਰਾ ਇਹ ਕੰਮ ਕਰ ਦਿਓਗੇ ਨਾ ਸਰ?"

ਮੈਂ ਉਸ ਦੇ ਸਾਰੇ ਵੇਰਵੇ ਨੋਟ ਕੀਤੇ ਅਤੇ ਉਸ ਨੂੰ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ, "ਰਮਿੰਦਰ ਇਸ ਤੋਂ ਪਿੱਛੋਂ ਤੈਨੂੰ ਕਿਸੇ ਹੋਰ ਨਾਂ ਨੂੰ ਬਦਲਣ ਦੀ ਲੋੜ ਨਾ ਪਵੇ!"

***

## ਬੱਚਿਆਂ ਦੇ ਸਰਵਪੱਖੀ ਵਿਕਾਸ

ਬੱਚਿਆਂ ਨੂੰ ਜ਼ਿੰਦਗੀ ਵਿਚ ਸਫਲ ਹੋਏ ਲੋਕਾਂ ਦੀਆਂ ਕਹਾਣੀਆਂ ਦਸਣੀਆਂ ਚਾਹੀਦੀਆ ਹਨ ਤਾਂ ਕਿ ਬੱਚੇ ਉਹਨਾਂ ਤੋਂ ਸੇਧ ਲੈ ਕੇ ਆਪਣੀ ਜਿੰਦਗੀ ਨੂੰ ਸੰਵਾਰਨ। ਬੱਚਿਆਂ ਲਈ ਘਰ ਵਿੱਚ ਉਸਾਰੂ ਮਾਹੌਲ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਦੀ ਪੜ੍ਹਾਈ ਦੇ ਨਾਲ ਉਹਨਾਂ ਦੇ ਮਨੋਰੰਜਨ ਦਾ ਵੀ ਖਿਆਲ ਰਖਣਾ ਚਾਹੀਦਾ ਹੈ। ਬੱਚਿਆਂ ਨੂੰ ਬਚਪਨ ਵਿੱਚ ਹੀ ਸੈਰ ਅਤੇ ਕਸਰਤ ਕਰਨ ਦੀ ਆਦਤ ਪਾ ਦੇਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਸੈਰ ਅਤੇ ਕਸਰਤ ਦੇ ਲਾਭ ਵੀ ਦਸੇ ਜਾਣੇ ਚਾਹੀਦੇ ਹਨ।

ਬੱਚਿਆਂ ਨੂੰ ਕਦੇ ਵੀ ਇਕਲਿਆ ਨਹੀਂ ਛੱਡਣਾ ਚਾਹੀਦਾ ਪਰ ਅੱਜ ਕੱਲ ਮਾਤਾ ਪਿਤਾ ਦੋਵਾਂ ਦੇ ਨੌਕਰੀ ਪੇਸ਼ਾ ਜਾਂ ਦੁਕਾਨਦਾਰ ਜਾਂ ਹੋਰ ਕੰਮ ਕਾਜ ਕਰਦੇ ਹੋਣ ਕਾਰਨ ਬੱਚਿਆਂ ਨੂੰ ਕਈ ਵਾਰ ਇਕੱਲੇ ਛੱਡਣਾ ਮਜਬੂਰੀ ਹੁੰਦੀ ਹੈ। ਇਸ ਲਈ ਅਜਿਹਾ ਪ੍ਰਬੰਧ ਕੀਤਾ ਜਾਣਾ ਜਰੂਰੀ ਹੈ ਕਿ ਬੱਚਿਆਂ ਨੂੰ ਇਕੱਲਾ ਪਣ ਨਾ ਮਹਿਸੂਸ ਹੋਵੇ। ਬੱਚਿਆਂ ਦੀ ਹਰ ਸਹੂਲਤ ਦਾ ਖਿਆਲ ਰਖਣਾ ਚਾਹੀਦਾ ਹੈ। ਇਸਦੇ ਨਾਲ ਬੱਚਿਆਂ ਨੂੰ ਵੀ ਆਪਣੇ ਮਾਪਿਆਂ ਦੀ ਆਰਥਿਕ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਅਤੇ ਫਾਲਤੂ ਦੀਆਂ ਚੀਜਾਂ ਲੈਣ ਲਈ ਜਿੱਦ ਨਹੀਂ ਕਰਨੀ ਚਾਹੀਦੀ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਗਲਤ ਦੀ ਜਾਣਕਾਰੀ ਜਰੂਰ ਦੇਣ ਤਾਂ ਕਿ ਬੱਚਿਆਂ ਨੂੰ ਆਪਣੇ ਭਲੇ ਅਤੇ ਬੁਰੇ ਬਾਰੇ ਵੀ ਜਾਣਕਾਰੀ ਹੋਵੇ। ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਮਾਪਿਆਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਇਹ ਬੱਚੇ ਦੇਸ਼ ਦਾ ਰੋਸ਼ਣ ਭਵਿੱਖ ਬਣ ਸਕਣ।

***

## ਵਿਕਦਾ ਜਾ ਰਿਹਾ ਹੈ ਪੰਜਾਬ

ਪਾਣੀ ਨਹੀਂ ਹੋਵੇਗਾ ਤਾਂ ਖੇਤੀ ਕਿਥੋਂ ਹੋਵੇਗੀ? ਪੰਜਾਬ ਦੀ 75 ਫ਼ੀਸਦੀ ਆਬਾਦੀ ਖੇਤੀ ਅਧਾਰਿਤ ਹੈ। ਸੂਬਾ ਪੰਜਾਬ ਦੇਸ਼ ਦੀਆਂ 35 ਤੋਂ 40 ਫ਼ੀਸਦੀ ਚਾਵਲ ਦੀਆਂ ਲੋੜਾਂ ਅਤੇ 40 ਤੋਂ 75 ਫ਼ੀਸਦੀ ਕਣਕ ਦੀਆਂ ਲੋੜਾਂ ਪਿਛਲੇ ਦੋ ਦਹਾਕਿਆਂ ਤੋਂ ਵੀ ਵਧ ਸਮੇਂ ਤੋਂ ਪੂਰਿਆ ਕਰ ਰਿਹਾ ਹੈ। ਸੂਬੇ 'ਚ 10.54 ਲੱਖ ਕਿਸਾਨ ਹਨ। ਜਿਹਨਾਂ ਵਿਚੋਂ ਬਹੁਤੇ ਛੋਟੇ ਕਿਸਾਨ ਹਨ। ਪਿਛਲੇ ਕੁਝ ਸਮੇਂ 'ਚ ਕਿਸਾਨ ਜ਼ਮੀਨਾਂ ਵੇਚਕੇ ਮਜ਼ਦੂਰੀ ਕਰਨ ਦੇ ਰਾਹ ਪਏ ਹਨ, ਕਿਉਂਕਿ ਖੇਤੀ ਉਹਨਾਂ ਨੂੰ ਰੋਟੀ ਨਹੀਂ ਦੇ ਸਕੀ।

ਅੱਜ ਪੰਜਾਬ ਦੀ ਜ਼ਮੀਨ ਵਿਕ ਰਹੀ ਹੈ ਕਦੇ ਸਾਡੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਵਾਈ ਐਸ ਪਰਮਾਰ ਨੇ ਆਪਣੇ ਸੂਬੇ ਦੇ ਬਾਗਬਾਨੀ ਕਰਨ ਵਾਲੇ ਕਿਸਾਨਾਂ ਦੇ ਹਿੱਤਾਂ ਲਈ ਸੂਬੇ ਵਿੱਚ ਹਿਮਾਚਲ ਵਾਸੀਆਂ ਤੋਂ ਬਿਨ੍ਹਾਂ ਕਿਸੇ ਹੋਰ ਵੱਲੋਂ ਖੇਤੀ, ਬਾਗਬਾਨੀ ਜ਼ਮੀਨ ਨਾ ਖਰੀਦੇ ਜਾਣ ਲਈ ਇੱਕ ਕਾਨੂੰਨ ਬਣਾ ਦਿੱਤਾ ਸੀ। ਇਸੇ ਕਰਕੇ ਬਾਹਰਲਾ ਕੋਈ ਧਨਾਢ ਸੂਬੇ ਦੀ ਜ਼ਮੀਨ ਤੇ ਉਥੋਂ ਦੀ ਆਰਥਿਕਤਾ ਹਥਿਆ ਨਹੀਂ ਸੀ ਸਕਿਆ। ਇਸੇ ਤਰ੍ਹਾਂ ਭਾਰਤ ਦੇ ਸੂਬੇ ਸਿਕਮ, ਵਿੱਚ ਕੋਈ ਵੀ ਬਾਹਰਲਾ ਵਿਅਕਤੀ ਕੋਈ ਵੀ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਸੰਵਿਧਾਨ ਦੀ ਧਾਰਾ 371 (ਐਫ਼) ਅਨੁਸਾਰ ਹਿਮਾਲਿਅਨ ਰਾਜ ਸਿਕਮ ਵਿੱਚ ਸਿਰਫ਼ ਰਾਜ ਦੇ ਕਬੀਲਿਆਂ ਦੇ ਲੋਕਾਂ ਨੂੰ ਹੀ ਇਸ ਖੇਤਰ ਵਿੱਚ ਜ਼ਮੀਨ ਜਾਂ ਜਾਇਦਾਦ ਦੀ ਖਰੀਦੋ-ਫਰੋਖ਼ਤ ਕਰਨ ਦੇ ਅਧਿਕਾਰ ਪ੍ਰਾਪਤ ਹਨ। ਝਾਰਖੰਡ, ਨਾਗਾਲੈਂਡ, ਉਤਰਾਖੰਡ ਵੀ ਇਹੋ ਜਿਹੇ ਸੂਬੇ ਹਨ, ਜਿਥੇ ਖੇਤੀਬਾੜੀ ਜਾਂ ਹੋਰ ਜਾਇਦਾਦ ਬਾਹਰਲੇ ਲੋਕ ਨਹੀਂ ਖਰੀਦ ਸਕਦੇ।

ਪੰਜਾਬ ਦੀ ਆਰਥਿਕਤਾ ਦੀ ਰੂਹ ਖੇਤੀ ਹੈ। ਪੰਜਾਬੀ ਕਿਸਾਨ ਉੱਦਮੀ ਹੀ ਸੂਬੇ ਨੂੰ ਕੰਗਾਲ ਹੋਣੋਂ ਬਚਾਅ ਸਕਦੇ ਹਨ। ਪੰਜਾਬ ਦੀ ਆਰਥਿਕਤਾ ਥਾਂ ਸਿਰ ਕਰਨ ਲਈ ਇਹ ਜ਼ਰੂਰੀ ਹੈ ਕਿ ਸੂਬੇ 'ਚ ਵੱਡੇ ਸ਼ਾਹੂਕਾਰਾਂ ਦੀ ਆਮਦ ਰੋਕੀ ਜਾਵੇ। ਪੰਜਾਬ ਦੇ ਕਿਸਾਨਾਂ ਨੇ ਪਹਿਲਕਦਮੀ ਕਰਕੇ ਕਾਲੇ ਕਾਨੂੰਨ ਵਾਪਿਸ ਕਰਵਾਏ। ਇਹ ਇੱਕ ਸ਼ੁਭ ਸ਼ਗਨ ਹੈ। ਪੰਜਾਬ 'ਚ ਖੇਤੀ ਜ਼ਮੀਨ ਬਾਹਰਲਿਆਂ ਹੱਥ ਜਾਣੋਂ ਰੋਕਣ ਲਈ ਕਾਨੂੰਨ ਪਾਸ ਕੀਤਾ ਜਾਣਾ, ਸੋਚਿਆ ਜਾਣਾ ਚਾਹੀਦਾ ਹੈ।

***

## ਭਾਰਤ ਦੀ ਆਰਥਿਕਤਾ ਅਤੇ ਅੰਤਰਿਮ ਬਜਟ

ਸਿਹਤ ਤੇ ਵਿਦਿਆ 'ਤੇ ਖਰਚੇ ਬਹੁਤ ਘੱਟ ਕੀਤੇ ਜਾਂਦੇ ਹਨ। ਇਨ੍ਹਾਂ ਦੋਵਾਂ ਸੈਕਟਰਾਂ ਦਾ ਖਰਚਾ ਕੁੱਲ ਬਜਟ ਦਾ 4.12% ਦੇ ਆਸ ਪਾਸ ਬਣਦਾ ਹੈ। ਇਸ ਤੋਂ ਇਨ੍ਹਾਂ ਸੈਕਟਰਾਂ ਦੀ ਮਾੜੀ ਕਾਰਗੁਜ਼ਾਰੀ ਬਾਰੇ ਪਤਾ ਲੱਗਦਾ ਹੈ। ਸਰਕਾਰ ਪਬਲਿਕ ਸੈਕਟਰ ਦੇ ਅਦਾਰੇ ਪ੍ਰਾਈਵੇਟ ਕੰਪਨੀਆਂ ਨੂੰ ਵੇਚਆ ਰਹੀ ਹੈ। ਰੁਜ਼ਗਾਰ ਵਾਸਤੇ ਕੋਈ ਯੋਜਨਾ ਨਹੀਂ ਬਣਾਈ ਗਈ। ਪੇਂਡੂ ਗਰੀਬਾਂ ਵਾਸਤੇ ਮਗਨਰੇਗਾ ਤਹਿਤ ਪੁਰਾਣਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਪਰ 100 ਦਿਨਾਂ ਦੇ ਰੁਜ਼ਗਾਰ ਦਾ ਵਾਅਦਾ ਕਦੇ ਵੀ ਪੂਰਾ ਨਹੀਂ ਕੀਤਾ ਗਿਆ। ਕੰਟਰੋਲਰ ਜਨਰਲ ਅਕਾਊਂਟਸ (ਸੀਜੀਏ) ਦੀ ਰਿਪੋਰਟ ਅਨੁਸਾਰ ਕਰਜ਼ੇ ਦੇ ਵਿਆਜ ਮੋੜਨ 'ਤੇ ਸਰਕਾਰ ਦੇ ਖਰਚੇ ਦਾ 24.49% ਚਲਾ ਜਾਵੇਗਾ; ਮੂਲ ਦੀਆਂ ਕਿਸ਼ਤਾਂ ਅਲੱਗ ਹਨ। ਭਾਰਤ ਸਰਕਾਰ ਸਿਰ ਕਰਜ਼ਾ ਦੇਸ਼ ਦੀ ਆਮਦਨ ਦੇ 80% ਤੋਂ ਵੱਧ ਤੱਕ ਪਹੁੰਚ ਗਿਆ ਹੈ। ਕੌਮਾਂਤਰੀ ਮੁਦਰਾ ਕੋਸ਼ ਨੇ ਸਰਕਾਰ ਨੂੰ ਇਸ ਬਾਰੇ ਖ਼ਬਰਦਾਰ ਵੀ ਕੀਤਾ ਹੈ। ਇਹ ਚਿੰਤਾ ਦਾ ਵਿਸ਼ਾ ਹੈ।

ਵਿੱਤ ਮੰਤਰੀ ਦੇ ਅੰਤਰਿਮ ਬਜਟ ਵਿੱਚ ਟੈਕਸ ਦਰਾਂ, ਆਮਦਨ ਕਰ ਸਲੈਬਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ। ਰਵਾਇਤ ਮੁਤਾਬਕ ਚੋਣਾਂ ਵਾਲੇ ਸਾਲ ਵਿੱਚ ਕੋਈ ਨਵੇਂ ਐਲਾਨ ਨਹੀਂ ਕੀਤੇ ਗਏ। ਸਰਕਾਰ ਦਾ ਵਿੱਤੀ ਘਾਟਾ ਦੇਸ਼ ਦੀ ਆਮਦਨ ਦਾ 5.8% ਰਹਿਣ ਦੀ ਸੰਭਾਵਨਾ ਹੈ। ਇਸ ਦਾ ਅਰਥ ਹੈ, ਸਰਕਾਰ ਆਪਣੇ ਖਰਚੇ ਪੂਰੇ ਕਰਨ ਵਾਸਤੇ ਲੋੜੀਂਦੇ ਸਾਧਨ (ਟੈਕਸ) ਜੁਟਾਉਣ ਵਿਚ ਕਾਮਯਾਬ ਨਹੀਂ ਹੋ ਰਹੀ। ਕਰਜ਼ਾ ਰੇਟਿੰਗ ਏਜੰਸੀ 'ਇਕਰਾ' (ਆਈਸੀਆਰਏ) ਦੀ ਅਰਥ ਵਿਗਿਆਨੀ ਅਦਿਤੀ ਨਯਰ ਅਨੁਸਾਰ ਸਰਕਾਰ ਦਾ ਵਿੱਤੀ ਘਾਟਾ ਦੇਸ਼ ਦੀ ਆਮਦਨ ਦੇ 6% ਦੇ ਕਰੀਬ ਰਹਿਣ ਦੀ ਸੰਭਾਵਨਾ ਹੈ ਜਿਹੜਾ ਸਰਕਾਰ ਦੇ ਟੀਚੇ (4.5%) ਤੋਂ ਕਾਫ਼ੀ ਜ਼ਿਆਦਾ ਹੈ। ਇਹ ਅਨਾਜ ਅਤੇ ਹੋਰ ਖਾਧ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦਾ ਕਾਰਨ ਬਣ ਸਕਦਾ ਹੈ।

ਪਿਛਲੇ ਸਾਲਾਂ ਵਾਂਗ ਆਰਥਿਕਤਾ ਦੇ ਵਿਕਸਤ ਹੋਣ ਦਾ ਸੁਫ਼ਨਾ ਦੁਹਰਾਇਆ ਗਿਆ ਹੈ। ਦਾਅਵਾ ਕੀਤਾ ਹੈ ਕਿ ਆਰਥਿਕਤਾ 2025 ਵਿੱਚ 5 ਟ੍ਰਿਲੀਅਨ ਡਾਲਰ ਹੋ ਜਾਵੇਗੀ ਪਰ ਸੰਸਾਰ ਬੈਂਕ ਅਨੁਸਾਰ ਦਸੰਬਰ 2023 ਨੂੰ ਦੇਸ਼ ਦੀ ਆਰਥਿਕਤਾ 3.78 ਟ੍ਰਿਲੀਅਨ ਡਾਲਰ 'ਤੇ ਹੀ ਪਹੁੰਚ ਸਕੀ ਹੈ। ਇਹ ਬਜਟ ਪਿਛਲੇ ਸਾਲਾਂ ਦੇ ਬਜਟਾਂ ਵਾਂਗ ਕਾਰਪੋਰੇਟ ਘਰਾਣਿਆਂ 'ਤੇ ਆਧਾਰਿਤ ਅਤੇ ਵੱਡੇ ਪ੍ਰਾਈਵੇਟ ਅਦਾਰਿਆਂ ਪੱਖੀ ਆਰਥਿਕ ਸੁਧਾਰਾਂ ਦੀਆਂ ਦਲੀਲਾਂ ਨਾਲ ਭਰਿਆ ਪਿਆ ਹੈ। ਸਰਕਾਰੀ ਕਰਜ਼ੇ ਦਾ ਵਧ ਰਿਹਾ ਬੋਝ ਘਟਾਉਣ ਬਾਰੇ ਸਰਕਾਰ ਕੋਲ ਕੋਈ ਤਜਵੀਜ਼ ਨਹੀਂ ਹੈ। ਪਬਲਿਕ ਸੈਕਟਰ ਨੂੰ ਲਗਾਤਾਰ ਕਮਜ਼ੋਰ ਕੀਤਾ ਜਾਵੇਗਾ। ਵਧ ਰਹੀ ਕੌਮਾਂਤਰੀ ਬੇਯਕੀਨੀ ਦੇ ਦੇਸ਼ ਉੱਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਨੂੰ ਨਜਿੱਠਣ ਵਾਸਤੇ ਸਰਕਾਰ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ। ਹਕੀਕਤ ਇਹ ਹੈ ਕਿ ਕਿਸਾਨੀ ਅਤੇ ਖੇਤੀ ਸੰਕਟ ਦੇ ਹੱਲ, ਨੌਜਵਾਨਾਂ ਦੇ ਰੁਜ਼ਗਾਰ, ਸਿਹਤ ਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਦੇ ਉਦੇਸ਼ਾਂ ਤੋਂ ਇਹ ਬਜਟ ਸੱਖਣਾ ਹੈ।

***

## ਵੱਡਾ ਘੱਲੂਘਾਰਾ ਕੁੱਪ ਰਹੀੜਾ

ਉਸ ਦਾ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਸਿੰਘਾਂ ਤੇ ਬੜੇ ਜ਼ੁਲਮ ਹੋਏ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਤਸ਼ੱਦਦ ਆਪਣੇ ਪਿੰਡੇ ਤੇ ਹੰਢਾ ਕੇ ਧਰਮ ਯੁੱਧ ਵਿਚ ਦ੍ਰਿੜ ਇਰਾਦੇ ਨਾਲ ਜ਼ੁਲਮਾਂ ਦੇ ਥੰਮ ਹਿਲਾ ਦਿੱਤੇ। ਸਿੰਘ ਸਿੰਘਣੀਆਂ ਤੇ ਭੁਝੰਗੀਆਂ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਉਹ ਗਾਉਂਦੇ ਰਹੇ 'ਸਿਰ ਜਾਏ ਤੇ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।' ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਪੈਰ ਪਿਛਾਂਹ ਨਹੀਂ ਹਟਾਇਆ।

ਅੰਤਿਕਾ : ਦੁਨੀਆ ਦੇ ਲੋਕ ਸੂਰਮਾ ਮਰਦ ਉਸ ਨੂੰ ਆਖਦੇ ਹਨ ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇ ਵਜਦੇ ਹਨ। ਜੋ ਮੈਦਾਨਿ-ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ। ਸਮੁੱਚੇ ਤੌਰ 'ਤੇ ਸਾਰਾ ਜਗਤ ਹੀ ਇਕ ਰਣਭੂਮੀ ਹੈ। ਇੱਥੇ ਹਰ ਮਨੁੱਖ ਨੂੰ ਵਿਕਾਰ-ਵੈਰੀਆਂ ਨਾਲ ਟਕਰਾਨਾ ਪੈਂਦਾ ਹੈ। ਅਸਲ ਸੂਰਮਾ ਉਹ ਹੈ ਜੋ ਇਨ੍ਹਾਂ ਵੈਰੀਆਂ ਦੇ ਟਾਕਰੇ ਤੇ ਖੋਲਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦੋਂ ਇਹ ਜੰਗ ਜਿੱਤਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸ ਦੇ ਦਸਮ ਦੁਆਰ ਵਿਚ ਧੌਂਸਾ ਵਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਦੀ ਧੁਹ ਪੈਂਦੀ ਹੈ।

ਹਾਂ ਇਕ ਹੋਰ ਵੀ ਸੂਰਮਾ ਹੈ, ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੈ, ਗਰੀਬ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੇ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ-1105

***

## ਖਿਡਾਰੀਆਂ ਨੂੰ ਨੈਤਿਕ ਸਿੱਖਿਆ

ਖੇਡਾਂ ਦੇ ਸਾਮਾਨ ਦੀ ਅਣਹੋਂਦ ਵਿੱਚ ਵੀ ਤੰਦਰੁਸਤ ਨੌਜਵਾਨ ਖੇਡ ਸਕਦਾ ਹੈ। ਕਈ ਪਰਿਵਾਰ ਆਪਣੇ ਮਿਆਰ ਨੂੰ ਉੱਚਾ ਰੱਖਣ ਲਈ ਘਰ ਵਿੱਚ ਵੱਖ-ਵੱਖ ਖੇਡਾਂ ਦਾ ਸਾਮਾਨ ਇਕੱਠਾ ਕਰਕੇ ਆਪਣੇ ਬੱਚਿਆਂ ਨੂੰ ਉੱਥੇ ਹੀ ਸੀਮਤ ਰੱਖਣਾ ਚਾਹੁੰਦੇ ਹਨ, ਜਿਸ ਕਾਰਨ ਬੱਚੇ ਸਮੂਹਿਕ ਖੇਡਾਂ ਤੋਂ ਵਾਂਝੇ ਰਹਿ ਜਾਂਦੇ ਹਨ। ਅੱਜ ਦੇ ਜ਼ਿਆਦਾਤਰ ਬੱਚੇ ਕੰਪਿਊਟਰ 'ਤੇ ਇਕੱਲੇ ਵੀਡੀਓ ਗੇਮ ਖੇਡਦੇ ਹਨ। ਅਜਿਹੀਆਂ ਖੇਡਾਂ ਰਾਹੀਂ ਮਾਨਸਿਕ ਕਸਰਤ ਤਾਂ ਕੀਤੀ ਜਾ ਸਕਦੀ ਹੈ ਪਰ ਸਰੀਰਕ ਕਸਰਤ ਨਹੀਂ ਕੀਤੀ ਜਾ ਸਕਦੀ।

ਜਿਸ ਤਰ੍ਹਾਂ ਥਕਾਵਟ ਤੋਂ ਬਾਅਦ ਠੰਢੀ ਛਾਂ ਵਿਚ ਬੈਠ ਕੇ ਆਮ ਭੋਜਨ ਖਾਣ ਵਿੱਚ ਆਨੰਦ ਮਹਿਸੂਸ ਹੁੰਦਾ ਹੈ, ਉਸੇ ਤਰ੍ਹਾਂ ਰੋਗੀ ਸਰੀਰ ਨੂੰ ਕਈ ਤਰ੍ਹਾਂ ਦੇ ਪਕਵਾਨਾਂ ਵਿੱਚ ਆਨੰਦ ਨਹੀਂ ਮਿਲਦਾ। ਇਸ ਲਈ ਜਦੋਂ ਬੱਚਾ ਦਿਲਚਸਪੀ ਨਾਲ ਖੇਡਦਾ ਹੈ ਤਾਂ ਉਸ ਦੀ ਪਾਚਨ ਸ਼ਕਤੀ ਵਧਦੀ ਹੈ ਅਤੇ ਉਸ ਨੂੰ ਭੁੱਖ ਜ਼ਿਆਦਾ ਲਗਦੀ ਹੈ। ਅਜਿਹੀ ਸਥਿਤੀ ਵਿੱਚ ਬਿਨਾਂ ਕਿਸੇ ਪਾਊਡਰ ਜਾਂ ਪਾਊਡਰ ਦੀ ਵਰਤੋਂ ਕੀਤੇ ਭੋਜਨ ਨੂੰ ਹਜ਼ਮ ਕਰਨਾ ਅਤੇ ਸਰੀਰ ਨੂੰ ਮਜ਼ਬੂਤ ਬਣਾਉਣਾ, ਇਹ ਸਾਰੀਆਂ ਪ੍ਰਕਿਰਿਆਵਾਂ ਇੱਕ ਆਟੋਮੈਟਿਕ ਮਸ਼ੀਨ ਦੀ ਤਰ੍ਹਾਂ ਪੂਰੀ ਹੋ ਜਾਂਦੀਆਂ ਹਨ। ਅਜਿਹੇ ਬੱਚਿਆਂ ਲਈ ਕਦੇ ਵੀ ਡਾਕਟਰਾਂ ਦੀ ਲੋੜ ਨਹੀਂ ਹੁੰਦੀ। ਇਸ ਤਰ੍ਹਾਂ ਖੇਡਾਂ ਦੇ ਬਹੁਤ ਸਾਰੇ ਫਾਇਦੇ ਹਨ।

ਕੇਵਲ ਉਹੀ ਕੌਮ ਵਿਕਸਤ ਜਾਂ ਸ਼ਕਤੀਸ਼ਾਲੀ ਬਣ ਸਕਦੀ ਹੈ, ਜਿਸ ਦੇ ਨੌਜਵਾਨ ਤੰਦਰੁਸਤ ਹੋਣ। ਇਹ ਤਾਂ ਹੀ ਸੰਭਵ ਹੈ ਜਦੋਂ ਹਰ ਨਾਗਰਿਕ ਆਪਣੇ ਰੁਝੇਵਿਆਂ ਦੇ ਬਾਵਜੂਦ ਖੇਡਾਂ ਲਈ ਸਮਾਂ ਕੱਢੇ।

***

## ਸਾਕਾ ਨਕੋਦਰ ਦੇ 38 ਸਾਲ ਬੀਤ ਜਾਣ ਦੇ

ਜਸਟਿਸ ਗੁਰਨਾਮ ਸਿੰਘ ਦੀ ਰੀਪੋਰਟ ਅਨੁਸਾਰ ਉਸ ਦਿਨ ਇੱਕ ਘੰਟੇ ਵਿੱਚ 3000 ਰਾਊਂਡ ਗੋਲੀ ਚੱਲੀ ਸੀ ਅਤੇ ਸਿੱਖ ਸੰਗਤ ਦਾ ਪਿੱਛਾ ਘੋੜਿਆਂ ਉਤੇ ਕੀਤਾ ਗਿਆ। ਇੱਕ ਦੀ ਮੌਤ ਸ਼ਾਂਤਮਈ ਮਾਰਚ ਚੱਲਣ ਵਾਲੀ ਥਾਂ ਉਤੇ ਹੋਈ ਅਤੇ ਬਾਕੀਆਂ ਨੂੰ ਪਿਛੋਂ ਜਾ ਕੇ ਮਾਰਿਆ ਗਿਆ। ਬਲਧੀਰ ਸਿੰਘ, ਝਿਲਮਣ ਸਿੰਘ ਨੂੰ ਜਿਥੇ ਮਾਰਿਆ ਗਿਆ, ਉਥੇ ਇੱਕ ਗਰੀਬ ਵਿਅਕਤੀ ਦੇ ਦੋ ਬਲਦ ਵੀ ਮਾਰੇ ਗਏ।

ਬਹਿਬਲ ਕਲਾਂ ਗੋਲੀਕਾਂਡ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਜਦੋਂ ਪਹਿਲੀ ਘਟਨਾ ਨੂੰ ਦੱਬਣਾ ਹੋਵੇ ਤਾਂ ਦੂਜੀ ਘਟਨਾ ਨੂੰ ਅੰਜਾਮ ਦਿਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਕੋਦਰ ਗੋਲੀਕਾਂਡ ਅਤੇ ਬਹਿਬਲ ਕਲਾਂ ਗੋਲੀਕਾਂਡ ਦੋਵੇਂ ਯੋਜਨਾਬੱਧ ਸਨ। ਦੋਵੇਂ ਸਮੇਂ ਇਕੋ ਸਰਕਾਰ ਸੀ ਅਤੇ ਉਹੀ ਪੁਲਿਸ ਅਧਿਕਾਰੀ ਸਨ। ਹੁਣ ਤੱਕ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਅਫ਼ਸਰਾਂ ਨੂੰ ਹੀ ਤਰੱਕੀਆਂ ਅਤੇ ਅਹੁਦੇ ਦਿਤੇ ਗਏ ਪਰ ਕੌਮ ਨੇ ਕਿਸੇ ਨੂੰ ਮੁਆਫ਼ ਨਹੀਂ ਕੀਤਾ ਸਿਰਫ਼ ਬਾਦਲ ਦਲ ਨੇ ਹੀ ਬਾਦਲ ਦਲ ਨੂੰ ਮੁਆਫ਼ ਕੀਤਾ ਹੈ।

ਬਲਦੇਵ ਸਿੰਘ ਨੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਦੇ ਨਾਲ ਹੀ ਜਸਟਿਸ ਗੁਰਨਾਮ ਸਿੰਘ ਦੀ ਰੀਪੋਰਟ ਦਾ ਦੂਜਾ ਭਾਗ ਲੁਕਾਉਣ ਵਾਲੇ ਅਫ਼ਸਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਨਸਾਫ਼ ਮਿਲਣਾ ਜਾਂ ਨਾ ਮਿਲਣਾ ਬਹੁਤ ਦੂਰ ਦੀ ਗੱਲ ਹੈ ਪਰ ਸੱਚ ਨੂੰ ਨੰਗਾ ਕਰਨ ਲਈ ਕਿਸੇ ਨੂੰ ਅੱਗੇ ਆਉਣਾ ਪਵੇਗਾ। ਬਲਦੇਵ ਸਿੰਘ ਨੇ ਦਸਿਆ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਕਦੇ ਮੇਰੇ ਕੋਲ ਨਹੀਂ ਆਏ ਅਤੇ ਨਾ ਆ ਸਕਦੇ ਨੇ ਕਿਉਂਕਿ ਉਹ ਝੂਠੇ ਲੋਕ ਹਨ। ਕਾਉਂਕੇ ਸਾਬ੍ਹ ਦੇ ਘਰ ਜਾ ਕੇ ਉਹ ਚੰਗਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਦੇ ਮਨ ਸੱਚੇ ਨਹੀਂ। ਜੋ ਵੀ ਉਨ੍ਹਾਂ ਨੇ ਕੀਤਾ, ਲੋਕ ਭੁੱਲਣ ਵਾਲੇ ਨਹੀ। ਮੁੱਖ ਮੰਤਰੀ ਨੇ ਕਿਹਾ ਸੀ ਕਿ ਨਕੋਦਰ ਵਰਗੇ ਗੋਲੀਕਾਂਡ ਮਾੜੇ ਜ਼ਰੂਰ ਨੇ ਪਰ ਵਾਪਰਦੇ ਰਹਿੰਦੇ ਨੇ ਤਾਂ ਹੀ ਉਹ ਤਿੰਨ ਸੀਟਾਂ ਤਕ ਰਹਿ ਗਏ। ਸਾਕਾ ਨਕੋਦਰ ਦੇ ਇਨਸਾਫ਼ ਲਈ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਬਲਦੇਵ ਸਿੰਘ ਨੇ ਦਸਿਆ ਕਿ 1986 ਤੋਂ 1989 ਤੱਕ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ ਉਨ੍ਹਾਂ ਨਾਲ ਸ਼ਹੀਦਾਂ ਨੂੰ ਯਾਦ ਕਰਦੇ ਸਨ। 25 ਸਾਲ ਬਾਅਦ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼ਹੀਦਾਂ ਨੂੰ ਮਾਨਤਾ ਦਿਤੀ ਗਈ ਅਤੇ 31 ਸਾਲ ਬਾਅਦ ਕਿਰਪਾਲ ਸਿੰਘ ਬਡੂੰਗਰ ਵੱਲੋਂ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲਗਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਇਨਸਾਫ਼ ਅਫ਼ਸਰਸ਼ਾਹੀ ਦੇ ਹੱਥ ਵਿੱਚ ਹੈ ਪਰ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਜਥੇਦਾਰ ਸਾਹਿਬਾਨ ਉਨ੍ਹਾਂ ਕੋਲ ਆਉਂਦੇ ਰਹੇ, ਇਸ ਘੋਲ ਵਿੱਚ ਲੋਕਾਂ ਨੇ ਪਿੱਠ ਨਹੀਂ ਵਿਖਾਈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




Minute to Minute Coverage of Punjab Elections

Punjabi Super Pack
20 channels for only $25/month on
sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290
Visit: sling.com/juspunjabi

for advertisement & more information call: +1-718-752-9293
www.jusbroadcasting.com